ਕੈਨੇਡਾ ਦਰਪਣ

ਜਨਵਰੀ 30, 1987

January 30, 1987

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING JANUARY 30, 1987 Vol. 6 No. 03 Out of Greater Vancouver 65¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

ਕੇਂਦਰ ਨੇ ਬਰਨਾਲਾ ਤੋਂ ਮੁੱਖ ਮੋੜਿਆ

ਪੰਜਾਬ ਸਰਕਾਰ ਟੁੱਟਣ ਕਿਨਾਰੇ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਪੰਜਾਬ ਦੇ ਮੁਖ ਮੰਤਰੀ ਬਰਨਾਲਾ ਨਾਲ ਅਸਫਲ ਗੱਲਬਾਤ ਅਤੇ ਬਾਅਦ 'ਚ ਪ੍ਰਧਾਨ ਮੰਤਰੀ ਵਲੋਂ ਦਿੱਤੇ ਸਖਤ ਬਿਆਨਾਂ ਤੋਂ ਲੱਗਦਾ ਹੈ ਕਿ ਬਰਨਾਲਾ ਸਰਕਾਰ ਹੁਣ ਟੁੱਟਣ ਕਿਨਾਰੇ ਹੈ ਅਤੇ ਰਾਸ਼ਟਰਪਤੀ ਰਾਜ ਲਾਗੂ ਹੋਣ ਦੀ ਖਬਰ ਕਿਸੇ ਵੇਲੇ ਵੀ ਆ ਸਕਦੀ ਹੈ।

ਪੰਜਾਬ 'ਚ ਆਈ ਹਿੰਸਕ ਕਾਰਵਾਈਆ 'ਚ ਤੇਜ਼ੀ ਅਤੇ ਵੱਖ ਵੱਖ ਰਾਜਨੀਤਕ ਪਾਰਟੀਆਂ ਵਲੋਂ ਬਰਨਾਲਾ ਸਰਕਾਰ ਨੂੰ ਬਰਤਰਫ਼ ਕਰਨ ਦੀ ਮੰਗ ਨੇ ਬਰਨਾਲਾ ਸਰਕਾਰ ਦਾ ਭਵਿੱਖ ਧੁੰਦਲਾ ਕਰ ਦਿੱਤਾ ਹੈ। ਕਾਂਗਰਸੀ ਨੇਤਾ ਜੋਗਿੰਦਰ ਪਾਲੇ ਪਾਂਡੇ ਦੇ ਕਤਲ ਤੋਂ ਬਾਅਦ ਪੰਜਾਬ ਕਾਂਗਰਸ ਵੀ ਸਰਕਾਰ ਦੀ ਛੁੱਟੀ ਚਾਹੁੰਦੀ ਹੈ।

16 ਜਨਵਰੀ ਨੂੰ ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ 'ਚ ਹਿਸਾ ਨੂੰ ਕੰਟਰੋਲ ਨਾ ਕਰਨ ਲਈ ਰਾਜੀਵ ਨੇ ਬਰਨਾਲਾ ਸਰਕਾਰ ਦੀ ਆਲੋਚਨਾ ਕੀਤੀ ਅਤੇ ਕਰੜੀ ਕਾਰਵਾਈ ਕਰਨ ਲਈ ਕਿਹਾ।

ਬਾਅਦ 'ਚ 20 ਜਨਵਰੀ ਨੂੰ ਇਕ ਪ੍ਰੈਸ ਕਾਨਫਰੰਸ 'ਚ ਬੋਲਦਿਆਂ ਰਾਜੀਵ ਗਾਂਧੀ ਨੇ ਬਰਨਾਲੇ ਨੂੰ ਆੜ੍ਹੇ ਹੱਥੀਂ ਲਿਆ। ਪ੍ਰਧਾਨ ਮੰਤਰੀ ਨੇ ਬਰਨਾਲਾ 'ਤੇ ਦੋਸ਼ ਲਾਇਆ ਕਿ ਉਹ ਪੰਜਾਬ ਸਮਝੌਤਾ ਲਾਗੂ ਕਰਨ ਲਈ ਆਪਣਾ ਬਣਦਾ ਰੋਲ ਵੀ ਨਹੀਂ ਨਿਭਾ ਰਿਹਾ।

ਰਾਜਨੀਤਕ ਦਰਸ਼ਕਾਂ ਦਾ ਵਿਚਾਰ ਹੈ ਕਿ ਕੇਂਦਰ ਹਰਿਆਣੇ ਦੀਆਂ ਚੋਣਾਂ ਨੂੰ ਧਿਆਨ 'ਚ ਰੱਖਦੇ ਹੋਏ ਪੰਜਾਬ ਸੱਮਸਿਆ ਹੱਲ ਨਹੀਂ ਕਰਨਾ ਚਾਹੁੰਦਾ। ਪੰਜਾਬ ਸਮਝੌਤੇ ਦੀਆਂ ਧਰਾਵਾਂ ਲਾਗੂ ਕਰਕੇ ਹਰਿਆਣੇ ਦੀਆਂ ਚੋਣਾਂ ਜਿੱਤਣੀਆਂ ਕਾਂਗਰਸ ਲਈ ਮੁਸ਼ਕਲ ਹਨ। ਹਰਿਆਣੇ ਦੇ ਵਿਰੋਧੀ ਨੇਤਾਵਾਂ ਚੌਧਰੀ ਦੇਵੀ ਲਾਲ ਅਤੇ ਸੂਰਜ ਭਾਨ ਨੇ ਵੀ ਦੋਸ਼ ਲਾਇਆ ਹੈ ਕਿ ਕੇਂਦਰ ਹੁਣ ਅਸੈਂਬਲੀ ਚੋਣਾਂ ਤੋਂ ਐਨ ਪਹਿਲਾਂ ਰਾਜ ਵਿਚ ਹਿੰਦੂ ਵੋਟਰਾਂ ਨੂੰ ਗੁੰਮਰਾਹ ਕਰਨ ਲਈ ਪੰਜਾਬ ਅੰਦਰ ਕੋਈ ਵੱਡੀ ਮਾਅਰਕੇਬਾਜ਼ੀ ਵਾਲੀ ਕਾਰਵਾਈ ਕਰੇਗਾ। ਉਨ੍ਹਾਂ ਕਿਹਾ ਕਿ ਬਰਨਾਲਾ ਸਰਕਾਰ ਨੂੰ ਭੰਗ ਕਰ ਕੇ ਜਲਦੀ ਪੰਜਾਬ ਨੂੰ ਫੌਜ ਦੇ ਹਵਾਲੇ ਕਰ ਦਿਤਾ ਜਾਏਗਾ। ਅਜਿਹਾ ਬੇਗੁਨਾਹ ਵਿਅਕਤੀਆਂ ਦੀਆਂ ਜਾਨਾਂ ਬਚਾਉਣ ਲਈ ਨਹੀਂ ਸਗੋਂ ਹਰਿਆਣਾ ਵਿਚੋਂ ਹਿੰਦੂ ਵੋਟਾਂ ਵਟੋਰਨ ਲਈ ਕੀਤਾ ਜਾਏਗਾ।

ਪੰਜਾਬ 'ਚ ਹਿੰਸਕ ਘਟਨਾਵਾਂ ਜਾਰੀ

ਜੋਗਿੰਦਰ ਪਾਲੇ ਪਾਂਡੇ ਸਮੇਤ ਕਈ ਹਲਾਕ

ਲੁਧਿਆਣਾ — ਪੰਜਾਬ ਕਾਂਗਰਸ ਆਈ ਦੇ ਜਨਰਲ ਸਕੱਤਰ ਜੋਗਿੰਦਰ ਪਾਲੇ ਪਾਂਡੇ ਦੇ 19 ਜਨਵਰੀ ਨੂੰ ਲੁਧਿਆਣਾ 'ਚ ਅਤਿਵਾਦੀਆਂ ਹੱਥੋਂ ਕਤਲ ਹੋਣ ਤੋਂ ਬਾਅਦ ਪੰਜਾਬ 'ਚ ਕਈ ਹੋਰ ਹਿੰਸਕ ਵਾਰਦਾਤਾਂ ਹੋਣ ਦੀਆਂ ਖਬਰਾਂ ਮਿਲੀਆਂ ਹਨ।



ਕੁਝ ਰਾਜਨੀਤਕ ਹਲਕਿਆਂ ਦਾ ਵਿਚਾਰ ਹੈ ਕਿ ਕੇਂਦਰ ਬਾਦਲ ਅਕਾਲੀ ਦਲ ਨਾਲ ਗੱਲਬਾਤ ਚਲਾ ਰਿਹਾ ਹੈ। ਇਹ ਵੀ ਸੰਭਵ ਹੈ ਕਿ ਹਰਿਆਣੇ ਦੀਆਂ ਚੋਣਾਂ ਤੋਂ ਬਾਅਦ ਕੇਂਦਰ ਬਾਦਲ ਧੜੇ ਅਤੇ ਫੈਡਰੇਸ਼ਨੀਆਂ ਨਾਲ ਨਵਾਂ ਸਮਝੌਤਾ ਕਰਕੇ ਅਕਾਲੀ-ਕਾਂਗਰਸੀ ਕੁਲੀਸ਼ਨ ਲਈ ਰਾਹ ਪੱਧਰਾ ਕਰੇ। ਬਾਦਲ ਧੜਾ ਪਹਿਲਾਂ ਹੀ ਕਾਂਗਰਸ ਨਾਲ ਕੁਲੀਸ਼ਨ ਬਣਾਉਣ ਦੇ ਹੱਕ ਵਿਚ ਹੈ।

20 ਜਨਵਰੀ ਨੂੰ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਲੁਧਿਆਣੇ ਦਾ ਦੌਰਾ ਕੀਤਾ। ਇਕ ਪ੍ਰੈਸ ਕਾਨਫਰੰਸ ਵਿਚ ਬੋਲਦਿਆਂ ਬੂਟਾ ਸਿੰਘ ਨੇ ਕਿਹਾ ਕਿ ਕੇਂਦਰ ਨੇ ਪੰਜਾਬ 'ਤੇ ਸਖਤ ਨਜ਼ਰ ਰੱਖੀ ਹੋਈ ਹੈ ਅਤੇ ਸਰਕਾਰ ਸਖਤ ਫੈਸਲਾ ਕਰਨ ਤੋਂ ਝਿਜਕੇਗੀ ਨਹੀਂ।

ਜੋਗਿੰਦਰਪਾਲ ਪਾਂਡੇ ਦੋ ਵਾਰ ਪੰਜਾਬ ਮੰਤਰੀ ਮੰਡਲ 'ਚ ਮੰਤਰੀ ਵੀ ਰਹਿ ਚੁੱਕਾ ਸੀ। ਪਾਂਡੇ ਦੀ ਕਾਰ ਨੂੰ ਇਕ ਪੈਟਰੋਲ ਪੰਪ ਦੇ ਨੇੜੇ ਰੋਕ ਕੇ ਤਿੰਨ ਅਤਿਵਾਦੀਆਂ ਨੇ ਬਾਡੀਗਾਰਡ ਸਮੇਤ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਅਤੇ ਫਰਾਰ ਹੋ ਗਏ।

ਇਨ੍ਹਾਂ ਕਤਲਾਂ ਦੀ ਖਬਰ ਮਿਲਦਿਆਂ ਹੀ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿਤੀਆਂ। ਹਾਲਤ ਨੂੰ ਦੇਖਦੇ ਹੋਏ ਬਾਅਦ 'ਚ ਲੁਧਿਆਣਾ ਦੇ ਕੁਝ ਇਲਾਕਿਆਂ ਵਿਚ ਅਣਮਿਥੇ ਸਮੇਂ ਲਈ ਕਰਫਿਊ ਲਾ ਦਿੱਤਾ ਗਿਆ।

ਜੋਗਿੰਦਰ ਪਾਲ ਪਾਂਡੇ ਪਿਛਲੀਆਂ ਪਾਰਲੀਮੈਂਟਰੀ ਚੋਣਾਂ 'ਚ ਬਹੁਤ ਘੱਟ ਵੋਟਾਂ ਦੇ ਫਰਕ ਨਾਲ ਹਾਰਿਆ ਸੀ।

ਜਨਵਰੀ ਮਹੀਨੇ ਦੇ ਇਸ ਤੀਜੇ ਹਫਤੇ 'ਚ ਹੋਰ ਵੀ ਕਈ ਹਿੰਸਕ ਘਟਨਾਵਾਂ ਵਾਪਰੀਆਂ ਹਨ। 14 ਜਨਵਰੀ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੜਿਆਲ 'ਚ ਰਿਟਾਇਰਡ ਲੈਫਟੀਨੈਂਟ ਕਰਨਲ ਸੰਤ ਸਿੰਘ ਭੁੱਲਰ ਅਤੇ ਉਹਦੀ ਭਰਜਾਈ ਨੂੰ ਅਤਿਵਾਦੀਆਂ ਨੇ ਕਤਲ ਕਰ ਦਿਤਾ

ਕਰਨਲ ਭੁੱਲਰ ਨੇ ਨੀਲਾ ਤਾਰਾ ਅਪਰੇਸ਼ਨ 'ਚ ਹਿਸਾ ਲਿਆ ਸੀ। ਤਾਜੀਆਂ ਖਬਰਾਂ ਅਨੁਸਾਰ 21 ਜਨਵਰੀ ਨੂੰ ਗੁਰਦਾਸਪੁਰ 'ਚ 2 ਦੁਕਾਨਦਾਰਾਂ ਨੂੰ ਕਤਲ ਕਰ ਦਿਤਾ ਗਿਆ ਅਤੇ ਇਕ ਬੈਂਕ 'ਚੋਂ 4 ਲੱਖ ਰੁਪਏ ਲੁਟ ਲਏ ਗਏ।

ਗੁਰਦਾਸਪੁਰ ਵਿਚ ਭਾਰਤੀ ਜਨਤਾ ਪਾਰਟੀ ਦਾ ਆਗੂ ਰੋਸ਼ਨ ਲਾਲ ਫੱਟੜ ਅਤੇ ਉਸਦਾ ਬਾਡੀਗਾਰਡ ਅਤਿਵਾਦੀਆਂ ਹੱਥੋਂ ਹਲਾਕ ਹੋ ਗਿਆ।

ਬਾਕੀ ਪੰਨਾ 2 'ਤੇ

ਫੈਡਰਲ ਸਰਕਾਰ ਦਾ ਟਰਾਂਸਪੋਰਟ ਮੰਤਰੀ ਬਰਤਰਫ਼



ਅਟਵਾ — ਫੈਡਰਲ ਸਰਕਾਰ ਦੇ ਟਰਾਂਸਪੋਰਟ ਦੇ ਰਾਜ ਮੰਤਰੀ ਆਂਦਰੇ ਬਿਸੋਨੈਟ ਨੂੰ ਜ਼ਮੀਨ ਦੇ ਇਕ ਸਕੈਂਡਲ 'ਚ ਮੰਤਰੀ ਮੰਡਲ ਤੋਂ ਬਰਤਰਫ਼ ਕਰ ਦਿੱਤਾ ਗਿਆ ਹੈ।

ਇਸ ਮੰਤਰੀ ਤੇ ਆਪਣੇ ਚੋਣ ਹਲਕੇ ਦੀ 40 ਹੈਕਟੇਅਰ ਜ਼ਮੀਨ ਦੀ ਗਲਤ ਤਰੀਕੇ ਨਾਲ ਸੌਦੇਬਾਜ਼ੀ ਕਰਨ ਦਾ ਦੋਸ਼ ਲਾਇਆ ਗਿਆ ਹੈ ਬਿਸੋਨੈਟ ਨੇ ਜ਼ਮੀਨ ਦਾ ਠੇਕਾ ਮਿਥੇ ਸਮੇਂ ਤੋਂ ਪਹਿਲਾਂ ਹੀ ਇਕ ਤਿਹਾਈ ਕੀਮਤ 'ਤੇ ਇਕ ਕੰਪਨੀ ਨੂੰ ਦੇ ਦਿੱਤਾ। ਮਾਂਟਰੀਅਲ ਗਜ਼ਟ 'ਚ ਇਸ ਸਕੈਂਡਲ ਵਾਰੇ ਛਪਣ 'ਤੇ ਮਾਮਲਾ ਸਾਹਮਣੇ ਆਇਆ ਅਤੇ ਮੰਤਰੀ ਨੂੰ ਆਪਣੇ ਅਹੁਦੇ ਤੋਂ ਹੱਥ ਧੋਣੇ ਪਏ।

ਮੁਨਰੋ ਨੇ ਐਨ. ਡੀ. ਪੀ ਲੀਡਰ ਬਣਨ ਦਾ ਖਿਆਲ ਤਿਆਗਿਆ



ਵੈਨਕੂਵਰ — ਇੰਟਰਨੈਸ਼ਨਲ ਵੁਡਵਰਕਰਜ਼ ਯੂਨੀਅਨ ਦੇ ਲੀਡਰ ਜੈਕ ਮੁਨਰੋ ਨੇ ਬੀ. ਸੀ. ਐਨ. ਡੀ. ਪੀ. ਦੀ ਲੀਡਰਸ਼ਿਪ ਲੈਣ ਦਾ ਖਿਆਲ ਤਿਆਗ ਦਿਤਾ ਹੈ।

ਜੈਕ ਮੁਨਰੋ ਨੇ ਕਿਹਾ ਕਿ ਉਸਦਾ ਵਿਚਾਰ ਹੈ ਕਿ ਐਨ. ਡੀ. ਪੀ. ਮੈਂਬਰ ਟਰੇਡ ਯੂਨੀਅਨ ਮੂਵਮੈਂਟ ਦੇ ਲੀਡਰ ਨੂੰ ਆਪਣਾ ਮੁਖੀ ਮੰਨਣ ਲਈ ਤਿਆਰ ਨਹੀਂ ਹੋਣਗੇ। ਮੁਨਰੋ ਨੇ ਕਿਹਾ ਕਿ ਉਸਦਾ ਵਿਚਾਰ ਕੈਨੇਡੀਅਨ ਵੁਡਵਰਕਰਜ਼ ਯੂਨੀਅਨ ਦਾ ਨੇਤਾ ਬਣਨ ਦਾ ਹੈ।

ਲੀਡਰ ਦੀ ਦੌੜ 'ਚੋਂ ਮੁਨਰੋ ਦੇ ਹਟਣ ਨਾਲ ਐਨ ਡੀ ਪੀ ਲੀਡਰਸ਼ਿਪ ਲਈ ਹੁਣ ਮਾਈਕ ਹਾਰਕੋਰਟ ਇਕੱਲਾ ਹੀ ਉਮੀਦਵਾਰ ਰਹਿ ਗਿਆ ਹੈ।

ਪੰਨਾ 1 ਦੀ ਬਾਕੀ

ਪੁਲੀਸ ਸੂਤਰਾਂ ਅਨੁਸਾਰ 16 ਜਨਵਰੀ ਨੂੰ 11 ਅਤਿਵਾਦੀ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋ ਗਏ ਜਿਨ੍ਹਾਂ ਵਿਚੋਂ 7 ਘੁਸਪੈਠੀਏ ਸਨ।

ਇਸੇ ਦੌਰਾਨ ਪੁਲੀਸ ਨੇ ਅੰਮ੍ਰਿਤਸਰ ਜ਼ਿਲ੍ਹੇ 'ਚੋਂ 17 ਹੋਰ ਅਤਿਵਾਦੀ ਫੜ ਲੈਣ ਦਾ ਦਾਅਵਾ ਕੀਤਾ ਹੈ।

ਦਿਮਾਗੀ ਮਰੀਜ਼ ਖਰੂਦ ਪਾਉਂਦਾ ਫੜਿਆ



ਵੈਨਕੂਵਰ — ਵੈਨਕੂਵਰ ਪੁਲੀਸ ਨੇ ਫਿਜ਼ੀ ਦੇ ਰਹਿਣ ਵਾਲੇ ਕੁਮੇਲ ਸਿੰਘ ਅਟਵਾਲ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸਨੇ ਕਿ ਦੱਖਣੀ ਵੈਨਕੂਵਰ ਸਥਿਤ ਆਪਣੀ ਮਾਂ ਦੇ ਘਰ 'ਚ ਵੜ ਕੇ ਖਰੂਦ ਪਾਇਆ।

ਪੁਲੀਸ ਦਾ ਕਹਿਣਾ ਹੈ ਕਿ ਇਹ ਵਿਅਕਤੀ ਦਿਮਾਗੀ ਮਰੀਜ਼ ਹੈ ਅਤੇ ਇਸੇ ਸਬੰਧ 'ਚ ਕੁਝ ਸਮਾਂ ਹਸਪਤਾਲ ਰਿਹਾ। ਜੁਲਾਈ 1985 'ਚ ਹਸਪਤਾਲੋਂ ਛੁੱਟੀ ਮਿਲਣ 'ਤੇ ਇਸ ਦੇ ਘਰਦਿਆਂ ਨੇ ਇਸ ਨੂੰ ਵਾਪਸ ਫੀਜੀ ਭੇਜ ਦਿੱਤਾ। ਉਹ ਹੁਣੇ ਹੁਣੇ ਹੀ ਫਿਜੀ ਤਜ਼ਂ ਫਿਰ ਵਾਪਸ ਆ ਗਿਆ।

ਕੁਮੇਲ ਸਿੰਘ ਅਟਵਾਲ ਨੇ 19 ਜਨਵਰੀ ਨੂੰ ਘਰ 'ਚ ਵੜ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਹਨੇ ਹੱਥ 'ਚ ਨੰਗੀ ਤਲਵਾਰ ਫੜੀ ਹੋਈ ਸੀ ਉਹ ਸਿੱਖਾਂ ਦੇ ਦਸਾਂ ਗੁਰੂਆਂ ਦੀਆਂ ਫੋਟੋ ਵੀ ਕੰਧਾਂ 'ਤੇ ਚਿਪਕਾ ਰਿਹਾ ਸੀ। ਪੁਲੀਸ ਨੇ ਅੱਥਰੂ ਗੈਸ ਦੀ ਵਰਤੋਂ ਕਰਕੇ ਉਸਨੂੰ ਕਾਬੂ ਕਰ ਲਿਆ।

ਇਸ ਮਕਾਨ 'ਚ ਅਟਵਾਲ ਦੀ ਮਾਂ ਰਾਜਵੰਤੀ ਆਪਣੇ ਪੋਤੇ ਨਾਲ ਰਹਿੰਦੀ ਹੈ।

ਅਨਇੰਪਲਾਇਮੈਂਟ ਲੈਣ ਲਈ ਹੁਣ 10 ਹਫ਼ਤੇ

ਬਰਨਬੀ — ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਦਫਤਰ ਤੋਂ ਫੂਨ ਰਾਹੀਂ ਸੂਚਨਾ ਮਿਲੀ ਹੈ ਕਿ ਸਟੈਟਿਸਟਿਕਸ ਕੈਨੇਡਾ ਦੇ ਸਰਵੇ ਅਨੁਸਾਰ ਕਨੇਡਾ ਅਨਇੰਪਲਾਈਮੈਂਟ ਸੈਂਟਰ ਨੇ ਫੈਸਲਾ ਕੀਤਾ ਹੈ ਕਿ 18 ਜਨਵਰੀ 1987 ਤੋਂ ਅਨਇੰਮਲਾਈਮੈਂਟ ਲੈਣ ਲਈ ਹੁਣ 10 ਹਫਤੇ ਕਰ ਦਿੱਤੇ ਗਏ ਹਨ। ਜਿਨ੍ਹਾਂ ਫਾਰਮਵਰਕਰਾਂ ਜਾਂ ਕਲੇਮ ਵਾਲਿਆਂ ਨੇ ਅਪੀਲਾਂ ਕੀਤੀਆਂ ਸਨ ਉਹ ਵੀ ਆਪਣੇ ਆਪ ਜਿੱਤ ਲਈਆਂ ਗਈਆਂ ਹਨ।

ਟੋਰੀ ਐਮ. ਪੀ. ਵਲੋਂ ਰਿਫੀਊਜ਼ੀ ਪਾਲਸੀ ਦੀ ਅਲੋਚਨਾ

ਅਟਵਾ — ਟੋਰੀ ਪਾਰਟੀ ਦੇ ਇਕ ਐਮ. ਪੀ. ਰੌਸ ਬੈਲਸ਼ਰ ਨੇ ਮੰਗ ਕੀਤੀ ਹੈ ਕਿ ਜਿਹੜੇ ਦੇਸ਼ਾਂ ਤੋਂ ਲੋਕ ਆ ਕੇ ਰਿਫੀਊਜ਼ੀ ਦਰਜੇ ਦੀ ਮੰਗ ਕਰਦੇ ਹਨ, ਉਨ੍ਹਾਂ ਦੇਸ਼ਾਂ ਦੇ ਲੋਕਾਂ 'ਤੇ ਵੀਜ਼ੇ ਦੀ ਸ਼ਰਤ ਲਾਉਣੀ ਚਾਹੀਦੀ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਇਕ ਹਜ਼ਾਰ ਲੋਕ ਜਿਨ੍ਹਾਂ ਵਿਚ ਬਹੁਤੇ ਗੁਆਟੇਮਾਲਾ ਅਤੇ ਐਲਸਲਵਾਡੋਰ ਨਾਲ ਸਬੰਧ ਰੱਖਦੇ ਹਨ, ਇਸ ਸਾਲ ਜਨਵਰੀ ਦੇ ਪਹਿਲੇ ਦੋ ਹਫਤਿਆਂ 'ਚ ਕੈਨੇਡਾ ਆਏ ਹਨ ਅਤੇ ਸ਼ਰਨਾਰਥੀ ਦਰਜੇ ਦੀ ਮੰਗ ਕਰ ਰਹੇ ਹਨ।

ਰੌਸ ਬੈਲਸ਼ਰ ਨੇ ਕਿਹਾ ਕਿ ਜੇ ਕੈਨੇਡਾ ਨੇ ਵਾਜਬ ਰਿਫੀਊਜ਼ੀ ਪਾਲਸੀ ਕਾਇਮ ਰੱਖਣੀ ਹੈ ਤਾਂ ਕੁਝ ਦੇਸ਼ਾਂ ਤੋਂ ਆਉਂਦੇ ਵਿਜਟਰਾਂ ਲਈ ਵੀਜ਼ਾ ਜ਼ਰੂਰੀ ਕਰਨਾ ਚਾਹੀਦਾ ਹੈ। ਐਮ. ਪੀ. ਨੇ ਸ੍ਰੀ ਲੰਕਾ ਤੋਂ ਆਏ ਤਾਮਿਲਾਂ ਅਤੇ ਤੁਰਕੀਆਂ ਦੇ ਕੇਸਾਂ ਨੂੰ ਹੱਲ ਕਰਨ ਦੇ ਢੰਗ ਦੀ ਆਲੋਚਨਾ ਕੀਤੀ। ਅਖੌਤੀ ਤਾਮਿਲ ਰਿਫਿਊਜ਼ੀਆਂ ਨੂੰ ਸਰਕਾਰ ਨੇ ਉਨ੍ਹਾਂ ਦੇ ਪਤੇ ਜਾਨਣ ਤੋਂ ਪਹਿਲਾਂ ਹੀ ਮਨਿਸਟਰ ਪ੍ਰਮਿਟ ਜਾਰੀ ਕਰ ਦਿੱਤੇ ਤੁਰਕੀਆਂ 'ਤੇ ਵੀਜ਼ਾ ਸਿਸਟਮ ਪਹਿਲਾਂ ਹੀ ਲਾਗੂ ਹੋਣਾ ਚਾਹੀਦਾ ਸੀ।

ਐਮ. ਪੀ. ਨੇ ਹੋਰ ਕਿਹਾ "ਕੋਈ ਵੀ ਵਿਅਕਤੀ ਕੈਨੇਡਾ ਪਹੁੰਚ ਕੇ ਰਫਿਊਜ਼ੀ ਦਰਜੇ ਲਈ ਅਰਜ਼ੀ ਦੇ ਸਕਦਾ ਹੈ। ਕੁਝ ਲੋਕ ਸਿਰਫ ਇਸ ਕਰਕੇ ਹੀ ਅਰਜ਼ੀ ਦੇ ਦਿੰਦੇ ਹਨ ਕਿ ਕਈ ਸਾਲ ਕੇਸ ਦਾ ਫੈਸਲਾ ਹੋਣ ਨੂੰ ਲੱਗ ਜਾਂਦੇ ਹਨ ਜਦ ਤੱਕ ਉਹ ਕਿਤੇ ਨਾ ਕਿਤੇ ਸੈਟ ਹੋ ਜਾਣਗੇ।"

ਪੁਲੀਸ ਨੇ ਦਰਬਾਰ ਸਾਹਿਬ ਕੰਪਲੈਕਸ 'ਤੇ ਛਾਪਾ ਮਾਰਿਆ

ਵਿਲੀਅਮਜ਼ਲੇਕ ਗੁਰਦੁਆਰੇ ਦੀਆਂ ਚੋਣਾਂ 'ਚ ਖਾਲਿਸਤਾਨ ਵਿਰੋਧੀ ਚੌਥੀ ਵਾਰ ਕਾਮਯਾਬ

ਵਿਲੀਅਮਜ਼ਲੇਕ — ਵਿਲੀਅਮਜ਼ਲੇਕ ਦੀਆਂ ਇਸ ਵਾਰੀ ਦੀਆਂ ਚੋਣਾਂ ਵਿਚ ਵੀ ਖਾਲਿਸਤਾਨ ਵਿਰੋਧੀ ਸਲੇਟ ਦੀ ਜਿੱਤ ਹੋਈ ਹੈ। ਜਿੱਤਣ 'ਤੇ ਹਾਰਨ ਵਾਲਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਜੇਤੂ —

ਪ੍ਰਧਾਨ — ਕੁਲਵਰਨ ਸਿੰਘ ਪ੍ਰਮਾਰ — 375 ਵੋਟਾਂ

ਮੀਤ ਪ੍ਰਧਾਨ — ਦਲਜੀਤ ਸਿੰਘ ਉੱਪਲ — 373 ਵੋਟਾਂ

ਸਕੱਤਰ — ਰਾਜਿੰਦਰ ਸਿੰਘ ਅਟਵਾਲ — 386 ਵੋਟਾਂ

ਖਜ਼ਾਨਚੀ — ਦਰਸ਼ਨ ਸਿੰਘ ਧੇਰੜੀ — 380 ਵੋਟਾਂ

ਮੈਂਬਰ — ਹਰਭਜਨ ਸਿੰਘ ਸੰਧੂ — 390 ਵੋਟਾਂ, ਜੋਗਿੰਦਰ ਸਿੰਘ ਗਿੱਲ — 387 ਵੋਟਾਂ, ਦਰਸ਼ਨ ਸਿੰਘ ਬਨਵੈਤ — 361 ਵੋਟਾਂ, ਰਾਜਿੰਦਰ ਸਿੰਘ ਸੈਣੀ — 368 ਵੋਟਾਂ, ਚਰਨਜੀਤ ਸਿੰਘ ਬਹਿਨੀਵਾਲ — 384 ਵੋਟਾਂ, ਇਸਤਰੀ ਮੈਂਬਰ — ਜਸਪਾਲ ਕੌਰ ਗਰੇਵਾਲ — 370 ਵੋਟਾਂ, ਗੁਰਮੀਤ ਕੌਰ ਜੌਹਲ —

ਹਾਰੀ ਹੋਈ ਸਲੇਟ ਦੇ ਨਾਂ ਤੇ ਵੋਟਾਂ —

ਪ੍ਰਧਾਨ — ਕਿਸ਼ਨ ਸਿੰਘ ਪ੍ਰਮਾਰ — 328 ਵੋਟਾਂ

ਮੀਤ ਪ੍ਰਧਾਨ — ਰਘਬੀਰ ਸਿੰਘ ਪੁਰੇਵਾਲ — 321 ਵੋਟਾਂ

ਸਕੱਤਰ — ਹਰਦੀਪ ਸਿੰਘ ਧਾਮੀ — 315 ਵੋਟਾਂ

ਖਜ਼ਾਨਚੀ — ਨਗੀਨਾ ਸਿੰਘ ਰੰਗੀ — 320 ਵੋਟਾਂ

ਮੈਂਬਰ — ਤਰਲੋਚਨ ਸਿੰਘ ਧਾਮੀ — 311 ਵੋਟਾਂ, ਕਸ਼ਮੀਰ ਸਿੰਘ ਨਾਹਲ — 314 ਵੋਟਾਂ, ਭਗਤ ਸਿੰਘ ਸੋਹੀ — 335 ਵੋਟਾਂ, ਬੱਲੀ ਸੰਧੂ — 312 ਵੋਟਾਂ, ਨਿਰਮਲ ਸਿੰਘ ਕਲਕਲ — 314 ਵੋਟਾਂ, ਮਹਿੰਦਰ ਕੌਰ ਬੈਂਸ — 322 ਵੋਟਾਂ।

ਪੰਜਾਬ 'ਚ ਬੀਤੇ ਸਾਲ 85 ਨਾਲੋਂ 6 ਗੁਣਾਂ ਵੱਧ ਲੋਕ ਅੱਤਵਾਦੀਆਂ ਹੱਥੋਂ ਕਤਲ

ਚੰਡੀਗੜ੍ਹ—ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵਲੋਂ ਵਾਰ ਵਾਰ ਇਨ੍ਹਾਂ ਦਾਅਵਿਆਂ ਕਿ ਪੰਜਾਬ ਵਿਚ ਸਥਿਤੀ ਹੌਲੀ ਹੌਲੀ ਸੁਧਰ ਰਹੀ ਹੈ,ਦੇ ਬਾਵਜੂਦ ਰਾਜ ਵਿਚ 1985 ਦੇ ਮੁਕਾਬਲੇ 1986 ਵਿਚ ਦਹਿਸ਼ਤਗਰਦਾਂ ਹੱਥੋਂ 6.6 ਗੁਣਾਂ ਵੱਧ ਲੋਕ ਮਾਰੇ ਗਏ।

ਭਾਰਤੀ ਅਖਬਾਰਾਂ ਨੂੰ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਜੂਲੀਓ ਐਫ.ਰਿਬੇਰੋ ਆਪਣੀਆਂ ਪ੍ਰਾਪਤੀਆਂ ਬਾਰੇ ਲੰਬੇ ਲੰਬੇ ਇੰਟਰਵਿਊ ਦਿੰਦੇ ਰਹੇ ਹਨ। ਮਦਰਾਸ ਦੇ ਇਕ ਪੰਦਰਵਾੜਾ ਅਖਬਾਰ ਅਤੇ ਕੱਲਕੱਤਾ ਦੇ ਇਕ ਰੋਜ਼ਾਨਾ ਅਖਬਾਰ ਨੇ ਤਾਂ ਸ੍ਰੀ ਰਿਬੇਰੋ ਨੂੰ "ਮੈਨ ਆਫ 1986" ਵੀ ਕਰਾਰ ਦੇ ਦਿੱਤਾ। ਪ੍ਰੰਤੂ ਸਮੁੱਚੇ 1985 ਵਿਚ ਦਹਿਸ਼ਤਗਰਦਾਂ ਹੱਥੋਂ ਜਿਥੇ ਪੰਜਾਬ ਵਿਚ 85 ਜਣੇ ਮਾਰੇ ਗਏ ਸਨ, 1986 ਵਿਚ 525 ਜਣੇ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ,ਕੈਪਟਨ ਅਮਰਿੰਦਰ ਸਿੰਘ,ਸੁਖਜਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ (ਲੌਂਗੋਵਾਲ) ਤੋਂ ਵੱਖ ਹੋ ਕੇ ਆਪਣੀ ਪਾਰਟੀ ਬਣਾਏ ਜਾਣ ਪਿਛੋਂ ਦਹਿਸ਼ਤਵਾਦੀ ਹੱਤਿਆਵਾਂ ਵਿਚ ਭਾਰੀ ਵਾਧਾ ਹੋਇਆ ਹੈ।

24000 ਰਿਫਿਊਜ਼ੀ ਵਾਪਸ ਜਾਣਗੇ


ਢਾਕਾ—ਇਥੇ ਇਕਸਰਕਾਰੀ ਬੁਲਾਰੇ ਨੇ ਕਿਹਾ ਕਿ ਦੱਖਣੀ ਬੰਗਲਾ ਦੇਸ਼ ਵਿਚ ਗੁਰੀਲਾ ਯੁੱਧ ਕਾਰਨ ਜਿਹੜੇ ਕਬਾਇਲੀ ਰਿਫਿਊਜ਼ੀ ਭਾਰਤ ਚਲੇ ਗਏ ਸਨ, ਉਹ ਅਗਲੇ ਹਫਤੇ ਵਾਪਸ ਆਉਣੇ ਸ਼ੁਰੂ ਹੋ ਜਾਣਗੇ 24 ਹਜ਼ਾਰ ਰਿਫਿਊਜ਼ੀਆਂ ਦੀ ਵਾਪਸੀ ਸਬੰਧੀ ਭਾਰਤ ਤੇ ਬੰਗਲਾ ਦੇਸ਼ ਦੇ ਅਧਿਕਾਰੀਆਂ ਵਿਚਕਾਰ ਪਿਛਲੇ ਮਹੀਨੇ ਇਕ ਸਮਝੌਤਾ ਹੋ ਗਿਆ ਸੀ। ਇਕ ਅਧਿਕਾਰੀ ਅਨੁਸਾਰ ਢਾਕਾ ਵਲੋਂ ਰਿਫਿਊਜ਼ੀਆਂ ਦੇ ਮੁੜ ਵਸੇਵੇ ਲਈ ਸੀਮਾ ਤੇ ਚੌਕੀਆਂ ਕੋਲ ਸਵਾਗਤੀ ਕੇਂਦਰ ਖੋਲ੍ਹ ਦਿੱਤੇ ਜਾਣਗੇ। ਇਹ ਕਬਾਇਲੀ ਰਿਫਿਊਜ਼ੀ ਪਿਛਲੇ ਸਾਲ ਮਈ ਵਿਚ ਉਸ ਸਮੇਂ ਭਾਰਤੀ ਸੀਮਾ ਪਾਰ ਕਰ ਗਏ ਸਨ ਜਦੋਂ ਸ਼ਾਂਤੀ ਬਹਿਨੀ ਦੇ ਗੁਰੀਲਿਆਂ ਨੇ ਚਿਟਾਗਾਉਂ ਪਹਾੜੀਆ ਵਿਚ ਕਈ ਸਿਪਾਹੀਆਂ ਨੂੰ ਮਾਰ ਦਿੱਤਾ ਸੀ।

6 ਇਸ਼ਤਿਹਾਰੀ ਅਤਿਵਾਦੀ ਫੜਨ ਦਾ ਦਾਅਵਾ

ਅੰਮ੍ਰਿਤਸਰ — ਦਰਬਾਰ ਸਾਹਿਬ ਦੇ ਨਾਲ ਲੱਗਦੀਆਂ ਇਮਾਰਤਾਂ 'ਚ ਛਾਪੇ ਮਾਰ ਕੇ ਪੁਲੀਸ ਨੇ ਲਗਭਗ 100 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਪੁਲੀਸ ਸੂਤਰਾਂ ਅਨੁਸਾਰ ਲਗਭਗ 250 ਪੁਲੀਸ ਤੇ ਸੀ. ਆਰ. ਪੀ. ਦੇ ਸਿਪਾਹੀਆਂ ਨੇ ਸ਼ਨੀਵਾਰ ਰਾਤ ਨੂੰ ਇਸ ਕੰਪਲੈਕਸ ਵਿਚ ਅਤਿਵਾਦੀਆਂ ਦੇ ਲੁਕੇ ਹੋਣ ਦੀ ਖਬਰ ਮਿਲਣ 'ਤੇ ਛਾਪਾ ਮਾਰਿਆ। ਪੁਲੀਸ ਨੇ 6 ਇਸ਼ਤਿਹਾਰੀ ਅਤਿਵਾਦੀਆਂ ਨੂੰ ਫੜ ਲੈਣ ਦਾ ਦਾਅਵਾ ਕੀਤਾ ਹੈ।

ਪੰਜਾਬ ਪੁਲੀਸ ਦੇ ਮੁਖੀ ਜੇ. ਐਫ. ਰੇਬੀਰੋ ਨੇ ਕਿਹਾ ਕਿ ਇਨ੍ਹਾਂ 6 ਵਿਅਕਤੀਆਂ ਦੀ ਕਤਲਾਂ ਦੇ ਕਈ ਕੇਸਾਂ 'ਚ ਲੋੜ ਸੀ।



ਚੁੱਪ ਰਹਿ। ਥੋੜ੍ਹਾ ਸਬਰ ਨਹੀਂ ਹੁੰਦਾ?

ਪੰਜਾਬ ਦੇ ਅਮਨ ਲਈ ਮਰਨ ਵਰਤ ਦਾ ਫੈਸਲਾ

ਬਠਿੰਡਾ — ਇਥੋਂ ਦੇ ਹਿੰਦੂ ਵਕੀਲ ਟੇਕ ਚੰਦ ਨੇ ਦੂਜੇ ਵਕੀਲਾਂ ਦੀ ਹਾਜ਼ਰੀ ਵਿਚ ਐਲਾਨ ਕੀਤਾ ਹੈ ਕਿ ਪੰਜਾਬ ਵਿਚ ਅਮਨ ਦੀ ਵਾਪਸੀ ਲਈ ਉਹ ਗਾਂਧੀ ਦੀ ਸਮਾਧੀ 'ਤੇ ਮਰਨ ਵਰਤ ਸ਼ੁਰੂ ਕਰਨਗੇ।

ਅਮਰੀਕਾ ਤੋਂ ਵਾਪਸੀ 'ਤੇ ਭਾਰਤੀ ਬਦੇਸ਼ ਸਕੱਤਰ ਮੁਸਤ.ਫੀ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਭਾਰਤ ਦੇ ਬਦੇਸ਼ ਸਕੱਤਰ ਏ. ਪੀ. ਵੈਂਕਟੇਸ਼ਵਰਨ ਦਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 'ਅਸਤੀਫਾ' ਮਨਜ਼ੂਰ ਕਰ ਲਿਆ ਹੈ। ਪਰ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਅਸਲ ਵਿਚ ਬਦੇਸ਼ ਸਕੱਤਰ ਨੂੰ ਡਿਸਮਿਸ ਕਰਨ ਦਾ ਵਿਚਾਰ ਸੀ ਪਰ ਅਸਤੀਫੇ ਦੇ ਪਰਦੇ ਹੇਠ ਇਹ ਸਭ ਕੁਝ ਹੋਇਆ ਹੈ।

ਵੈਂਕਟੇਸ਼ਵਰਨ ਨੂੰ ਹਟਾਉਣ ਦਾ ਫੈਸਲਾ ਪ੍ਰਧਾਨ ਮੰਤਰੀ ਦੀ ਪਾਕਿਸਤਾਨ ਫੇਰੀ ਬਾਰੇ ਭੇਦ ਦੱਸਣ ਕਾਰਨ ਕੀਤਾ ਗਿਆ ਦੱਸਿਆ ਜਾਂਦਾ ਹੈ ਪਰ ਰਾਜਸੀ ਦਰਸ਼ਕਾਂ ਦਾ ਵਿਚਾਰ ਹੈ ਕਿ ਬਦੇਸ਼ ਸਕੱਤਰ ਪਿਛਲੇ ਹਫਤੇ ਹੀ ਵਾਸ਼ਿੰਗਟਨ ਦੇ ਦੌਰੇ ਤੋਂ ਵਾਪਸ ਮੁੜ ਕੇ ਗਿਆ ਹੈ ਜਿਥੇ ਉਸਨੇ ਅਮਰੀਕੀ ਅਧਿਕਾਰੀਆਂ ਨਾਲ ਪਾਕਿਸਤਾਨ ਨੂੰ 'ਅਵਾਕਸ' ਜਹਾਜ਼ ਦਿਤੇ ਜਾਣ ਬਾਰੇ ਗੱਲਬਾਤ ਕੀਤੀ ਸੀ। ਜਾਪਦਾ ਹੈ ਕਿ ਪਾਕਿਸਤਾਨ ਦੇ ਮੁਆਮਲੇ ਵਿਚ ਹੀ ਕੋਈ ਅਜਿਹੀ ਘਟਨਾ ਸਾਹਮਣੇ ਆਈ ਹੈ ਜਿਸ ਕਾਰਨ ਬਦੇਸ਼ ਸਕੱਤਰ ਨੂੰ ਲਾਂਭੇ ਕੀਤਾ ਗਿਆ ਹੈ।

ਬਦੇਸ਼ ਸਕੱਤਰ ਲਈ ਜੀ. ਐਸ. ਤੇਜਾ ਦਾ ਨਾਂ ਲਿਆ ਜਾ ਰਿਹਾ ਹੈ

ਕੌਮੀ ਝੰਡੇ ਸਾੜਨ ਦੀ ਕੋਈ ਯੋਜਨਾ ਨਹੀਂ

ਫੈਜ਼ਾਬਾਦ — ਬਾਬਰੀ ਮਸਜਿਦ ਐਕਸ਼ਨ ਕਮੇਟੀ ਦੇ ਕਨਵੀਨਰ ਮੁਨੀਰ ਅਹਿਮਦ ਕੁਰੈਸ਼ੀ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਐਕਸ਼ਨ ਕਮੇਟੀ ਦੀ ਕੌਮੀ ਝੰਡੇ ਸਾੜਨ ਦੀ ਕੋਈ ਯੋਜਨਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਦੇਸ਼ ਭਰ ਦੇ ਮੁਸਲਮਾਨ ਪਹਿਲੀ ਫਰਵਰੀ ਨੂੰ ਰੋਸ ਦਿਵਸ ਮਨਾਉਣਗੇ ਅਤੇ ਆਪਣੇ ਕਾਰੋਬਾਰ ਬੰਦ ਰੱਖਣਗੇ।

ਧੰਨਾ ਸਿੰਘ ਦਾ ਰਿਮਾਂਡ

ਕਪੂਰਥਲਾ — ਅਪਰੈਲ 1986 ਵਿਚ ਹਰਿਮੰਦਰ ਸਾਹਿਬ ਤੋਂ ਖਾਲਿਸਤਾਨ ਦਾ ਐਲਾਨ ਕਰਨ ਵਾਲੀ ਪੰਜ ਮੈਂਬਰੀ ਪੰਥਕ ਕਮੇਟੀ ਦੇ ਮੈਂਬਰ ਧੰਨਾ ਸਿੰਘ ਦਾ ਜੁਡੀਸ਼ਲ ਰਿਮਾਂਡ 31 ਜਨਵਰੀ ਤੱਕ ਵਧਾ ਦਿੱਤਾ ਗਿਆ ਹੈ। ਉਸ ਨੂੰ ਪਿੰਡ ਦਿਆਲਪੁਰਾ ਲਾਗੇ ਸਫਰ ਕਰਦੇ ਸਮੇਂ 14 ਦਸੰਬਰ ਨੂੰ ਇਕ ਬੱਸ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਦੰਭੀ ਰਾਜਨੀਤੀ

ਭਾਰਤ 26 ਜਨਵਰੀ ਨੂੰ ਫਿਰ ਗਣਤੰਤਰ ਦਿਵਸ ਮਨਾ ਰਿਹਾ ਹੈ। ਇਸ ਦਿਨ ਦੀ ਅਹਿਮੀਅਤ ਇਸ ਕਰਕੇ ਹੈ ਕਿ ਇਸ ਦਿਨ ਭਾਰਤ ਦਾ ਸੰਵਿਧਾਨ ਲਾਗੂ ਕੀਤਾ ਗਿਆ ਜੋ ਕਾਨੂੰਨੀ ਮਾਹਿਰਾਂ ਨੇ ਹਰ ਪੱਖੋਂ ਜਮਹੂਰੀਅਤ ਪਸੰਦ ਬਨਾਉਣ ਦੀ ਕੋਸ਼ਿਸ਼ ਕੀਤੀ। ਪਰ ਪਿਛਲੇ 36 ਸਾਲਾਂ ਵਿਚ ਜੋ ਸੰਵਿਧਾਨ ਹਰ ਸ਼ਹਿਰੀ ਨੂੰ ਆਪਣੀ ਭਾਸ਼ਾ, ਧਰਮ ਤੇ ਸਭਿਆਚਾਰਕ ਆਜ਼ਾਦੀ ਦਿੰਦਾ ਹੈ, ਉਸੇ ਸੰਵਿਧਾਨ ਉਤੇ ਦੰਭੀ ਰਾਜਨੀਤੀ ਦਾ ਰਾਜ ਹੈ। ਅੱਜ ਸਾਰਾ ਮੁਲਕ, ਬੋਲੀਆਂ, ਧਰਮਾਂ ਅਤੇ ਸਭਿਆਚਾਰਕ ਮੁਹਾਂਦਰਿਆਂ ਦੀ ਪਛਾਣ ਪਿਛੇ ਲੜ ਝਗੜ ਰਿਹਾ ਹੈ। ਬੋਲੀਆਂ ਦੇ ਆਧਾਰ ਉਤੇ ਸੂਬੇ ਬਣਾਏ ਗਏ ਪਰ ਦੰਭੀ ਰਾਜਨੀਤੀ ਨੇ ਆਪਣੀਆਂ ਖੁਦਗਰਜ਼ ਲੋੜਾਂ ਲਈ ਹੱਦਬੰਦੀਆਂ ਕਰਨ ਸਮੇਂ ਹੇਰਾ ਫੇਰੀਆਂ ਕੀਤੀਆਂ। ਸੰਵਿਧਾਨ ਨੇ ਹਰ ਸਹਿਰੀ ਨੂੰ ਆਪਣੇ ਧਰਮ ਦੀ ਆਜ਼ਾਦੀ ਦੀ ਗਰੰਟੀ ਦਿਤੀ ਪਰ ਦੰਭੀ ਰਾਜਨੀਤੀ ਵੱਖ ਵੱਖ ਧਰਮਾਂ ਦੇ ਲੋਕਾਂ ਨੂੰ ਵਰਗਲਾਕੇ ਇਕ ਦੂਜੇ ਦੇ ਗੱਲ ਪੁਆਉਣ ਲੱਗੀ। ਇਸ ਸਮੇਂ ਸਾਰਾ ਮੁਲਕ ਹਿੰਦੂ-ਮੁਸਲਮ, ਹਿੰਦੂ-ਸਿਖ, ਹਿੰਦੂ-ਈਸਾਈ ਆਦਿ ਦੇ ਝਗੜਿਆਂ ਵਿਚ ਰੁਝਾ ਹੋਇਆ ਹੈ। ਧਰਮ ਦੀ ਆੜ ਥੱਲੇ ਫਸਾਦ ਹੋ ਰਹੇ ਹਨ, ਧਰਮ ਦੀ ਆੜ ਥੱਲੇ ਬੇਗੁਨਾਹ ਲੋਕ ਮਾਰੇ ਜਾ ਰਹੇ ਹਨ ਪਰ ਦੰਭੀ ਰਾਜਸੀ ਲੋਕਾਂ ਦੇ ਕੰਨਾਂ ਤੱਕ ਜੂੰ ਨਹੀਂ ਸਰਕਦੀ। ਉਹ ਆਪਣੀਆਂ ਰਾਜਸੀ ਚਾਲਾਂ ਵਿਚ ਮਸਤ ਹਨ। ਇਹ ਦੰਭੀ ਰਾਜਸੀ ਲੋਕ ਇਕ ਪਾਸੇ ਦੇਸ਼ ਦੀ ਅਖੰਡਤਾ ਅਤੇ ਏਕਤਾ ਦੇ ਨਾਅਰੇ ਲਾਉਂਦੇ ਹਨ ਦੂਜੇ ਪਾਸੇ ਲੋਕਾਂ ਨੂੰ ਭਾਸ਼ਾਵਾਂ ਅਤੇ ਧਰਮਾਂ ਦੇ ਆਧਾਰ ਉਤੇ ਵੰਡੀਆਂ ਪਾ ਕੇ ਲੜਾ ਰਹੇ ਹਨ। ਇਹ ਦੋਗਲਾ ਕਿਰਦਾਰ ਇਨ੍ਹਾਂ ਰਾਜਨੀਤਕਾਂ ਦਾ ਸੁਭਾਅ ਬਣ ਚੁਕਿਆ ਹੈ।

ਇਸੇ ਦੰਭੀ ਰਾਜਨੀਤੀ ਦਾ ਸ਼ਿਕਾਰ ਇਸ ਸਮੇਂ ਪੰਜਾਬ ਹੈ। ਹਰ ਰੋਜ਼ ਦਰਜਨਾਂ ਲੋਕ ਮਰ ਰਹੇ ਹਨ। ਬੇਗੁਨਾਹ ਲੋਕ ਗੋਲੀਆਂ ਨਾਲ ਘਰਾਂ ਵਿਚ ਬੈਠੇ ਭੁੰਨੇ ਜਾ ਰਹੇ ਹਨ, ਬੱਸਾਂ ਵਿਚ ਸਫ਼ਰ ਕਰ ਰਹੇ ਮਾਰੇ ਜਾ ਰਹੇ ਹਨ — ਪਰ ਦੰਭੀ ਰਾਜਸੀ ਲੋਕ ਬਿਆਨਬਾਜ਼ੀ ਤੋਂ ਸਿਵਾ ਕੁਝ ਨਹੀਂ ਕਰ ਰਹੇ ਨਾ ਪੰਜਾਬੀਆਂ ਦੀਆਂ ਮੰਗਾਂ ਵੱਲ ਧਿਆਨ ਦਿਤਾ ਜਾ ਰਿਹਾ ਹੈ, ਨਾ ਕੀਤੇ ਹੋਏ ਸਮਝੌਤੇ ਲਾਗੂ ਕੀਤੇ ਜਾ ਰਹੇ ਹਨ, ਕਮਿਸ਼ਨਾਂ ਦੀਆਂ ਰੀਪੋਰਟਾਂ ਖੂਹ ਖਾਤੇ ਪਾ ਦਿੱਤੀਆਂ ਗਈਆਂ ਹਨ। ਜੋ ਹਾਲਤ 1982 ਵਿਚ ਸੀ ਉਸ ਤੋਂ ਬਦਤਰ ਹਾਲਤ ਇਸ ਸਮੇਂ ਹੈ। ਹਜ਼ਾਰਾਂ ਲੋਕ ਇਸ ਦੰਭੀ ਰਾਜਨੀਤੀ ਦੀ ਭੇਟਾ ਚੜ੍ਹ ਚੁਕੇ ਹਨ ਪਰ ਇਨ੍ਹਾਂ ਲੋਕਾਂ ਸਾਹਮਣੇ ਇਕੋ ਇਕ ਆਸ਼ਾ ਕੁਰਸੀ ਹੈ। ਬਰਨਾਲਾ. ਬਾਦਲ, ਟੌਹੜਾ, ਬਲਵੰਤ ਸਿੰਘ — ਗੱਲ ਕੀ ਸਾਰੇ ਨੇਤਾ ਇਸੇ ਦੌੜ ਵਿਚ ਹਨ ਕਿ 'ਕੁਰਸੀ' ਜੇ ਮਿਲ ਗਈ ਹੈ ਤਾਂ ਖੁਸੇ ਨਾ — ਜੇ ਨਹੀਂ ਮਿਲ ਰਹੀ ਤਾਂ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ। ਪੰਜਾਬ ਦਾ ਸਾਰਾ ਰੌਲਾ ਇਨ੍ਹਾਂ ਦੀਆਂ ਕੁਰਸੀਆਂ ਦੇ ਆਲੇ ਦੁਆਲੇ ਹੀ ਘੁੰਮੀ ਜਾ ਰਿਹਾ ਹੈ।

ਕੇਂਦਰ ਸਰਕਾਰ 'ਕੁਰਸੀ' ਦੀ ਖਿਲ ਸੁੱਟ ਕੇ ਤਮਾਸ਼ਾ ਦੇਖ ਰਹੀ ਹੈ। ਹੁਣ ਬਰਨਾਲਾ ਸਾਹਿਬ ਦਾ ਸਮਾਂ ਪੁੱਗ ਗਿਆ ਹੈ — ਰਾਸ਼ਟਰਪਤੀ ਰਾਜ ਲਾਗੂ ਹੋਵੇਗਾ — ਹਰਿਆਣੇ ਦੀਆਂ ਚੋਣਾਂ ਜਿੱਤੀਆਂ ਜਾਣਗੀਆਂ। 'ਕੁਰਸੀ' ਬਰਨਾਲੇ ਤੋਂ ਬਾਦਲ ਜਾਂ ਅਮਰਿੰਦਰ ਸਿੰਘ ਤੱਕ ਦਾ ਸਫ਼ਰ ਕਰੇਗੀ। ਨੌਜਵਾਨਾਂ ਨੂੰ ਮੋਹਰੇ ਬਣਾ ਕੇ ਵਰਤਿਆ ਜਾਵੇਗਾ। ਸਿਮਰਨਜੀਤ ਸਿੰਘ ਮਾਨ ਵਰਗੇ ਹੀਰੋ ਬਣਾਏ ਜਾਣਗੇ। ਪਰ ਗੱਲ ਇੱਥੇ ਵੀ ਖਤਮ ਨਹੀਂ ਹੋਵੇਗੀ। 'ਕੁਰਸੀ' ਬਾਦਲ ਸਾਹਿਬ ਵੀ ਬਹੁਤੀ ਦੇਰ ਸੰਭਾਲ ਨਹੀਂ ਸਕਣਗੇ। ਦੰਭੀ ਰਾਜਨੀਤੀ ਕੋਈ ਹੋਰ ਚਾਲ ਚੱਲੇਗੀ!

ਪੰਜਾਬ ਦੇ ਮੂਕ ਲੋਕਾਂ ਦੀਆਂ ਖੁੱਲ੍ਹੀਆਂ ਚਿੱਠੀਆਂ

ਮਹਿੰਦਰ ਸਿੰਘ

ਨੌਜਵਾਨਾਂ ਦੇ ਨਾਂ:

ਦੋਸਤੋ!ਇਹ ਰਾਜ ਹੀ ਨਹੀਂ ਸਗੋਂ ਸਮੁੱਚਾ ਦੇਸ਼ ਤੁਹਾਡੀ ਵਿਰਾਸਤ ਹੈ। ਵਰਤਮਾਨ ਸੱਤਾਧਾਰੀ ਵਿਅਕਤੀਆਂ ਵਿਚੋਂ ਲਗਪੱਗ ਇਕ ਤਿਹਾਈ ਅਜਿਹੀ ਉਮਰ ਵਿਚ ਹਨ ਜਿਨ੍ਹਾਂ ਨੂੰ 'ਚੱਲ ਚੁੱਕੇ ਕਾਰਤੂਸ'ਜਾਂ 'ਕੰਧੀ ਉਤੇ ਰੁੱਖੜਾ' ਕਿਹਾ ਜਾ ਸਕਦਾ ਹੈ। ਇਕ ਤਿਹਾਈ ਵਿਅਕਤੀ ਤੁਹਾਡੇ ਤੋਂ ਅਗਲੀ ਪੀੜ੍ਹੀ ਦੇ ਹਨ ਜਿਨ੍ਹਾਂ ਨਾਲ ਤੁਹਾਡੀ ਸਹਿਮਤੀ ਜਾਂ ਮਤਭੇਦ ਹੋਣਾ ਸੁਭਾਵਿਕ ਗੱਲ ਹੈ। ਇਕ ਤਿਹਾਈ ਤੁਹਾਡੇ ਆਪਣੇ ਹਮ-ਉਮਰ ਹਨ। ਹੁਣ ਸਵਾਲ ਇਹ ਹੈ ਕਿ ਆਪਣੇ ਤੋਂ ਅਗਲੀ ਪੀੜ੍ਹੀ ਦੇ ਤੇ ਆਪਣੇ ਹਮ-ਉਮਰਾਂ ਨਾਲ ਮਤਭੇਦ ਹੋਣ ਜਾਂ ਵਿਚਾਰਧਾਰਾ ਵੱਖਰੀ ਹੋਣ ਕਾਰਨ ਅਜਿਹੀ ਗੱਲ ਤਾਂ ਨਹੀਂ ਹੋਣ ਦੇਣੀ ਚਾਹੀਦੀ ਕਿ ਤੁਹਾਡੀ ਵਿਰਾਸਤ ਤਬਾਹ ਹੋਵੇ ਜਾਂ ਤੁਹਾਡੇ ਲਈ 'ਕੰਡੇ ਬੀਜੇ ਜਾਣ'। ਨੌਜਵਾਨ ਦੋਸਤੋ!ਆਉਣ ਵਾਲਾ ਸਮਾਂ ਤੁਹਾਡਾ ਹੈ ਤੇ ਜੇ ਜ਼ਿੰਦਗੀ ਹੱਥੋਂ ਨਿਰਾਸ਼ ਤੇ ਹਤਾਸ਼ ਹੋ ਕੇ ਇਸ ਸਮੇਂ ਦੀ ਗੱਡੀ ਨੂੰ ਗਲਤ ਲੀਹ 'ਤੇ ਪਾ ਦਿੱਤਾ ਜਾਏ ਤਾਂ ਇਸ ਦਾ ਨਤੀਜਾ ਰਾਜ ਲਈ,ਦੇਸ਼ ਲਈ ਤੇ ਸਮਾਜ ਲਈ ਸਿਵਾਏ ਤਬਾਹੀ ਦੇ ਹੋਰ ਕੁਝ ਨਹੀਂ ਹੋ ਸਕਦਾ।

ਇਸ ਵਿਚ ਉਨੀ-ਇੱਕੀ ਦੇ ਫਰਕ ਨਾਲ ਸਹਿਮਤੀ ਹੋ ਸਕਦੀ ਹੈ ਸਮਾਜਕ ਢਾਂਚੇ ਨੇ ਸਮੇਂ ਦੀ ਚਾਲ ਨਾਲ ਕਦਮ ਨਹੀਂ ਮਿਲਾਇਆ। ਵੈਸੇ ਵੀ ਨਵੀਂ ਪੀੜ੍ਹੀ ਆਪਣੇ ਨਾਲੋਂ ਪਿਛਲੀ ਪੀੜ੍ਹੀ ਨਾਲੋਂ ਕਈ ਕਦਮ ਅੱਗੇ ਹੁੰਦੀ ਹੈ,ਪਰ ਇਸ ਦਾ ਮਤਲਬ ਨਹੀਂ ਕਿ ਪਿਛਲੀ ਪੀੜ੍ਹੀ ਬਿਲਕੁਲ ਨਿਕੰਮੀ ਸੀ। ਨੌਜਵਾਨ ਪੀੜ੍ਹੀ ਨੂੰ ਇਹ ਗੱਲ ਬਿਲਕੁਲ ਨਹੀਂ ਭੁਲਣੀ ਚਾਹੀਦੀ ਕਿ ਪਿਛਲੀ ਪੀੜ੍ਹੀ ਹੀ ਉਸ ਦੀ ਬੁਨਿਆਦ ਹੈ। ਨਿਰਾਸ਼ ਤੇ ਹਤਾਸ਼ ਹੋ ਕੇ ਆਪਣੀ ਬਰਬਾਦੀ ਦਾ ਆਪ ਹੀ ਸਾਮਾਨ ਕਰਨਾ ਅਕਲਮੰਦੀ ਤੇ ਦੂਰ ਦ੍ਰਿਸ਼ਟੀ ਵਾਲੀ ਗੱਲ ਨਹੀਂ ਕਹੀ ਜਾ ਸਕਦੀ। ਨਵੀਂ ਪੀੜ੍ਹੀ ਵਿਚ ਜੋਸ਼ ਹੁੰਦਾ ਹੈ ਪਰ ਪੁਰਾਣੀ ਪੀੜ੍ਹੀ ਦਾ ਅਨੁਭਵ ਉਸ ਨੂੰ ਹੋਸ਼ ਦੇ ਰਸਤੇ ਤੋਂ ਪਾਸੇ ਨਹੀਂ ਹੋਣ ਦਿੰਦਾ। ਪਰ ਕੁਝ ਸੁਆਰਥੀ ਲੋਕਾਂ ਨੇ ਹਾਲਾਤ ਨੂੰ ਸਿੱਧੇ ਰਸਤੇ ਵੱਲ ਲੈ ਜਾਣ ਦੀ ਥਾਂ ਨੌਜਵਾਨ ਪੀੜ੍ਹੀ ਨੂੰ ਗਲਤ ਲਾਰੇ ਦਿੱਤੇ,ਗਲਤ ਧਾਰਨਾਵਾਂ ਬਨਾਉਣ ਲਈ ਪ੍ਰੇਰਣਾ ਦਿੱਤੀ ਤੇ ਇਸ ਤਰ੍ਹਾਂ ਪਹਿਲਾਂ ਤੋਂ ਬਣੀਆਂ ਇਖਲਾਕੀ ਕਦਰਾਂ-ਕੀਮਤਾਂ ਨੂੰ ਤਹਿਸ ਨਹਿਸ ਕਰ ਦਿੱਤਾ ਹੈ। ਅੱਗੇ ਨੇਕੀ ਨੂੰ,ਭਲਾਮਾਣਸ ਨੂੰ ਕਿਸੇ ਬੰਦੇ ਦਾ ਮੁਖ ਗੁਣ ਮੰਨਿਆ ਜਾਂਦਾ ਸੀ ਤੇ ਕਿਹਾ ਜਾਂਦਾ ਸੀ ਕਿ ਉਹ 'ਵੱਡੇ ਵੇਲੇ ਉਠ ਕੇ ਨਾਂ ਲੈਣ ਯੋਗ ਹੈ' ਪਰ ਹੁਣ ਇਹ ਕਿਹਾ ਜਾਂਦਾ ਹੈ ਕਿ 'ਉਸ ਨਾਲ ਪੰਜਾਹ ਬੰਦੇ ਹਨ,ਉਸ ਕੋਲ ਹਥਿਆਰ ਹਨ ਤੇ ਉਸ ਦੀ 'ਵਾ ਵੱਲ ਕੋਈ ਨਹੀਂ ਝਾਕ ਸਕਦਾ'। ਯਾਨੀ ਨੇਕਬਖਤੀ ਦੀ ਥਾਂ ਧੱਕੜਸ਼ਾਹੀ ਨੇ ਲੈ ਲਈ ਹੈ।

ਨੌਜਵਾਨ ਦੋਸਤੋ! ਕੁਦਰਤ ਦਾ ਨਿਯਮ ਹੈ ਕਿ ਹਰ ਗੱਲ ਸਮੇਂ ਦੇ ਨਾਲ ਬਦਲਦੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਬੁਨਿਆਦੀ ਹਕੀਕਤਾਂ ਬਦਲ ਜਾਂਦੀਆਂ ਹਨ। ਹਾਂ,ਇਹ ਜ਼ਰੂਰ ਹੈ ਕਿ ਉਨ੍ਹਾਂ ਅਸੂਲਾਂ ਬਾਰੇ ਮਨੁੱਖ ਦਾ ਦ੍ਰਿਸ਼ਟੀਕੋਣ ਬਦਲਦਾ ਰਹਿੰਦਾ ਹੈ। ਸੱਤਾ ਦੀ ਖਾਤਿਰ,ਚੌਧਰ ਦੀ ਖਾਤਿਰ,ਪਰ ਤੁਹਾਨੂੰ ਨਹੀਂ ਭੁੱਲਣਾ ਚਾਹੀਦਾ ਕਿ 'ਰਾਜਨੀਤੀ ਬਦਮਾਸ਼ਾਂ ਦੀ ਅੰਤਿਮ ਪਨਾਹਗਾਰ ਹੈ।' ਏਸੇ ਰਾਜਨੀਤੀ ਦੀ ਟੇਟੇ ਚੜ੍ਹਕੇ ਆਪਣੇ ਵਿਰਸੇ ਨੂੰ ਤਬਾਹੀ ਵੱਲ ਧੱਕਣਾ ਕਿਸੇ ਵੀ ਤਰ੍ਹਾਂ ਦੂਰ ਦ੍ਰਿਸ਼ਟੀ ਵਾਲੀ ਗੱਲ ਨਹੀਂ ਕਹੀ ਜਾ ਸਕਦੀ,ਖਾਸ ਕਰ ਕੇ ਉਸ ਪੀੜ੍ਹੀ ਦੇ ਨੌਜਵਾਨਾਂ ਲਈ ਜਿਹੜੇ 'ਇਲੈਕਟ੍ਰਾਨਿਕ ਯੁੱਗ' ਦੇ ਹਨ। ਇਨ੍ਹਾਂ ਆਧੁਨਿਕ ਨੌਜਵਾਨਾਂ ਨੂੰ ਘੜੀ ਦੀ ਸੂਈ ਪਿਛੇ ਨੂੰ ਨਹੀਂ,ਅੱਗੇ ਨੂੰ ਤੁਰਦੀ ਦੇਖਣੀ ਚਾਹੀਦੀ ਹੈ ਅਤੇ ਅਜਿਹੀਆਂ ਧਾਰਨਾਵਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਜਿਹੜੀਆਂ ਉਨ੍ਹਾਂ ਦੇ ਵਿਰਸੇ ਨੂੰ ਬਰਬਾਦ ਕਰਦੀਆਂ ਹਨ ਜਾਂ ਕਰ ਸਕਦੀਆਂ ਹਨ। ਖਾਸ ਕਰ ਕੇ ਇਹ ਮਹਿਸੂਸ ਕਰਦਿਆਂ ਹੋਇਆਂ ਕਿ ਉਨ੍ਹਾਂ ਦਾ ਭਵਿੱਖ ਹਨੇਰਾ ਕੀਤਾ ਜਾ ਰਿਹਾ ਹੈ ਜਾਂ ਉਨ੍ਹਾਂ ਦੇ ਭਵਿੱਖ ਨਾਲ ਖਿਲਵਾੜ ਕੀਤੀ ਜਾ ਰਹੀ ਹੈ। ਨੌਜਵਾਨਾਂ ਨੂੰ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹੋਣਾ ਪਏਗਾ ਤਾਂ ਜੋ ਤੰਗ ਨਜ਼ਰੀ ਵਾਲੀ ਕੋਈ ਸੋਚਣੀ ਉਨ੍ਹਾਂ ਦੇ ਵਿਰਸੇ ਦੀ ਬਰਬਾਦੀ ਦਾ ਕਾਰਨ ਨਾ ਬਣੇ।

ਪ੍ਰਧਾਨ ਮੰਤਰੀ,ਪੰਜਾਬ ਦੇ ਮੁਖ ਮੰਤਰੀ ਤੇ ਹੋਰ ਰਾਜਸੀ ਨੇਤਾਵਾਂ ਦੇ ਨਾਂ:

ਮਹਾਨਭਾਵੋ!ਤੁਹਾਡੇ ਹੱਥਾਂ ਵਿਚ ਦੇਸ਼ ਦੀ,ਰਾਜ ਦੀ ਤੇ ਲੋਕ ਰਾਏ ਦੀ ਵਾਗਡੋਰ ਹੈ। ਇਸ ਵਾਗਡੋਰ ਦੀ ਵਰਤੋਂ ਇਸ ਢੰਗ ਨਾਲ ਕਰਨਾ ਕਿ ਜਿਸ ਨਾਲ ਸਮੁੱਚੇ ਸਮਾਜ ਵਿਚ ਉਥਲ ਪੁੱਥਲ ਹੋਵੇ,ਕਿਸੇ ਤਰ੍ਹਾਂ ਵੀ ਦੂਰ-ਅੰਦੇਸ਼ੀ ਵਾਲੀ ਗੱਲ ਨਹੀਂ ਕਹੀ ਜਾ ਸਕਦੀ। ਪੰਜਾਬ ਦਾ ਮਸਲਾ ਪੰਜਾਬ ਹੀ ਨਹੀਂ,ਸਮੁੱਚੇ ਦੇਸ਼ ਦਾ ਮਸਲਾ ਹੈ। ਇਹ ਨਾ ਸਿੱਖਾਂ ਦਾ ਮਸਲਾ ਰਹਿ ਗਿਆ ਹੈ,ਨਾ ਹਿੰਦੂਆਂ ਦਾ,ਨਾ ਪੰਜਾਬੀ ਦਾ,ਨਾਂ ਹਿੰਦ ਦਾ ਤੇ ਨਾ ਹੀ ਚੰਡੀਗੜ੍ਹ ਦਾ। ਇਹ ਤਾਂ ਇਕ ਅਜਿਹਾ ਗੋਰਖ ਧੰਦਾ ਬਣ ਗਿਆ ਹੈ ਜਿਸ ਦਾ ਹੱਲ ਜੇ ਇਸ ਨੂੰ ਉਲਝਾਉਣ ਵਾਲਾ ਵੀ ਲੱਭੇ,ਨਹੀਂ ਲੱਭ ਸਕੇਗਾ ਇਹ ਪੰਜਾਬ ਦੀ ,ਪੰਜਾਬੀਆਂ ਦੀ ਤੇ ਦੇਸ਼ ਦੀ ਬਦਕਿਸਮਤੀ ਹੈ ਕਿ ਪਹਿਲਾਂ ਇਸ ਨੂੰ ਪੰਜਾਬੀ ਦੇ ਨਾਂ 'ਤੇ,ਫਿਰ ਸਿੱਖਾਂ ਦੇ ਨਾਂ 'ਤੇ ਪੇਸ਼ ਕੀਤਾ ਗਿਆ ਜਿਸ ਨਾਲ ਉਲਝਣਾਂ ਵਧੀਆਂ ਹੀ ਹਨ,ਘਟੀਆਂ ਨਹੀਂ। ਜੇ ਡੂੰਘਾਈ ਨਾਲ ਦੇਖਿਆ ਜਾਏ ਤਾਂ ਪਤਾ ਲੱਗੇਗਾ ਕਿ ਪੰਜਾਬੀ ਦੇ ਜ਼ੋਰਦਾਰ ਮੁਦਈ ਆਪ ਹੀ ਇਸ ਦਾ ਬੇੜਾ ਗਰਕ ਕਰ ਰਹੇ ਹਨ। ਇਕ ਸਮਾਂ ਸੀ ਪੰਜਾਬੀ ਕੁੱਲੂ ਤੋਂ ਲੈ ਕੇ ਪਲਵਲ ਤਕ ਤੇ ਪਾਕਿਸਤਾਨ ਦੀ ਹੱਦ ਤੋਂ ਲੈ ਕੇ ਦਿੱਲੀ ਤਕ ਬੋਲੀ ਜਾਂਦੀ ਸੀ। ਪਰ ਇਸ ਦਾ ਮੁਦਈ ਬਣਨ ਦੇ ਦਾਅਵੇਦਾਰਾਂ ਨੇ ਸੱਤਾ ਦੀ ਭੁੱਖ ਮਿਟਾਉਣ ਲਈ ਇਸ ਨੂੰ ਅੰਬਾਲੇ ਤਕ,ਪਠਾਨਕੋਟ ਤਕ ਸੀਮਤ ਕਰ ਦਿਤਾ। ਜਿਸ ਭੁੱਖ ਨੇ ਇਹ ਕਾਰਾ ਕਰਵਾਇਆ ਸੀ,ਉਹ ਨਾ ਮਿਟੀ। ਇਸ ਹਾਲਤ ਵਿਚ ਆਪਣੀ ਮਾਂ ਬੋਲੀ ਤੋਂ ਇਨਕਾਰੀ ਹੋਣ ਵਾਲੇ ਲੋਕ ਵੀ ਘੱਟ ਦੋਸ਼ੀ ਨਹੀਂ।

ਮਹਾਂਰਥੀ ਸੱਜਣੋਂ!ਪੰਜਾਬ ਦੇ ਮੂਕ ਲੋਕ ਬੇਨਤੀ ਕਰਦੇ ਹਨ ਕਿ ਪੰਜਾਬ ਦੇ ਨਾਲ ਖਿਲਵਾੜ ਕਰਨ ਵਾਲੇ ਲੋਕਾਂ ਦੀਆਂ ਸ਼ਾਤਰੀ ਚਾਲਾਂ ਨੂੰ ਸਮਝੋ,ਜੇ ਸਮਝ ਸਕਦੇ ਹੋ ਤਾਂ। ਨਹੀਂ ਤਾਂ ਇਹ ਵਪਾਰੀ ਆਪਣਾ ਜ਼ਹਿਰ ਵੇਚੀ ਜਾਣਗੇ ਤੇ ਇਸ ਦਾ ਨਤੀਜਾ ਲਾਇਲਾਜ ਵਾਲੀ ਹਾਲਤ 'ਤੇ ਪਹੁੰਚ ਜਾਏਗਾ। ਇਸ ਲਈ ਤੁਹਾਨੂੰ ਤੰਗਨਜ਼ਰੀ ਵਾਲੀ ਵਿਚਾਰਧਾਰਾ ਤੋਂ ਸਾਵਧਾਨ ਰਹਿ ਕੇ ਉਹ ਰਸਤਾ ਅਪਨਾਉਣਾ ਹੋਏਗਾ ਜਿਸ ਨਾਲ 'ਮੂਕ ਪੰਜਾਬੀਆਂ ਦੀ ਬਹੁਗਿਣਤੀ' ਤੁਹਾਡੀ ਹਮਾਇਤ ਕਰ ਕੇ ਇਸ ਰਾਜ ਨੂੰ ਨਹੀਂ,ਸਮੁੱਚੇ ਦੇਸ਼ ਨੂੰ ਤਬਾਹ ਹੋਣ ਤੋਂ ਬਚਾਉਣ ਵਿਚ ਮਦਦ ਕਰ ਸਕੇ ਇਸ ਲਈਤੁਹਾਡੀ ਇਹ ਜ਼ਿਮੇਵਾਰੀ ਬਣਦੀ ਹੈ ਕਿ ਤੁਸੀਂ ਇਸ 'ਮੂਕ ਬਹੁ ਗਿਣਤੀ' ਦੇ ਵਿਸ਼ਵਾਸ ਪਾਤਰ ਬਣੋ। ਇਹ ਵਿਸ਼ਵਾਸ ਵੋਟਾਂ ਲੈ ਕੇ ਸੱਤਾ ਵਿਚ ਆ ਜਾਣ ਨਾਲ ਹੀ ਨਹੀਂ ਬਣਨਾ। ਇਸ ਲਈ 'ਮੂਕ ਬਹੁ ਗਿਣਤੀ' ਨੂੰ ਨਾਲ ਲੈ ਕੇ ਤੁਰਨਾ ਪਏਗਾ ਜਿਸ ਦਾ'ਰਾਜਨੀਤਕ ਘਚੋਲਿਆਂ' ਵਿਚ ਵਿਸ਼ਵਾਸ ਨਹੀਂ। ਹਾਲਾਤ ਤਾਂ ਇਹ ਕਹਿੰਦੇ ਹਨ ਕਿ 'ਵੱਧ ਤੇ ਉਚੀ ਆਵਾਜ਼ ਵਿਚ ਸ਼ੋਰ' ਕਰਨ ਵਾਲਿਆਂ ਦੀ ਹੀ 'ਸੁਣੀ' 'ਮੰਨੀ' ਜਾਂਦੀ ਹੈ,ਤੁਹਾਨੂੰ ਇਸ ਅਹਿਸਾਸ ਨੂੰ ਰੋਕਣ ਲਈ ਕਦਮ ਚੁੱਕਣੇ ਪੈਣਗੇ।

ਪੰਜਾਬ ਮਸਲੇ ਨੂੰ ਭਾਸ਼ਨ ਤੇ ਜਵਾਬੀ ਭਾਸ਼ਨ ਦੇ ਕੇ ਹੱਲ ਨਹੀਂ ਕੀਤਾ ਜਾ ਸਕੇਗਾ। ਇਹ ਤਾਂ ਇਸ ਭਾਵਨਾ ਨਾਲ ਹੱਲ ਹੋਏਗਾ ਕਿ ਕਿਸੇ ਦੀ ਹਾਰ ਜਿੱਤ ਵਾਲੀ ਗੱਲ ਨਾ ਹੋਵੇ,ਦੇਸ਼ ਦਾ ਹਿਤ ਮੁੱਖ ਹੋਵੇ। 1947 ਤੋਂ ਹੁਣ ਤਕ ਸਮਗਲਰਾਂ-ਰਾਜਸੀ ਚੌਧਰੀਆਂ-ਅਫਸਰਸ਼ਾਹੀ ਨੇ ਦਰਖਤ ਉਤੇ ਪਈ ਅਮਰ ਵੇਲ ਵਾਂਗ ਪੰਜਾਬ ਦੀ ਹੀ ਨਹੀਂ,ਸਮੁੱਚੇ ਦੇਸ਼ ਦੀ ਆਰਥਿਕਤਾ,ਸਮਾਜੀ ਬਣਤਰ ਤੇ ਦ੍ਰਿਸ਼ਟੀਕੋਣ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਪਕੜ ਦਾ ਨਤੀਜਾ ਵਰਤਮਾਨ ਹਾਲਾਤ ਦਾ ਮੁੱਖ ਕਾਰਨ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ ਕੁਝ ਸਾਲਾਂ ਵਿਚ ਕਈ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ। ਜਿਨ੍ਹਾਂ ਨੇ ਪੰਜਾਬ ਦੇ ਹੀ ਨਹੀਂ,ਸਮੁੱਚੇ ਦੇਸ਼ ਦੇ ਤਾਣੇ ਬਾਣੇ ਨੂੰ ਜ਼ੋਰਦਾਰ ਝਟਕਾ ਦਿੱਤਾ ਹੈ। ਪਰ ਇਸ ਝਟਕੇ ਜਾਂ ਇਨ੍ਹਾਂ ਘਟਨਾਵਾਂ ਨਾਲ ਕਿਸੇ ਇਕੋ ਵਰਗ ਦਾ ਅਪਮਾਨ,ਨੁਕਸਾਨ ਤੇ ਨਿਰਾਦਰ ਨਹੀਂ ਹੋਇਆ। ਸਮੁੱਚੀ ਮਨੁੱਖਤਾ ਵਲੂੰਧਰੀ ਗਈ ਹੈ।

ਬਾਕੀ ਪੰਨਾ 5 'ਤੇ

ਸੁਰਕਸ਼ਾ ਸੰਮਤੀ ਵਲੋਂ ਕੇਂਦਰ ਨੂੰ 25 ਤੱਕ ਅਲਟੀਮੇਟਮ

ਅੰਮ੍ਰਿਤਸਰ — ਰਾਸ਼ਟਰੀ ਸੁਰਕਸ਼ਾ ਸੰਮਤੀ ਨੇ ਦਹਿਸ਼ਤਪਸੰਦਾਂ ਹੱਥੋਂ ਹੋਈਆਂ ਹਤਿਆਵਾਂ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਮੰਗ ਕੀਤੀ ਹੈ ਕਿ ਬਰਨਾਲਾ ਵਜ਼ਾਰਤ ਦਹਿਸ਼ਤਵਾਦ ਉਪਰ ਕੰਟਰੋਲ ਕਰਨ ਲਈ ਪੂਰੀ ਤਰ੍ਹਾਂ ਅਸਫਲ ਰਹੀ ਹੈ, ਇਸ ਲਈ ਇਹ ਅਸਤੀਫਾ ਦੇ ਦੇਵੇ। ਸੰਮਤੀ ਨੇ ਕੇਂਦਰ ਸਰਕਾਰ ਕੋਲੋਂ ਵੀ ਮੰਗ ਕੀਤੀ ਹੈ ਕਿ ਉਹ ਬਰਨਾਲਾ ਵਜ਼ਾਰਤ ਤੁਰਤ ਭੰਗ ਕਰੇ ਕਿਉਂਕਿ ਰਾਜ ਸਰਕਾਰ ਦੇ ਇਨ੍ਹਾਂ ਦਾਅਵਿਆਂ ਦੇ ਬਾਵਜੂਦ ਕਿ ਉਹ ਇਸ ਨੂੰ ਅਸਰਦਾਇਕ ਢੰਗ ਨਾਲ ਠੱਲ੍ਹ ਪਾਵੇਗੀ, ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਅਜੇ ਵੀ ਬੇਰੋਕ ਹੋ ਰਹੀਆਂ ਹਨ। ਮੀਟਿੰਗ ਵਿਚ ਕਿਹਾ ਗਿਆ ਹੈ ਕਿ ਰੋਜ਼ਾਨਾ ਕਤਲਾਂ ਦੀਆਂ ਵਾਰਦਾਤਾਂ ਇਸ ਗੱਲ ਦਾ ਸਬੂਤ ਹਨ।

ਸੰਮਤੀ ਨੇ ਪੰਜਾਬ ਸਰਕਾਰ ਵਲੋਂ ਬ੍ਰਹਮਪੁਰਾ ਵਿਚ ਅਤਿਵਾਦੀਆਂ ਦੇ ਸਮਰਥਕਾਂ ਦੀ ਕਾਨਫਰੰਸ ਕੀਤੇ ਜਾਣ ਲਈ ਆਗਿਆ ਦੇਣ ਦਾ ਵੀ ਸਖਤ ਨੋਟਿਸ ਲਿਆ ਜਿਥੇ ਦਹਿਸ਼ਤਪਸੰਦਾਂ ਦੀਆਂ ਕਾਰਵਾਈਆਂ ਦੀ ਬੁਲਾਰਿਆਂ ਨੇ ਵਡਿਆਈ ਕੀਤੀ ਤੇ ਸੀ. ਆਰ. ਪੀ. ਦੀ ਕਰੜੀ ਅਲੋਚਨਾ ਕੀਤੀ। ਸੰਮਤੀ ਨੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਹੀ ਹਨ ਜਿਨ੍ਹਾਂ ਕਰਕੇ ਪੰਜਾਬ ਵਿਚ ਹਰ ਰੋਜ਼ ਕਤਲ ਹੋ ਰਹੇ ਹਨ। ਸੰਮਤੀ ਨੇ ਕੇਂਦਰ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ 25 ਜਨਵਰੀ ਤੱਕ ਕੇਂਦਰ ਸਰਕਾਰ ਨੇ ਪੰਜਾਬ ਅੰਦਰ ਇਨ੍ਹਾਂ ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਨੂੰ ਕਾਬੂ ਨਾ ਕੀਤਾ ਤਾਂ ਕੇਂਦਰ ਨੂੰ ਜਗਾਉਣ ਵਾਸਤੇ ਸੰਮਤੀ ਇਹ ਸੰਘਰਸ਼ ਗਲੀ ਗਲੀ ਲੈ ਆਵੇਗੀ ਤੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਕਮਜ਼ੋਰੀਆਂ ਨੂੰ ਘਰਾਂ ਦੀਆਂ ਛੱਤਾਂ 'ਤੇ ਚੜ੍ਹ ਕੇ ਨਸ਼ਰ ਕਰੇਗੀ।

ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਪ੍ਰਧਾਨ ਕ੍ਰਿਸ਼ਨ ਚੋਪੜਾ ਨੇ ਵੀ ਜ਼ਿਲਾ ਅੰਮ੍ਰਿਤਸਰ ਵਿਚ ਹੋਈਆਂ ਹਤਿਆਵਾਂ ਦੀ ਜ਼ੋਰਦਾਰ ਨਿੰਦਾ ਕੀਤੀ ਤੇ ਇਸ ਸਬੰਧ ਵਿਚ ਪ੍ਰਧਾਨ ਮੰਤਰੀ ਦੇ ਰੋਲ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਇੰਜ ਜਾਪਦਾ ਹੈ ਜਿਵੇਂ ਪੰਜਾਬ ਸੰਕਟ ਦੇ ਹੱਲ ਲਈ ਨਾ ਪੰਜਾਬ ਸਰਕਾਰ ਗੰਭੀਰ ਹੈ ਤੇ ਨਾ ਹੀ ਕੇਂਦਰ ਸਰਕਾਰ। ਉਨ੍ਹਾਂ ਕਿਹਾ ਕਿ ਇੰਨੇ ਕਤਲਾਂ ਨਾਲ ਪੰਜਾਬ ਤਾਂ ਦਿਨ-ਬ-ਦਿਨ ਕਬਰਸਤਾਨ ਬਣਦਾ ਜਾ ਰਿਹਾ ਹੈ।

ਪੰਨਾ 4 ਦੀ ਬਾਕੀ

ਮਹਾਂਰਥੀਓ! ਇਨਾਂ ਹਾਲਾਤਾਂ ਵਿਚ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ ਆਪਣੇ ਸੌੜੇ ਰਾਜਸੀ ਹਿਤਾਂ ਤੋਂ ਉਪਰ ਉਠ ਕੇ,ਸਮੁੱਚੇ ਦੇਸ਼ ਦੇ ਹਿਤ ਵਿਚ ਪੰਜਾਬ ਦੀ ਗੁੱਥੀ ਨੂੰ ਹੱਲ ਕਰ ਦਿਓ। ਜਿਹੜੇ ਲੋਕ ਇਸ ਨੂੰ ਪੰਜਾਬੀ ਦਾ,ਸਿੱਖੀ ਦਾ ਜਾਂ ਹਿੰਦੂਆਂ ਦਾ ਮਸਲਾ ਜਾਂ ਘੱਟ ਗਿਣਤੀ,ਜਾਂ ਬਹੁਗਿਣਤੀ ਦਾ ਸਵਾਲ ਬਣਾ ਕੇ ਪੇਸ਼ ਕਰਦੇ ਹਨ ਉਨ੍ਹਾਂ ਤੋਂ ਸਾਵਧਾਨ ਹੋਣ ਦੀ ਲੋੜ ਹੈ। ਇਹ ਲੋਕ ਰੌਲਾ ਹਿੰਦੀ ਜਾਂ ਪੰਜਾਬੀ ਦਾ ਪਾਉਂਦੇ ਹਨ,ਪਰ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੜ੍ਹਾਉਂਦੇ ਹਨ। ਇਹ ਨਾਅਰਾ ਦੇਸ਼ ਭਗਤੀ ਦਾ ਦਿੰਦੇ ਹਨ ਪਰ ਵਿਚੋਂ ਇਸ ਦੀਆਂ ਜੜ੍ਹਾਂ ਵੱਢਦੇ ਹਨ।

ਪ੍ਰਧਾਨ ਮੰਤਰੀ ਜੀ,ਮੁਖ ਮੰਤਰੀ ਜੀ ਤੇ ਹੋਰ ਨੇਤਾ ਗਣੋ 'ਮੂਕ ਬਹੁ ਗਿਣਤੀ' ਵਰਤਮਾਨ ਹਾਲਤ ਤੋਂ ਬਹੁਤ ਦੁਖੀ ਹੈ,ਨਿੱਤ ਦਿਨ ਵਲੂੰਧਰੀ ਜਾ ਰਹੀ ਮਾਨਵਤਾ ਤੋਂ ਇਸ ਦਾ ਹਿਰਦਾ ਦੁਖੀ ਹੈ। ਇਹ ਸੌੜੇ ਵਿਚਾਰਾਂ ਵਾਲੇ ਰਾਜਸੀ ਨੇਤਾਵਾਂ ਹੱਥੋਂ ਅੱਕ ਗਈ ਹੈ। ਪਰ ਇਸ ਦੀ ਸਭ ਤੋਂ ਵੱਡੀ ਮਜਬੂਰੀ ਜਾਂ ਕਮਜ਼ੋਰੀ ਇਹ ਹੈ ਕਿ ਅਜਿਹੀ ਅਗਵਾਈ,ਅਜਿਹਾ ਵਿਸ਼ਵਾਸ ਭਾਲਦੀ ਹੈ ਜਿਹੜਾ ਇਸ ਦੀ ਡਾਵਾਂ ਡੋਲ ਮਨ-ਸਥਿਤੀ ਨੂੰ ਟਿਕਾ ਵਿਚ ਲਿਆ ਸਕੇ। ਇਹ ਤੁਹਾਡੀ ਜ਼ਿਮੇਵਾਰੀ ਹੈ। ਮਸਲਾ ਚੰਡੀਗੜ੍ਹ ਜਾਂ ਕੁਝ ਇਲਾਕਿਆਂ ਦਾ ਹੀ ਨਹੀਂ,ਮਸਲਾ ਤਾਂ ਸਵੈਮਾਨ ਦਾ ਤੇ ਉਹ ਵੀ ਝੂਠੇ ਤੇ ਫੋਕੇ ਸਵੈਮਾਨ ਦਾ ਬਣਾ ਦਿਤਾ ਗਿਆ ਹੈ,ਇਸ ਉਲਝਣ ਵਿਚ ਤੁਸੀਂ ਆਪ ਵੀ ਫਸੇ ਹੋਏ ਹੋ ਤੇ ਇਹ ਮੂਕ ਬਹੁਗਿਣਤੀ ਵੀ ਤੁਸੀਂ ਇਸ ਵਿਚੋਂ ਨਿਕਲਣ ਦਾ ਯਤਨ ਕਰੋ,ਇਹ ਸਹੀ ਕਦਮ ਲਈ ਤੁਹਾਡੀ ਪਿੱਠ ਪੂਰੇਗੀ।ਪਰ ਇਹ ਬਹੁਤ ਜ਼ਰੂਰੀ ਹੈ ਕਿ ਕੇਵਲ ਨਿਆਂ ਕਰਨ ਦੀ ਗੱਲ ਕਰਨਾ ਸ਼ੈਕਸਪੀਅਰ ਦੇ ਨਾਟਕ ਦੇ ਪਾਤਰ ਸ਼ਾਈਲਾਕ ਵਾਲਾ ਨਿਆਂ ਹੋਏਗਾ। ਲੋੜ ਤਾਂ ਨਿਆਂ ਦੇਣ ਦੇ ਨਾਲ ਨਾਲ ਨਿਆਂ ਤੇ ਹਮਦਰਦੀ ਵਾਲਾ ਅਹਿਸਾਸ ਕਰਾਉਣ ਦੀ ਹੈ। ਆਸ ਹੈ ਤੁਸੀਂ ਮੂਕ ਬਹੁਗਿਣਤੀ ਦੀ ਆਵਾਜ਼ ਸੁਣ ਸਕੋਗੇ।

ਹੁਕਮ ਤਾਂ ਪਾਕਿਸਤਾਨ ਤੋਂ ਜਾਰੀ ਹੁੰਦੇ ਨੇ — ਜਿੰਦਾ ਵਲੋਂ ਇੰਕਸ਼ਾਫ

ਗੁਰਦਾਸਪੁਰ — ਪੁਲੀਸ ਵਲੋਂ ਹਰਜਿੰਦਰ ਸਿੰਘ ਉਰਫ ਜਿੰਦਾ ਦੀ ਪੁੱਛਗਿਛ ਦੌਰਾਨ ਪਤਾ ਲੱਗਾ ਹੈ ਕਿ ਦਹਿਸ਼ਤਪਸੰਦਾਂ ਦੇ ਹੁਕਮਰਾਨਾਂ ਦੀ ਕੜੀ ਪਾਕਿਸਤਾਨ ਤਕ ਜਾਂਦੀ ਹੈ। ਪੁਲੀਸ ਸੂਤਰਾਂ ਅਨੁਸਾਰ ਜਿੰਦਾ ਨੇ ਦੱਸਿਆ ਕਿ ਉਸ ਨੂੰ ਅਵਤਾਰ ਸਿੰਘ ਰੂਪੋਵਾਲੀ ਪਾਸੋਂ ਆਦੇਸ਼ ਮਿਲਦੇ ਹਨ ਜੋ ਕਿ ਖਤਰਨਾਕ ਦਹਿਸ਼ਤਪਸੰਦ ਹੈ ਤੇ ਜਿਸ ਦੀ ਗ੍ਰਿਫਤਾਰੀ ਲਈ ਇਕ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਹੈ। ਉਸ ਨੇ ਦੱਸਿਆ ਕਿ ਅਵਤਾਰ ਸਿੰਘ ਰੂਪੋਵਾਲੀ "ਖਾਲਿਸਤਾਨ ਕਮਾਂਡੋ ਫੋਰਸ" ਦੇ ਚੀਫ ਸੁਬੇਗ ਸਿੰਘ ਦਾ ਹੁਕਮ ਮੰਨਦਾ ਹੈ ਤੇ ਸੁਬੇਗ ਸਿੰਘ ਨੂੰ ਪੰਥਕ ਕਮੇਟੀ ਦੇ ਮੈਂਬਰ ਵੱਸਣ ਸਿੰਘ ਜ਼ਫਰਵਾਲ ਦੇ ਹੁਕਮ ਮੰਨਣੇ ਪੈਂਦੇ ਹਨ।

ਹਰਜਿੰਦਰ ਸਿੰਘ ਜਿੰਦਾ ਨੇ ਦੱਸਿਆ ਕਿ ਜ਼ਫਰਵਾਲ ਅਕਸਰ ਪਾਕਿਸਤਾਨ ਜਾਂਦਾ ਆਉਂਦਾ ਹੈ ਤੇ ਉਸ ਨੂੰ ਉਧਰੋਂ ਹੁਕਮ ਮਿਲਦੇ ਹਨ। ਪੁੱਛਗਿਛ ਦੌਰਾਨ ਉਸ ਨੇ ਮੰਨਿਆ ਕਿ ਹਾਕਮ ਅਕਾਲੀ ਦਲ ਦੇ ਯੂਥ ਨੇਤਾ ਜਤਿੰਦਰ ਸਿੰਘ ਘੁੰਮਣ ਤੇ ਸਾਬਕਾ ਮੰਤਰੀ ਨਿਰਮਲ ਸਿੰਘ ਕਾਹਲੋਂ ਦੇ ਨਿੱਜੀ ਸਹਾਇਕ ਨੂੰ ਮਾਰਨ ਲਈ ਰੂਪੋਵਾਲੀ ਗਰੋਹ ਜ਼ਿੰਮੇਵਾਰ ਸੀ। ਉਸ ਨੇ ਦੱਸਿਆ ਕਿ ਇਸ ਗਰੋਹ ਵੱਲੋਂ ਕੁਲ 21 ਵਾਰਦਾਤਾਂ ਵਿਚ ਮੁਕਤਸਰ ਬੱਸ ਕਾਂਡ ਸਮੇਤ ਹੁਣ ਤਕ 40 ਕਤਲ ਕੀਤੇ ਗਏ ਹਨ। ਪੁਲੀਸ ਨੇ ਉਸ ਦੇ ਕੋਲੋਂ ਪੰਜਾਬ ਰੋਡਵੇਜ਼ ਦਾ ਇਕ ਜਾਅਲੀ ਸ਼ਨਾਖਤੀ ਕਾਰਡ ਵੀ ਬਰਾਮਦ ਕੀਤਾ ਹੈ ਜੋ ਬਲਵਿੰਦਰ ਕੁਮਾਰ ਦੇ ਨਾਂ 'ਤੇ ਬਣਿਆ ਹੋਇਆ ਹੈ।

ਜੰਗਬੰਦੀ ਦੀ ਉਲੰਘਣਾ ਦਾ ਦੋਸ਼

ਕਾਬਲ — ਅਫਗਾਨਿਸਤਾਨ ਦੇ ਪ੍ਰਧਾਨ ਡਾ: ਨਜੀਬ ਉਲਾ ਨੇ ਕਿਹਾ ਹੈ ਕਿ ਅਫਗਾਨ ਗੁਰੀਲਿਆਂ ਨੇ ਇਕ ਤਰਫਾ ਜੰਗਬੰਦੀ ਦੀ ਕਈ ਵਾਰ ਉਲੰਘਣਾ ਕੀਤੀ ਹੈ। ਲੇਕਿਨ ਸਰਕਾਰ ਫਿਰ ਵੀ ਇਸ ਨੂੰ ਲਾਗੂ ਕਰਨ ਲਈ ਕਾਰਵਾਈਆਂ ਜਾਰੀ ਰੱਖੇਗੀ।

ਅਫਗਾਨ ਗੁਰੀਲਾ ਲੀਡਰ ਪਹਿਲਾਂ ਹੀ ਇਸ ਜੰਗਬੰਦੀ ਦੀ ਤਜਵੀਜ਼ ਨੂੰ ਠੁਕਰਾ ਹੀ ਚੁੱਕਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਫੈਸਲਾ ਉਦੋਂ ਤੱਕ ਲਾਗੂ ਨਹੀਂ ਹੋ ਸਕਦਾ ਜਦ ਤੱਕ ਸੋਵੀਅਤ ਫੌਜਾਂ ਪੂਰੀ ਤਰ੍ਹਾਂ ਅਫਗਾਨਸਤਾਨ 'ਚੋਂ ਨਹੀਂ ਨਿਕਲ ਜਾਂਦੀਆਂ। ਅਮਰੀਕਨ ਅਧਿਕਾਰੀਆਂ ਨੇ ਵੀ ਇਸ ਜੰਗਬੰਦੀ ਨੂੰ ਮਹਿਜ ਇਕ ਪ੍ਰਾਪੇਗੰਡਾ ਦੱਸਿਆ ਹੈ।

ਸਿਆਸੀ ਵਿਅੰਗ



ਗੁਰਨਾਮ ਸਿੰਘ ਤੀਰ

ਅਕਾਲੀ ਦਲ ਦਾ ਗੁਰਮਤਾ

ਕਲਕੱਤੇ ਦੇ ਇਕ ਅਖਬਾਰ ਨੇ ਦੋਹਾਂ ਸ਼੍ਰੋਮਣੀ ਅਕਾਲੀ ਦਲਾਂ ਦਾ ਮੁਕਾਬਲਾ ਕਰਦਿਆਂ ਲਿਖਿਆ ਹੈ ਕਿ ਦੋਹਾਂ ਵਿਚ ਉਨੀ ਇਕੀ ਦਾ ਫਰਕ ਹੈ। ਦੋਵੇਂ ਦਲ ਆਪਣੀ ਸ਼ਕਤੀ ਆਮ ਸਿੰਘਾਂ ਨੂੰ ਸਮਝਦੇ ਹਨ। ਇਸ ਲਈ ਪੰਜਾਬ ਦੇ ਹੱਕਾਂ ਦੇ ਮਾਮਲਿਆਂ ਵਿਚ ਦੋਹਾਂ ਨੂੰ ਹੀ ਪੰਜਾਬ ਸਮਝੌਤੇ ਤੋਂ ਅਗਾਂਹ ਜਾਣ ਦੀ ਲੋੜ ਪਵੇਗੀ।

ਇਕ ਅਕਾਲੀ ਐਮ.ਪੀ. ਨੇ ਇਕ ਦਿਨ ਚਾਚਾ ਚੰਡੀਗੜ੍ਹੀਆ ਨਾਲ ਗੱਲਾਂ ਕਰਦਿਆਂ ਕਿਹਾ, "ਮੈਂ ਬਰਨਾਲਾ ਸਾਹਿਬ ਦੀਆਂ ਨੀਤੀਆਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਉਹ ਇਕ ਈਮਾਨਦਾਰ ਮੁੱਖ ਮੰਤਰੀ ਹਨ ਜੋ ਸਿੱਖ ਕੌਮ ਨੂੰ ਫੌਜੀਆਂ ਹੱਥੋਂ ਬਰਬਾਦ ਹੋਣ ਤੋਂ ਰੋਕੀ ਬੈਠੇ ਹਨ। ਇਸ ਦੇ ਬਾਵਜੂਦ ਮੈਂ ਅਨੁਭਵ ਕਰਦਾ ਹਾਂ ਕਿ ਦਿੱਲੀ ਦੀ ਸਰਕਾਰ ਸਾਡੇ ਨਾਲ ਕਿਸੇ ਕਿਸਮ ਦਾ ਇਨਸਾਫ ਕਰਨ ਲਈ ਤਿਆਰ ਨਹੀਂ ਜਾਪਦੀ। ਜੰਮੂ—ਕਸ਼ਮੀਰ ਨੂੰ ਇਕ ਹਜ਼ਾਰ ਕਰੋੜ ਰੁਪਿਆ ਦਿੱਤਾ ਗਿਆ। ਇਸੇ ਤਰ੍ਹਾਂ ਹਰਿਆਣੇ ਨੂੰ ਚਾਰ ਸੌ ਕਰੋੜ ਦਿੱਤਾ ਗਿਆ। ਪੱਛਮੀ ਬੰਗਾਲ ਨੂੰ ਵੀ ਦਿੱਤਾ ਗਿਆ ਪਰ ਪੰਜਾਬ ਨੂੰ ਕਿਸੇ ਨੇ ਪੁੱਛਿਆ ਤਕ ਨਹੀਂ। ਪੰਜਾਬ ਦੇ ਹੁਕਮਰਾਨ ਇਸ ਬੇਇਨਸਾਫੀ ਵਿਰੁੱਧ ਕਿੰਨਾਂ ਕੁ ਚਿਰ ਸਬਰ ਦੇ ਘੁੱਟ ਭਰਦੇ ਰਹਿਣਗੇ? ਉਨ੍ਹਾਂ ਨੂੰ ਵੀ ਰੋਣਾ-ਪਿਟਣਾ ਪਵੇਗਾ। ਇਹ ਵੱਖਰੀ ਗੱਲ ਹੈ ਕਿ ਉਹ ਕਿਸ ਭਾਸ਼ਾ ਵਿਚ ਰੋਂਦੇ ਹਨ।"

23 ਦਸੰਬਰ ਦੀ ਅਕਾਲੀ ਦਲ ਦੀ ਮੀਟਿੰਗ ਪਿਛੋਂ ਜੋ ਮਤੇ ਪਾਸ ਕੀਤੇ ਗਏ ਹਨ, ਉਨ੍ਹਾਂ ਤੋਂ ਸਪਸ਼ਟ ਹੈ ਕਿ ਹੁਣ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੂੰ ਵੀ ਕਿਸੇ ਨਾ ਕਿਸੇ ਕਿਸਮ ਦੀ ਲੜਾਈ ਲੜਨੀ ਪਵੇਗੀ। ਬਰਨਾਲਾ ਸਾਹਿਬ ਤੇ ਉਨ੍ਹਾਂ ਦੇ ਸਾਥੀਆਂ ਨੇ ਸਵਾ ਸਾਲ ਦਿੱਲੀ ਦੀਆਂ ਅੰਦਰਖਾਤੇ ਮਿੰਨਤਾਂ ਕੀਤੀਆਂ ਹਨ ਕਿ ਸਾਨੂੰ ਜਿਉਂਦੇ ਰਹਿਣ ਦਿਓ ਪਰ ਉਨ੍ਹਾਂ ਦੀ ਕਿਸੇ ਨੇ ਨਹੀਂ ਮੰਨੀ। ਹੁਣ ਉਹ ਮੋੜ 'ਤੇ ਖੜੋਤੇ ਹਨ ਜਿਥੇ ਆਕੇ, ਹੋ ਸਕਦਾ ਹੈ, ਉਨ੍ਹਾਂ ਨੂੰ ਰਾਜ ਭਾਗ ਵੀ ਛੱਡਣਾ ਪਵੇ ਤੇ ਫੇਰ ਉਨ੍ਹਾਂ ਨੂੰ ਜੇਲ੍ਹੀਂ ਜਾਣ ਤੋਂ ਕੋਈ ਨਹੀਂ ਰੋਕ ਸਕੇਗਾ ਕਿਉਂਕਿ ਉਨ੍ਹਾਂ ਨੇ ਵੀ ਸਿੱਖ ਜਨਤਾ ਵਿਚ ਰਹਿਣਾ ਹੈ। ਸਿੱਖ ਜਨਤਾ ਦਾ ਰੋਅ ਇਸ ਤਰ੍ਹਾਂ ਦਾ ਬਣਦਾ ਜਾ ਰਿਹਾ ਹੈ ਕਿ ਇਸ ਨੂੰ ਹੁਣ ਲਾਰੇ ਲੱਪੇ ਨਾਲ ਕਾਬੂ ਵਿਚ ਨਹੀਂ ਰੱਖਿਆ ਜਾ ਸਕਦਾ।

ਦਿੱਲੀ ਦੀ ਭਾਰਤ ਸਰਕਾਰ ਨੂੰ ਸੋਚਣਾਂ ਚਾਹੀਦਾ ਹੈ ਕਿ ਸਿਖ ਮਨਾਂ ਨੂੰ ਕਿਸ ਤਰ੍ਹਾਂ ਕਾਬੂ ਵਿਚ ਰੱਖਿਆ ਜਾ ਸਕਦਾ ਹੈ। ਜੇ ਸਰਕਾਰ ਏਨਾ ਨਹੀਂ ਸੋਚਦੀ ਤਾਂ ਫਿਰ ਠੰਢੇ-ਮਿੱਠੇ ਸਿਖ ਵੀ "ਬਾਜ਼ ਆਏ ਤੇਰੀ ਮੁਹੱਬਤ ਸੇ, ਉਠਾ ਲੇ ਪਾਨਦਾਨ ਅਪਨਾ" ਕਹਿਣ ਲੱਗ ਪੈਣਗੇ।

ਬਰਨਾਲਾ ਉਥੇ ਦਾ ਉਥੇ

ਕੁਝ ਦਿਨ ਹੋਏ ਟ੍ਰਿਬਿਊਨ ਵਿਚ ਇਕ ਕਾਰਟੂਨ ਛਪਿਆ। ਉਸ ਦਾ ਪਹਿਲਾ ਸਿਰਲੇਖ "ਪਰਨਾਲਾ ਉਥੇ ਦਾ ਉਥੇ" ਰੱਖਿਆ ਗਿਆ ਪਰ ਫਿਰ "ਪ" ਨੂੰ ਕੱਟ ਕੇ ਉਸ ਦੀ ਥਾਂ "ਬ" ਪਾ ਦਿੱਤਾ ਗਿਆ ਤੇ ਕਹਾਣੀ ਇਹ ਬਣ ਗਈ ਕਿ "ਬਰਨਾਲਾ ਉਥੇ ਦਾ ਉਥੇ"। ਭਾਵੇਂ ਅਕਾਲੀ ਦਲ (ਬਾਦਲ) ਤੇ ਭਾਜਪਾ ਵਲੋਂ ਬੇਪ੍ਰਤੀਤੀ ਦੇ ਮਤੇ ਲਿਆਉਣ ਦੇ ਬਾਵਜੂਦ ਬਰਨਾਲਾ ਮੁੱਖ ਮੰਤਰੀ ਪਦ ਤੋਂ ਨਹੀਂ ਹਿੱਲਿਆ, ਉਹ ਉਥੇ ਦਾ ਉਥੇ ਰਿਹਾ

ਗੱਲ ਪਰਨਾਲੇ ਵਾਲੀ ਵੀ ਠੀਕ ਹੈ। ਇਸ ਪਰਨਾਲੇ ਵਿਚੋਂ ਪਹਿਲਾਂ ਜੋ ਨੀਤੀਆਂ ਵਗਿਆ ਕਰਦੀਆਂ ਸਨ, ਉਹੀਓ ਹੁਣ ਵਗ ਰਹੀਆਂ ਹਨ। ਨਾ ਕੋਈ ਵਜ਼ੀਰ ਆਪਣੀ ਥਾਂ ਤੋਂ ਹਿੱਲਿਆ ਤੇ ਨਾ ਕਿਸੇ ਅਫਸਰ ਦੀ ਕੁਰਸੀ ਬਦਲੀ ਗਈ। ਜਦੋਂ ਸ: ਬਰਨਾਲਾ ਬਤੌਰ ਮੁੱਖ ਮੰਤਰੀ ਤਸ਼ਰੀਫ ਲਿਆਏ ਉਦੋਂ ਜੋ ਜੋ ਮੂਰਤਾਂ ਜਿਸ ਜਿਸ ਥਾਂ 'ਤੇ ਟੰਗੀਆਂ ਹੋਈਆਂ ਸਨ, ਅਜੇ ਤਕ ਉਵੇਂ ਹੀ ਹਨ। ਉਨ੍ਹਾਂ ਨੇ ਨਾ ਕਿਸੇ ਮੂਰਤ ਤੋਂ ਮਿੱਟੀ ਝਾੜੀ ਤੇ ਨਾ ਕਿਸੇ ਦੀ ਜਗ੍ਹਾ ਬਦਲੀ।

ਸ.ਬਰਨਾਲਾ ਆਪਣੀ ਬਿਮਾਰੀ ਤੋਂ ਉਠ ਬੈਠੇ ਹਨ। ਹੁਣ ਸ਼ਾਇਦ ਚਾਰ ਚੁਫੇਰੇ ਨਜ਼ਰ ਮਾਰਦੇ ਹੋਣ ਕਿ ਪਰਨਾਲਾ ਬਦਲਿਆ ਜਾਵੇ ਕਿ ਨਾ। ਪਰ ਇਸ ਤੋਂ ਪਹਿਲਾਂ ਕਿ ਉਹ ਕਿਸੇ ਪਰਨਾਲੇ ਨੂੰ ਹੱਥ ਪਾਉਣ, ਉਨ੍ਹਾਂ ਦੀ ਆਪਣੀ ਪਾਰਟੀ ਵਲੋਂ ਦਿੱਤੇ ਗਏ ਅਲਟੀਮੇਟਮ ਦੇ ਦਿਨ ਨੇੜੇ ਨੇੜੇ ਆ ਰਹੇ ਹਨ।

ਪਿਛਲੇ ਦਿਨਾਂ ਵਿਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿਚ ਜੋ ਪੰਜਾਬ ਸਮਝੌਤਾ ਸਿਰੇ ਨਾ ਲੱਗਣ ਉਤੇ ਰੋਸ ਪ੍ਰਗਟ ਕੀਤਾ ਗਿਆ ਹੈ, ਉਹ ਰੋਸ ਵਧ ਗਿਆ ਹੈ। ਦੋਹਾਂ ਅਕਾਲੀ ਦਲਾਂ ਵਿਚ ਇਕੋ ਗੱਲ 'ਤੇ ਰੋਸ ਹੈ। ਹੋ ਸਕਦਾ ਹੈ ਦਿੱਲੀ ਵਾਲੇ ਅਲਟੀਮੇਟਮ ਦੀ ਪ੍ਰਵਾਹ ਨਾ ਕਰਦੇ ਹੋਏ ਦੋਹਾਂ ਅਕਾਲੀ ਦਲਾਂ ਨੂੰ ਇਕੱਠੇ ਹੋ ਜਾਣ ਦਾ ਮੌਕਾ ਦੇਣ।

ਬ੍ਰਹਮਪੁਰਾ ਕਾਂਡ

ਜ਼ਿਲਾ ਅੰਮ੍ਰਿਤਸਰ ਦੇ ਪਿੰਡ ਬ੍ਰਹਮਪੁਰਾ ਵਿਖੇ ਸੀ.ਆਰ.ਪੀ. ਨੇ ਜਿਸ ਕਿਸਮ ਦੇ ਲਾਅ ਐਂਡ ਆਰਡਰ ਦਾ ਨਮੂਨਾ ਵਿਖਾਇਆ ਹੈ, ਉਸ ਤੋਂ ਦੁਖੀ ਹੋ ਕੇ ਪੰਜਾਬ ਦੇ ਤਕਰੀਬਨ ਇਕ ਦਰਜਨ ਵਜ਼ੀਰਾਂ ਨੇ ਰੋਸ ਪ੍ਰਗਟ ਕੀਤਾ ਹੈ ਅਤੇ ਸਬੰਧਤ ਕਰਮਚਾਰੀਆਂ ਦੇ ਪਾਗਲਪਨ 'ਤੇ ਅਫਸੋਸ ਪ੍ਰਗਟ ਕੀਤਾ ਹੈ।

ਕੁਝ ਐਸੇ ਸਿਆਸੀ ਲੀਡਰ ਵੀ ਹਨ ਜਿਹੜੇ ਬ੍ਰਹਮਪੁਰਾ ਕਾਂਡ ਨੂੰ ਹੋਰ ਨੁਕਤੇ ਤੋਂ ਪੇਸ਼ ਕਰਨ ਦਾ ਯਤਨ ਕਰ ਰਹੇ ਹਨ। ਉਹ ਸੀ.ਆਰ.ਪੀ. ਨੂੰ "ਸ਼ਾਂਤੀ ਦਲ" ਸਮਝਦੇ ਹਨ ਤੇ ਉਨ੍ਹਾਂ ਦੀ ਇਸ ਮਾਰ ਤੇ ਅਤਿਆਚਾਰ ਨੂੰ ਅਤਿਵਾਦੀਆਂ ਦੇ ਮੱਥੇ ਮੜ੍ਹ ਰਹੇ ਹਨ ਤੇ ਇਹ ਕਹਿ ਰਹੇ ਹਨ ਕਿ ਸੀ.ਆਰ.ਪੀ.ਐਫ. ਇਹੋ ਜਿਹੇ ਕੰਮ ਕਰਦੀ ਹੀ ਨਹੀਂ ਜਿਹੋ ਜਿਹੇ ਅਖਬਾਰਾਂ ਵਿਚ ਛਾਪੇ ਗਏ ਹਨ। ਇਹ ਤਾਂ ਖ਼ੂਬਸੂਰਤ ਨੌਜਵਾਨਾਂ ਦੇ ਗਲ ਗੇਂਦੇ ਦੇ ਫੁੱਲਾਂ ਦੇ ਹਾਰ ਪਾਉਂਦੀ ਹੈ।

ਬ੍ਰਹਮਪੁਰਾ ਕਾਂਡ ਵਾਂਗ ਹੀ ਬੰਗਲਾਦੇਸ਼ ਦੀ 'ਸ਼ਾਂਤੀ ਬਹਿਣੀ' ਬਾਰੇ ਖਬਰਾਂ ਆਈਆਂ ਹਨ ਕਿ ਉਥੇ ਇਕ ਦਿਨ ਵਿਚ ਹੀ ਸ਼ਾਂਤੀ ਬਹਿਣੀ ਨੇ 18 ਬੰਦੇ ਮਾਰ ਦਿਤੇ। ਵਾਧੇ ਦੀ ਗੱਲ ਇਹ ਕਿ ਅਜੇ ਵੀ ਇਸ ਬਹਿਣੀ ਦਾ ਨਾਮ "ਸ਼ਾਂਤੀ" ਰੱਖਿਆ ਹੋਇਆ ਹੈ।

ਅਕਾਲ ਤਖਤ ਦੇ ਜਥੇਦਾਰ ਨੇ ਸ.ਬਰਨਾਲਾ ਨੂੰ ਤਾਕੀਦ ਕੀਤੀ ਹੈ ਕਿ ਉਹ ਪੰਜਾਬ ਵਿਚ ਲਾਅ ਐਂਡ ਆਰਡਰ ਕਾਇਮ ਰੱਖਣ ਵਾਲੀ ਸੀ.ਆਰ.ਪੀ.ਐਫ. ਨੂੰ ਨੱਥ ਪਾ ਕੇ ਰੱਖਣ। ਸ.ਬਰਨਾਲਾ ਵੀ ਸੋਚਦੇ ਹੋਣਗੇ ਕਿ ਇਨ੍ਹਾਂ ਵਹਿੜਕਿਆਂ ਨੂੰ ਬੁਲਾਉਣ ਦੀ ਲੋੜ ਹੀ ਕਿਉਂ ਪਈ? ਹੁਣ ਇਨ੍ਹਾਂ ਨੂੰ ਨੱਥ ਪਾਈ ਜਾਵੇ ਤਾਂ ਕਿਵੇਂ ਪਾਈ ਜਾਵੇ। ਨਾਲ ਨਾਲ ਉਹ ਆਪਣੇ ਸਾਥੀਆਂ ਨੂੰ ਸਮਝਾ ਰਹੇ ਹੋਣਗੇ ਕਿ ਵੇਖੋ ਸਾਡੇ ਹੁੰਦਿਆਂ ਵੀ ਇਹ ਬ੍ਰਹਮਪੁਰਾ ਕਾਂਡ ਵਰਗੀਆਂ ਦੁਖਦਾਈ ਘਟਨਾਵਾਂ ਵਾਪਰ ਸਕਦੀਆਂ ਹਨ। ਜੇ ਸਾਡੀ ਸਰਕਾਰ ਨਾ ਹੋਵੇ ਤਾ ਫਿਰ ਪਤਾ ਨਹੀਂ ਹਰ ਪਿੰਡ ਵਿਚ ਬ੍ਰਹਮਪੁਰਾ ਕਾਂਡ ਨਾਲੋਂ ਵੀ ਮਾੜੇ ਸਾਕੇ ਵਰਤਾਏ ਜਾਣ

ਵੱਖ ਵੱਖ ਬੋਲੀਆਂ ਤੇ ਵੱਖ ਵੱਖ ਰਾਹ

ਪੰਜਾਬ ਵਿਚ ਅਕਾਲੀ ਸਰਕਾਰ ਬਣਨ ਪਿਛੋਂ ਜਿੰਨ੍ਹਾਂ ਬੁਰਾ ਹਾਲ ਹੋਇਆ ਹੈ ਓਨਾ ਪਹਿਲਾਂ ਕਦੇ ਆਪੋਜ਼ੀਸ਼ਨ ਵਿਚ ਰਹਿੰਦਿਆਂ ਨਹੀਂ ਸੀ ਹੋਇਆ। ਇਸ ਵਿਚ ਲੋਕਾਂ ਦਾ ਬਿਲਕੁਲ ਕਸੂਰ ਨਹੀਂ ਤੇ ਨਾ ਕਿਸੇ ਨੂੰ ਕੋਸਿਆ ਜਾ ਸਕਦਾ ਹੈ। ਲੋਕਾਂ ਨੇ ਤਾਂ 73 ਐਮ.ਐਲ.ਏ. ਅਕਾਲੀ ਟਿਕਟਾਂ 'ਤੇ ਅਤੇ 4 ਐਮ.ਐਲ.ਏ. ਅਕਾਲੀ ਦਲ ਦੀ ਮਦਦ ਨਾਲ ਆਜ਼ਾਦ ਮੈਂਬਰਾਂ ਦੀ ਸ਼ਕਲ ਵਿਚ ਅਸੈਂਬਲੀ ਵਿਚ ਭੇਜੇ ਸਨ ਪਰ ਇਹ ਅੱਗੋਂ ਇਕੱਠੇ ਨਹੀਂ ਰਹਿ ਸਕੇ।

ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਜਨਮ ਦਿਨ ਹਰ ਸਾਲ 2 ਜਨਵਰੀ ਨੂੰ ਮਨਾਇਆ ਜਾਂਦਾ ਹੈ। ਅੱਜ ਸੰਤ ਲੌਂਗੋਵਾਲ ਤਾਂ ਕਿਸੇ ਨੂੰ ਆ ਕੇ ਕੋਈ ਉਲਾਂਭਾ ਨਹੀਂ ਦੇ ਸਕਦੇ ਪਰ ਵੇਖਣ ਸੁਣਨ ਵਾਲੇ ਹੈਰਾਨ ਹੁੰਦੇ ਹਨ ਕਿ ਜਿਨ੍ਹਾਂ ਲੋਕਾਂ ਨੂੰ ਸੰਤ ਲੌਂਗੋਵਾਲ ਨੇ ਅਸੈਂਬਲੀ ਵਿਚ ਭੇਜ ਕੇ ਵਜ਼ੀਰੀਆਂ ਲੈ ਕੇ ਦਿੱਤੀਆਂ ਉਹ ਅੱਜ ਇਸ ਕਰ ਕੇ ਸੰਤ ਜੀ ਦੇ ਜਨਮ ਦਿਨ 'ਤੇ ਨਹੀਂ ਗਏ ਕਿਉਂਕਿ ਉਥੇ ਦੂਜੇ ਧੜੇ ਵਾਲਿਆਂ ਨੇ ਬੋਲਣਾ ਸੀ।

ਸੰਤ ਲੌਂਗੋਵਾਲ ਨੇ ਕਿਸੇ ਅਕਾਲੀ ਦਾ ਕੁਝ ਨਹੀਂ ਵਿਗਾੜਿਆ। ਜਿਸ ਜਿਸ ਨੇ ਵੀ ਸੇਵਾ ਕੀਤੀ, ਉਸ ਉਸ ਨੂੰ ਉਨ੍ਹਾਂ ਸਤਿਕਾਰ ਤੇ ਰੁਤਬੇ ਬਖਸ਼ੇ। ਅਕਾਲੀ ਭਾਵੇਂ ਕਿਸੇ ਧੜੇ ਵਿਚ ਹੋਵੇ, ਉਸ ਨੂੰ ਇਹ ਗੱਲ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਉਹਦੇ ਲਈ ਸੰਤ ਲੌਂਗੋਵਾਲ ਅਜੇ ਵੀ ਜਿਉਂਦੇ ਹਨ ਤੇ ਜਿੰਨਾ ਚਿਰ ਸਿੱਖਾਂ ਦੀ ਰਾਜਨੀਤੀ ਜਿਉਂਦੀ ਰਹੇਗੀ ਸੰਤ ਲੌਂਗੋਵਾਲ ਦਾ ਜੀਵਨ ਤੇ ਕੁਰਬਾਨੀ ਉਨ੍ਹਾਂ ਲਈ ਸਹਾਇਕ ਸਾਬਤ ਹੁੰਦੀ ਰਹੇਗੀ।

ਸਰਕਾਰੀਆ ਕਮਿਸ਼ਨ ਦੀ ਮਿਆਦ

ਪੰਜਾਬ ਸਰਕਾਰ ਦੀ ਬੇਨਤੀ ਉਤੇ ਭਾਰਤ ਸਰਕਾਰ ਨੇ ਸਰਕਾਰੀਆ ਕਮਿਸ਼ਨ ਦੀ ਮਿਆਦ ਅਪਰੈਲ ਤਕ ਵਧਾ ਦਿੱਤੀ ਹੈ। ਸਰਕਾਰੀਆ ਕਮਿਸ਼ਨ ਇਸ ਖਿਆਲ ਨਾਲ ਨਿਯੁਕਤ ਕੀਤਾ ਗਿਆ ਸੀ ਕਿ ਸੂਬਿਆਂ ਤੇ ਕੇਂਦਰ ਦੇ ਸਬੰਧਾਂ ਬਾਰੇ ਨਵੇਂ ਸਿਰਿਓਂ ਵਿਧਾਨਕ ਨਿਰਣਾ ਕੀਤਾ ਜਾਵੇ ਕਿ ਦੋਹਾਂ ਧਿਰਾਂ ਦੇ ਕੀ ਕੀ ਹੱਕ ਹੋਣਗੇ?

ਹਿੰਦੁਸਤਾਨ ਭਰ ਦੇ ਸੂਬਿਆਂ ਨੇ ਆਪੋ ਆਪਣੇ ਵਿਚਾਰ ਬਹੁਤ ਮਹੀਨੇ ਪਹਿਲਾਂ ਸਰਕਾਰੀਆ ਕਮਿਸ਼ਨ ਨੂੰ ਭੇਜ ਦਿੱਤੇ ਸਨ। ਦੱਖਣੀ ਭਾਰਤ ਦੇ ਕੁਝ ਸੂਬੇ ਆਨੰਦਪੁਰ ਸਾਹਿਬ ਦੇ ਮਤੇ ਤੋਂ ਵੀ ਬਹੁਤ ਅਗਾਂਹ ਲੰਘ ਗਏ ਹਨ ਤੇ ਖੁਦਮੁਖਤਾਰੀ ਦੇ ਮਾਮਲੇ ਵਿਚ ਉਹ ਕੇਵਲ "2 ਵਿਭਾਗ" ਹੀ ਕੇਂਦਰ ਨੂੰ ਦੇਣਾ ਚਾਹੁੰਦੇ ਹਨ।

ਜਿਥੋਂ ਤਕ ਪੰਜਾਬ ਦਾ ਸਬੰਧ ਹੈ, ਅਜੇ ਤਕ ਸਰਕਾਰ ਗੁਰਮਤਾ ਨਹੀਂ ਸੋਧ ਸਕੀ। ਕਾਰਨ ਇਹ ਕਿ ਜਿਹੜੀ ਕਮੇਟੀ ਸਰਕਾਰ ਵਲੋਂ ਬਠਾਈ ਗਈ ਹੈ, ਉਹ ਖੁਦਮੁਖਤਾਰੀ ਦੇ ਅਣਗਿਣਤ ਪਹਿਲੂਆਂ ਵਿਚ ਉਲਝੀ ਹੋਈ ਹੈ। ਉਸ ਦੇ ਕੁਝ ਮੈਂਬਰ ਰਾਜਸੀ ਹੱਕਾਂ ਦੀ ਥਾਂ ਵਿੱਤੀ ਹੱਕਾਂ ਬਾਰੇ ਜ਼ਿਆਦਾ ਵਿਸ਼ਵਾਸ ਕਰਦੇ ਹਨ।

ਸਰਕਾਰੀਆ ਸਾਹਿਬ ਨੂੰ ਵੀ ਆਪਣੇ ਕਮਿਸ਼ਨ ਦੀ ਮਿਆਦ ਵਧਾਏ ਜਾਣ ਦਾ ਬਹੁਤਾ ਦੁੱਖ ਨਹੀਂ ਹੋਵੇਗਾ ਕਿਉਂਕਿ ਹੁਣ ਉਹ ਪੰਜਾਬ ਦੇ ਮਸਲੇ ਵੱਲ ਆਰਾਮ ਨਾਲ ਪੂਰਾ ਧਿਆਨ ਦੇ ਸਕਣਗੇ ਤੇ ਨਾਲ ਪੰਜਾਬੀ ਕਵਿਤਾ ਦੀਆਂ ਦੋ ਹੋਰ ਕਿਤਾਬਾਂ ਲਿਖ ਸਕਣਗੇ। ਪਰ ਵੇਖਣ ਵਾਲੀ ਗੱਲ ਹੈ ਕਿ ਮਸਲਾ ਲਮਕਦਾ ਲਮਕਦਾ ਇਕ ਸਾਲ ਹੋਰ ਤਾਂ ਨਹੀਂ ਲਮਕ ਜਾਏਗਾ?

ਕੇਂਦਰ ਤੇ ਸੂਬਿਆਂ ਦੇ ਅਧਿਕਾਰਾਂ ਬਾਰੇ ਨਿਰਣਾ ਹੋਵੇ ਨਾ ਹੋਵੇ, ਘੱਟੋ ਘੱਟ ਸਰਕਾਰੀਆ ਸਾਹਿਬ ਨੂੰ ਤਾਂ ਪੂਰਾ ਗਿਆਨ ਕਰਵਾ ਦਿੱਤਾ ਜਾਵੇਗਾ ਕਿ ਸੂਬਿਆਂ ਦੀਆਂ ਸਰਕਾਰਾਂ ਅਜੋਕੇ ਕੇਂਦਰੀਕਰਣ ਵਿਰੁੱਧ ਕੀ ਵਿਚਾਰ ਰੱਖਦੀਆਂ ਹਨ।

ਭਾਰਤ 'ਚ ਸਰਕਾਰੀ ਦਫਤਰ ਬੰਦ ਰਹੇ

ਨਵੀਂ ਦਿੱਲੀ — 21 ਜਨਵਰੀ — ਭਾਰਤ 'ਚ ਲਗਭਗ 40 ਲੱਖ ਸਰਕਾਰੀ ਮੁਲਾਜ਼ਮਾਂ ਦੇ ਹੜਤਾਲ ਕਰਨ ਦੀ ਖਬਰ ਮਿਲੀ ਹੈ।

ਬਹੁਤੇ ਸਰਕਾਰੀ ਦਫਤਰ ਬੰਦ ਰਹੇ। ਬੈਂਕਾਂ 'ਚ ਕੰਮਕਾਰ ਬਿਲਕੁਲ ਠੱਪ ਹੋ ਗਿਆ। ਇੰਡੀਅਨ ਏਅਰ ਲਾਈਨਜ਼ ਦੇ ਇਕ ਬੁਲਾਰੇ ਅਨੁਸਾਰ ਲਗਭਗ 15 ਘਰੇਲੂ ਉਡਾਣਾਂ ਰੱਦ ਕਰਨੀਆਂ ਪਈਆਂ।

ਇਹ ਹੜਤਾਲ ਸਰਕਾਰੀ ਖੇਤਰ ਦੀਆਂ ਕੁਝ ਕੰਪਨੀਆਂ ਨੂੰ ਪ੍ਰਾਈਵੇਟ ਖੇਤਰ 'ਚ ਦੇਣ ਦੇ ਸਰਕਾਰੀ ਫੈਸਲੇ ਦੇ ਵਿਰੋਧ 'ਚ ਕੀਤੀ ਗਈ

ਅਸਾਮ 'ਚ ਅਤਿਵਾਦੀਆਂ ਵਲੋਂ ਦੋ ਕਾਂਗਰਸੀਆਂ ਦੀ ਹੱਤਿਆ

ਜੋਰਹਾਟ — ਉਤਰੀ ਅਸਾਮ ਵਿਚ ਸ਼ੱਕੀ ਅਤਿਵਾਦੀਆਂ ਨੇ ਇਕ ਯੂਥ ਕਾਂਗਰਸੀ ਆਗੂ ਰਾਜੀਵ ਰਾਜਖੋਵਾ ਤੇ ਇਕ ਕਾਂਗਰਸੀ ਵਰਕਰ ਰਣਜੀਤ ਬਰੂਆ ਦੀ ਹੱਤਿਆ ਕਰ ਦਿੱਤੀ। ਇਹ ਹੱਤਿਆਵਾਂ ਜੋਰਹਾਟ ਸ਼ਹਿਰ ਦੇ ਐਨ ਕੇਂਦਰ ਵਿਚ ਪੈਂਦੇ ਮਿਠਪੁਖੁਰੀ ਖੇਤਰ ਵਿਚ ਕੀਤੀਆਂ ਗਈਆਂ। ਪੁਲੀਸ ਅਨੁਸਾਰ ਦੋਵੇਂ ਕਾਂਗਰਸੀ ਇਕ ਕਾਰ ਰਾਹੀਂ ਉਸ ਸੜਕ ਤੋਂ ਗੁਜ਼ਰ ਰਹੇ ਸਨ ਕਿ ਹਮਲਾਵਰਾਂ ਨੇ ਕਾਰ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਹਮਲੇ ਵਿਚ ਕਾਰ ਦਾ ਡਰਾਈਵਰ ਵਾਲ ਵਾਲ ਬਚ ਗਿਆ ਰਾਜੀਵ ਰਾਜਖੋਵਾ ਅਸਾਮ ਦੇ ਇਕ ਸਾਬਕਾ ਮੰਤਰੀ ਦੀਨ ਨਾਥ ਰਾਜਖੋਵਾ ਦਾ ਸਭ ਤੋਂ ਵੱਡਾ ਲੜਕਾ ਸੀ।

ਸੁਰੱਖਿਆ ਮੰਗੀ : ਅਸਾਮ ਦੇ ਵੱਖ ਵੱਖ ਕਾਂਗਰਸੀ ਆਗੂਆਂ ਨੇ ਇਨ੍ਹਾਂ ਹਤਿਆਵਾਂ ਦੀ ਨਿਖੇਧੀ ਕਰਦਿਆਂ ਕਾਂਗਰਸ ਹਾਈ ਕਮਾਂਡ ਪਾਸੋਂ ਮੰਗ ਕੀਤੀ ਹੈ ਕਿ ਉਹ ਅਸਾਮ ਵਿਚ ਸਿਆਸੀ ਆਗੂਆਂ ਤੇ ਵਰਕਰਾਂ ਲਈ ਸੁਰੱਖਿਆ ਯਕੀਨੀ ਬਣਾਵੇ।

ਬੱਸ 'ਚ ਬੰਬ ਫਟਣ ਨਾਲ 6 ਮਰੇ

ਕੋਲੰਬੋ — ਸ੍ਰੀ ਲੰਕਾ ਦੀ ਰਾਜਧਾਨੀ ਕੋਲੰਬੋ ਤੋਂ 125 ਕਿਲੋਮੀਟਰ ਦੂਰ ਇਕ ਚਲਦੀ ਬੱਸ 'ਚ ਬੰਬ ਫਟਣ ਨਾਲ ਛੇ ਵਿਅਕਤੀ ਹਲਾਕ ਅਤੇ 50 ਜ਼ਖਮੀ ਹੋ ਗਏ। ਪੁਲੀਸ ਸੂਤਰਾਂ ਅਨੁਸਾਰ ਬੰਬ ਰੱਖਣ ਵਾਲੇ ਦਾ ਅਜੇ ਕੋਈ ਪਤਾ ਨਹੀਂ ਲੱਗਿਆ। ਇਸ ਤੋਂ ਪਹਿਲਾਂ ਜਾਫਨਾ ਦੇ ਨੇੜੇ ਇਕ ਛੋਟੇ ਸ਼ਹਿਰ ਵਿਚ ਫੌਜ ਅਤੇ ਤਾਮਿਲਾਂ ਵਿਚਕਾਰ ਝੜਪਾਂ 'ਚ ਦੋਹਾਂ ਧਿਰਾਂ ਨੇ ਜਾਨੀ ਨੁਕਸਾਨ ਕਰਨ ਦਾ ਦਾਅਵਾ ਕੀਤਾ ਸੀ।

ਸੋਚ

ਬੇਰੁਜ਼ਗਾਰੀ ਦੀ ਲੰਮੀ...
ਲਾਈਨ ਵਿਚ ਖਲੋਤਾ
ਉਹ ਸੋਚ ਰਿਹੈ
ਕਿ ਦਰੋਪਤੀ ਦੀ ਸਾੜ੍ਹੀ
ਵਾਕਿਆ ਹੀ-
ਖਤਮ ਨਹੀਂ ਹੋਈ ਹੋਵੇਗੀ।

ਲੈਬਨਾਨ ਦੀ ਖਾਨਾਜੰਗੀ ਨੇ 86 ਵਿਚ 2688 ਜਾਨਾਂ ਲਈਆਂ

ਬੈਰੂਤ—ਲੈਬਨਾਨ ਵਿਚ ਚੱਲ ਰਹੀ ਖਾਨਾਜੰਗੀ ਦੇ 12ਵੇਂ ਸਾਲ,1986 ਵਿਚ 2688 ਵਿਅਕਤੀ ਮਾਰੇ ਗਏ। ਇਹ ਪ੍ਰਗਟਾਵਾ ਪੁਲਸ,ਹਸਪਤਾਲ ਅਤੇ ਸਿਆਸੀ ਸੂਤਰਾਂ ਨੇ ਕੀਤਾ ਹੈ। 1985 ਵਿਚ ਖਾਨਾਜੰਗੀ ਨੇ 3675 ਜਾਨਾਂ ਲਈਆਂ ਸਨ। ਸੂਤਰਾਂ ਨੇ ਕਿਹਾ ਕਿ 276 ਵਿਅਕਤੀ ਇਸਰਾਈਲ ਦੀਆਂ ਹਥਿਆਰਬੰਦ ਫੌਜਾਂ ਅਤੇ ਲੈਬਨਾਨ ਵਿਚ ਉਨ੍ਹਾਂ ਦੇ ਸਾਥੀਆਂ ਦੁਆਰਾ ਕੀਤੇ ਹਮਲਿਆਂ ਵਿਚ ਮਾਰੇ ਗਏ ਜਦਕਿ ਲੈਬਨਾਨੀ ਗੁਰੀਲਿਆਂ ਨੇ 8 ਇਸਰਾਇਲੀਆਂ ਅਤੇ 78 ਇਸਰਾਈਲ ਪੱਖੀ ਫੌਜੀਆਂ ਨੂੰ ਮਾਰ ਦਿੱਤਾ। ਪਿਛਲੇ ਮਹੀਨੇ ਫਲਸਤੀਨੀ ਗੁਰੀਲਿਆਂ ਅਤੇ ਸ਼ੀਆ ਫੌਜੀਆਂ ਵਿਚਕਾਰ ਝੜਪਾਂ ਵਿਚ ਕੋਈ 280 ਮੌਤਾਂ ਹੋਈਆਂ। 3 ਵਿਦੇਸ਼ੀ ਜਿਨ੍ਹਾਂ ਵਿਚ 2 ਬਰਤਾਨਵੀ ਅਤੇ ਇਕ ਅਮਰੀਕੀ ਸੀ,ਨੂੰ ਅਗਵਾ ਕਰ ਕੇ ਮਾਰ ਦਿੱਤਾ ਗਿਆ ਸੀ। ਸਤੰਬਰ ਵਿਚ ਇਕ ਫਰਾਂਸ ਦੇ ਅਧਿਕਾਰੀ ਨੂੰ ਅਤੇ ਪਿਛਲੇ ਮਹੀਨੇ ਲੀਬੀਆ ਦੇ ਇਕ ਡਿਪਲੋਮੇਟ ਦੀ ਹੱਤਿਆ ਕਰ ਦਿੱਤੀ ਗਈ ਸੀ। ਸੰਯੁਕਤ ਰਾਸ਼ਟਰ ਦੀ ਅੰਤਰਿਮ ਫੋਰਸ ਦੇ 13 ਸਿਪਾਹੀ ਅਤੇ ਇਕ ਫਰਾਂਸੀਸੀ ਦਰਸ਼ਕ ਵੀ ਜੰਗ ਦੀ ਭੇਟ ਚੜ੍ਹ ਗਿਆ।

ਕਾਰ ਬੰਬ ਧਮਾਕਿਆਂ ਅਤੇ ਹੋਰ ਵਿਸਫੋਟਿਕਾਂ ਦੇ ਫਟਣ ਨਾਲ 200 ਵਿਅਕਤੀ ਮਾਰੇ ਗਏ। ਸੂਤਰਾਂ ਅਨੁਸਾਰ 880 ਵਿਅਕਤੀ,ਜਿਨ੍ਹਾਂ ਵਿਚੋਂ ਬਹੁਤੇ ਆਮ ਨਾਗਰਿਕ ਸਨ,ਪੰਜ ਫਲਸਤੀਨੀ ਰਫਿਊਜੀ ਕੈਂਪਾਂ ਦੇ ਇਰਦ ਗਿਰਦ ਰੁਕ ਰੁਕ ਕੇ ਹੁੰਦੀ ਰਹੀ ਲੜਾਈ ਵਿਚ ਮਾਰੇ ਗਏ। ਕ੍ਰਿਸਚੀਅਨ ਧੜਿਆਂ ਦੀ ਆਪਸੀ ਲੜਾਈ ਨੇ 289 ਜਾਨਾਂ ਲਈਆਂ। ਬੈਰੂਤ ਦੀ 'ਗਰੀਨ ਲਾਈਨ ਤੇ ਹੋਈਆਂ ਝੜਪਾਂ ਵਿਚ 128 ਅਤੇ ਕ੍ਰਿਸਚੀਅਨਾਂ ਤੇ ਖੱਬੇ ਪੱਖੀਆਂ ਵਿਚ ਹੋਈਆਂ ਝੜਪਾਂ ਵਿਚ 148 ਜਾਨਾਂ ਗਈਆਂ। ਤ੍ਰਿਪੋਲੀ ਵਿਚ ਸੀਰੀਆ ਦੀਆਂ ਫੌਜਾਂ ਅਤੇ ਸੁੰਨੀ ਕੱਟੜ ਪੰਥੀਆਂ ਵਿਚਕਾਰ ਹੋਈਆਂ ਝੜਪਾਂ ਵਿਚ 30 ਵਿਅਕਤੀ ਮਾਰੇ ਗਏ।

ਜੋਧਪੁਰ ਕੈਦੀਆਂ ਵਾਰੇ ਅਮਨੈਸਟੀ ਇੰਟਰਨੈਸ਼ਨਲ ਵੀ ਹਰਕਤ 'ਚ

ਅੰਮ੍ਰਿਤਸਰ — ਵਿਸ਼ਵ ਭਰ ਵਿਚ ਜਾਣੀ ਜਾਂਦੀ ਅਮਨੈਸਟੀ ਇੰਟਰਨੈਸ਼ਨਲ ਨੇ ਜੂਨ 1984 ਤੋਂ ਜੋਧਪੁਰ ਜੇਲ੍ਹ ਵਿਚ ਬਿਨਾਂ ਮੁਕੱਦਮਾ ਚਲਾਏ ਰੱਖੇ ਗਏ 359 ਸਿੱਖਾਂ ਦੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਸਿੱਖਾਂ ਨੂੰ ਅਪਰੇਸ਼ਨ ਬਲਿਊ ਸਟਾਰ ਸਮੇਂ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ। ਜੋਧਪੁਰ ਜੇਲ੍ਹ ਵਿਚ ਬੰਦ ਵਿਅਕਤੀਆਂ ਦੇ ਪਰਿਵਾਰਾਂ ਨੂੰ ਅਮਨੈਸਟੀ ਦੇ ਇਕ ਮੈਂਬਰ ਸ੍ਰੀ ਕੀਨਸਟੱਕ ਵਲੋਂ ਚਿੱਠੀਆਂ ਮਿਲੀਆਂ ਹਨ ਜਿਨ੍ਹਾਂ ਵਿਚ ਪੁੱਛਿਆ ਗਿਆ ਹੈ ਕਿ ਕੀ ਸਬੰਧਤ ਵਿਅਕਤੀ ਅਜੇ ਵੀ ਜੋਧਪੁਰ ਦੀ ਜੇਲ੍ਹ ਵਿਚ ਕੈਦ ਹਨ ਅਤੇ ਕੀ ਉਨ੍ਹਾਂ ਉਤੇ ਮੁਕੱਦਮੇ ਦੀ ਸੁਣਵਾਈ ਲਈ ਕੋਈ ਤਰੀਕ ਨਿਸਚਿਤ ਕੀਤੀ ਗਈ ਹੈ। ਇਹ ਵੀ ਪੁੱਛਿਆ ਗਿਆ ਹੈ ਕਿ ਕੀ ਉਨ੍ਹਾਂ ਨੂੰ ਕੈਦੀ ਮੈਂਬਰਾਂ ਨੂੰ ਮਿਲਣ ਦੀ ਇਜ਼ਾਜਤ ਦਿੱਤੀ ਜਾਂਦੀ ਹੈ ਅਤੇ ਕੈਦੀਆਂ ਦੀ ਸਿਹਤ ਕਿਹੋ ਜਿਹੀ ਹੈ ਅਤੇ ਜੇਲ੍ਹ ਵਿਚ ਉਨ੍ਹਾਂ ਨਾਲ ਕਿਹੋ ਜਿਹਾ ਸਲੂਕ ਕੀਤਾ ਜਾ ਰਿਹਾ ਹੈ। ਸ੍ਰੀ ਕੀਨਸਟੱਕ ਨੇ ਭਰੋਸਾ ਦਿੱਤਾ ਹੈ ਕਿ ਜਥੇਬੰਦੀ ਕੈਦੀਆਂ ਦੀ ਰਿਹਾਈ ਲਈ ਯਤਨ ਕਰੇਗੀ ਅਤੇ ਉਨ੍ਹਾਂ ਉਤੇ ਨਿਰਪੱਖ ਤੌਰ ਉਤੇ ਮੁਕੱਦਮਾ ਚਲਾਇਆ ਜਾਣਾ ਯਕੀਨੀ ਬਣਾਏਗੀ।

ਰੀਗਨ ਦਾ ਜਾਦੂ ਟੁੱਟਿਆ

ਵਾਸ਼ਿੰਗਟਨ—ਅਮਰੀਕਾ ਦੇ ਪ੍ਰਮੁੱਖ ਟੀਕਾਕਾਰਾਂ ਨੇ ਭਵਿਸ਼ਬਾਣੀ ਕੀਤੀ ਹੈ ਕਿ ਸ੍ਰੀ ਰੀਗਨ ਰਾਸ਼ਟਰਪਤੀ ਦੇ ਤੌਰ ਤੇ ਮਹੱਤਵ ਰਹਿਤ ਹੋ ਗਏ ਹਨ। ਇਕ ਲੇਖ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਤੇ ਅਮਰੀਕੀ ਜਨਤਾ ਵਿਚਾਲੇ ਜੋ 'ਦ੍ਰਿਸ਼' ਚਲਿਆ ਸੀ, ਉਸ ਦਾ ਜਾਦੂ ਹੁਣ ਖਤਮ ਹੋ ਗਿਆ ਹੈ। ਅਮਰੀਕਾ ਦੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜਿਸ ਦਿਨ ਈਰਾਨ ਨੂੰ ਰੀਗਨ ਪ੍ਰਸ਼ਾਸ਼ਨ ਵਲੋਂ ਹਥਿਆਰ ਦੇਣ ਦਾ ਫੈਸਲਾ ਕੀਤਾ ਗਿਆ ਸੀ, ਉਸ ਦੀ ਉਸੇ ਦਿਨ ਮੌਤ ਹੋ ਗਈ ਸੀ। ਮਾਹਿਰਾਂ ਦੀ ਰਾਇ ਹੈ ਕਿ ਈਰਾਨ ਦਾ ਮਾਮਲਾ ਵਾਟਰ ਕਾਂਡ ਵਰਗਾ ਨਹੀਂ ਹੈ। ਨਿਕਸਨ ਨੂੰ ਅਮਰੀਕੀ ਜਨਤਾ ਸਜ਼ਾ ਦੇਣਾ ਚਾਹੁੰਦਾ ਸੀ ਪਰ ਰੀਗਨ ਨੂੰ ਸਜ਼ਾ ਦੇਣ ਤੋਂ ਝਿਜਕ ਰਹੀ ਹੈ।

ਸਾਡੇ ਸਮਕਾਲੀ

ਪੰਜਾਬ ਦਾ ਮਸਲਾ ਫੌਰੀ ਹੱਲ ਮੰਗਦਾ ਹੈ

ਇਹ ਮਸਲਾ ਸਿਆਸੀ ਹੱਲ ਮੰਗਦਾ ਹੈ,ਪਰ ਸਿਆਸੀ ਤੋਂ ਇਹ ਮਤਲਬ ਨਹੀਂ ਕਿ ਇਸ ਨੂੰ ਕਾਂਗਰਸ ਅਤੇ ਅਕਾਲੀਆਂ ਦੀ ਸੌੜੀ ਸਿਆਸਤ ਦੀਆਂ ਗਿਣਤੀਆਂ ਮਿਣਤੀਆਂ ਦਾ ਸ਼ਿਕਾਰ ਰਹਿਣ ਦਿੱਤਾ ਜਾਏ। ਪੰਜਾਬ ਸਮਝੌਤੇ ਦਾ ਜੋ ਹਸ਼ਰ ਹੋਇਆ ਹੈ,ਉਹ ਸਿਧ ਕਰਦਾ ਹੈ ਕਿ ਜੋ ਵੀ ਸਮਝੌਤਾ ਲੋਕਾਂ ਦੀ ਪਿਠ ਪਿਛੇ ਅੱਧੀ ਰਾਤ ਦੇ ਹਨੇਰੇ ਵਿਚ ਸਾਜ਼ਸ਼ੀ ਤਰੀਕੇ ਨਾਲ ਕੀਤਾ ਜਾਂਦਾ ਹੈ,ਉਹ ਕਦੀ ਵੀ ਸਿਰੇ ਨਹੀਂ ਚੜ੍ਹਦਾ। ਉਸ ਸਮਝੌਤੇ ਵਿਚ ਨਾ ਤਾਂ ਪੰਜਾਬ ਦੀਆਂ ਹੋਰ ਧਿਰਾਂ ਨੂੰ ਅਤੇ ਨਾ ਹੀ ਹਰਿਆਣਾ ਅਤੇ ਰਾਜਿਸਥਾਨ ਦੀਆਂ ਧਿਰਾਂ ਨੂੰ ਵਿਸ਼ਵਾਸ ਵਿਚ ਲਿਆ ਗਿਆ ਤੇ ਨਾ ਹੀ ਕਿਸੇ ਮੱਦ ਉਤੇ ਕੋਈ ਸਪੱਸ਼ਟ ਫੈਸਲਾ ਲਿਆ ਗਿਆ,ਸਗੋਂ ਹਰ ਗੱਲ ਕਮਿਸ਼ਨਾਂ ਉਤੇ ਹੀ ਸੁੱਟ ਦਿਤੀ ਗਈ।

ਹੁਣ ਬਹੁਤ ਸਾਰਾ ਪਾਣੀ ਪੁੱਲ ਥਲਿਓਂ ਲੰਘ ਚੁੱਕਿਆ ਹੈ। ਸਮਝੌਤੇ ਦੇ ਬਾਅਦ ਹੁਣ ਤੱਕ ਪੰਜਾਬੀ ਮਾਵਾਂ ਦੇ 987 ਧੀਆਂ ਪੁੱਤ ਆਪਣੀਆਂ ਜਾਨਾਂ ਗਵਾ ਬੈਠੇ ਹਨ ਤੇ ਇਹ ਗਿਣਤੀ ਹਰ ਦਿਨ ਵਧਦੀ ਜਾ ਰਹੀ ਹੈ। ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ ਲਗਦਾ। ਉਨ੍ਹਾਂ ਕੋਲ ਇਸ ਮਸਲੇ ਦਾ ਇਕੋ ਹੱਲ ਲਗਦਾ ਹੈ ਕਿ ਪੁਲੀਸ,ਫੌਜੀ ਅਤੇ ਨੀਮ ਫੌਜੀ ਜਬਰ ਨੂੰ ਪੰਜਾਬ ਦੇ ਲੋਕਾਂ ਉਤੇ ਲਾਗੂ ਕਰ ਦੇਵੋ। ਉਨ੍ਹਾਂ ਦੇ ਹਰ ਇਕ ਜਮਹੂਰੀ ਹੱਕ ਖੋਹ ਲਵੋ,ਪਰ ਮੱਸਲੇ ਦੀ ਜੜ੍ਹ ਨੂੰ ਛੇੜੋ ਤੱਕ ਨਾ। ਭਾਰਤੀ ਪਾਰਲੀਮੈਂਟ ਅਤੇ ਪੰਜਾਬ ਅਸੈਂਬਲੀ ਦੀਆਂ ਸਾਰੀਆਂ ਕਾਰਵਾਈਆਂ ਦੱਸਦੀਆਂ ਹਨ ਕਿ ਇਕ ਵੀ ਠੋਸ ਸੁਝਾਅ ਕਿਸੇ ਇਕ ਮੈਂਬਰ ਵਲੋਂ ਨਹੀਂ ਆਇਆ। ਇਕੋ ਹੀ ਰੱਟ ਕਿ ਦੇਸ਼ ਦੀ ਏਕਤਾ ਨੂੰ ਹਰ ਹਾਲਤ ਵਿਚ ਬਚਾਇਆ ਜਾਏਗਾ,ਭਾਵੇਂ ਕਿੰਨੀ ਹੀ ਸਖਤੀ ਕਰਨੀ ਪਵੇ। ਹਾਲੇ ਕੋਈ ਸਖਤੀ ਦੀ ਕਸਰ ਰਹਿ ਗਈ ਏ? ਫੌਜਾਂ ਵੀ ਚੜ੍ਹਾ ਕੇ ਦੇਖ ਲਈਆਂ,ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੂੰ ਮਰਵਾ ਕੇ ਜਾਂ ਜੇਲ੍ਹਾਂ ਵਿਚ ਸੁੱਟ ਕੇ ਵੀ ਵੇਖ ਲਿਆ ਕਿ ਇਹ ਇਸ ਮਸਲੇ ਦਾ ਹੱਲ ਨਹੀਂ। ਅਜੋਕੀ ਸਥਿਤੀ ਵਿਚ ਹੱਲ ਇਕੋ ਹੈ ਕਿ ਸਾਰੀਆਂ ਧਿਰਾਂ ਦੀ ਗੋਲਮੇਜ਼ ਕਾਨਫਰੰਸ ਬੁਲਾਈ ਜਾਏ ਜਿਸ ਵਿਚ ਸਿੱਖਾਂ ਦੀਆਂ ਸਾਰੀਆਂ ਧਿਰਾਂ,ਪੰਜਾਬ ਦੇ ਹਿੰਦੂਆਂ ਦੀਆਂ ਸਾਰੀਆਂ ਧਿਰਾਂ,ਪੰਜਾਬ ਦੀਆਂ ਉਹ ਜਮਹੂਰੀ ਧਿਰਾਂ ਜਿਨ੍ਹਾਂ ਨੇ ਸਿਰ ਧੜ ਦੀ ਬਾਜ਼ੀ ਲਗਾਕੇ ਇਕ ਨਿਰਪੱਖ ਸਟੈਂਡ ਲੈ ਕੇ ਪੰਜਾਬ ਦੀ ਧਰਤੀ ਨੂੰ ਫਿਰਕੂ ਨਫਰਤ ਤੋਂ ਬਚਾਕੇ ਰੱਖਿਆ,ਹਰਿਆਣਾ ਅਤੇ ਰਾਜਸਥਾਨ ਦੀਆਂ ਧਿਰਾਂ,ਪੰਜਾਬ ਤੋਂ ਬਾਹਰ ਦਿੱਲੀ,ਕਾਨਪੁਰ,ਬੰਬਈ ਆਦਿਕ ਸਿੱਖਾਂ ਦੀਆਂ ਧਿਰਾਂ ਸੱਤਾਧਾਰੀ ਅਤੇ ਗੈਰਸੱਤਾਧਾਰੀ ਰਾਸ਼ਟਰੀ ਪੱਧਰ ਦੇ ਆਗੂ ਸ਼ਾਮਲ ਕੀਤੇ ਜਾਣ ਅਤੇ ਇਕ ਨਵਾਂ ਸਮਝੌਤੇ ਦੀ ਰੂਪ ਰੇਖਾ ਤਿਆਰ ਕੀਤੀ ਜਾਏ। ਇਸ ਸਮਝੌਤੇ ਦਾ ਹਰ ਮੱਦ ਬਿਲਕੁਲ ਸਪੱਸ਼ਟ ਹੋਵੇ ਤੇ ਲੈਣ ਦੇਣ ਕਰਕੇ ਹਰ ਇਕ ਧਿਰ ਦੀ ਵੱਧ ਤੋਂ ਵੱਧ ਸੰਤੁਸ਼ਟੀ ਕਰਵਾਉਣ ਦਾ ਯਤਨ ਹੋਵੇ। ਗੋਲਮੇਜ਼ ਉਤੇ ਖਾਲਿਸਤਾਨੀ ਅਨਸਰ ਨੂੰ ਇਹ ਅਹਿਸਾਸ ਕਰਵਾਇਆ ਜਾਏ ਕਿ ਪੰਜਾਬ ਦੀ ਜੋ ਜੁਗਰਾਫਾਈ ਸਥਿਤੀ ਹੈ

ਤੇ ਪੰਜਾਬ ਦੀ ਵਸੋਂ ਦੀ ਜੋ ਬਣਤਰ ਹੈ,ਤੇ ਸਿੱਖਾਂ ਦੇ ਪੰਜਾਬ ਦੇ ਬਾਹਰ ਜੋ ਹਿਤ ਹਨ,ਇਸ ਅਨੁਸਾਰ ਖਾਲਿਸਤਾਨ ਬਣਾਏ ਜਾਣ ਦੀ ਕੋਈ ਸੰਭਾਵਨਾ ਨਹੀਂ,ਪਰ ਇਕ ਐਸੇ ਫੈਡਰਲ ਪ੍ਰਬੰਧ ਦੀ ਜ਼ਰੂਰ ਸੰਭਾਵਨਾ ਹੈ,ਜਿਸ ਅਨੁਸਾਰਹਰ ਕਮਿਊਨਿਟੀ ਦੇ ਧਰਮ ਅਤੇ ਸਭਿਆਚਾਰ ਦੀ ਰਾਖੀ ਦੀ ਗਰੰਟੀ ਦਿਤੀ ਜਾ ਸਕਦੀ ਹੈ। ਖਾਲਿਸਤਾਨੀ ਅਨਸਰ ਜੇਕਰ ਇਸ ਪੇਸ਼ਕਸ਼ ਨੂੰ ਨਹੀਂ ਮੰਨਦਾ ਜਾਂ ਗੋਲਮੇਜ਼ ਕਾਨਫਰੰਸ ਤੇ ਨਹੀਂ ਆਉਂਦਾ,(ਸ਼ਰਤ ਹੈ ਕਾਨਫਰੰਸ ਵਿਚ ਆਉਣ ਲਈ ਉਨਾਂ ਦੀ ਰਾਖੀ ਦੀ ਪੂਰੀ ਗਰੰਟੀ ਦਿਤੀ ਜਾਏ ਕਿ ਉਨ੍ਹਾਂ ਨੂੰ ਕਿਸੇ ਕੇਸ ਵਿਚ ਗ੍ਰਿਫਤਾਰ ਨਹੀਂ ਕੀਤਾ ਜਾਏਗਾ) ਤਾਂ ਉਨ੍ਹਾਂ ਨੂੰ ਲੋਕਾਂ ਦੀ ਸੱਥ ਵਿਚ ਖੜਾ ਕੀਤਾ ਜਾਏ। ਹੁਣ ਹਕੀਕਤ ਇਹ ਹੈ ਕਿ ਭਾਵੇਂ ਸਾਰੇ ਲੋਕ ਉਨ੍ਹਾਂ ਦੀਆਂ ਕਾਰਵਾਈਆਂ ਤੋਂ ਤੰਗ ਹਨ,ਪਰ ਵੱਡੇ ਪੱਧਰ ਤੇ ਸਿੱਖ ਕਮਿਊਨਿਟੀ ਵਿਚ ਉਨ੍ਹਾਂ ਲਈ ਇਕ ਲੁਕਵੀਂ ਹਮਦਰਦੀ ਹੈ ਜੋ ਅਸਲ ਵਿਚ ਇਸ ਕਮਿਊਨਿਟੀ ਦੀ ਕੇਂਦਰੀ ਸਰਕਾਰ ਪ੍ਰਤੀ ਬੇਵਿਸ਼ਵਾਸੀ ਹੈ। ਭਾਵੇਂ,ਰਾਜੀਵ ਅਤੇ ਉਹਦੀ ਸਰਕਾਰ 'ਅਤਿਵਾਦ ਨੂੰ ਕੁਚਲਣ' ਦੀ ਆਪਣੀ ਵਚਨਬੱਧੀ ਨੂੰ ਰੋਜ਼ ਦੁਹਰਾਂਦੇ ਹਨ,ਪਰ ਵਿਚੋਂ ਉਹ ਜਾਣਦੇ ਹਨ ਕਿ ਉਹ ਇਸ ਵਿਚ ਕਾਮਯਾਬ ਨਹੀਂ ਹੋ ਸਕਣਗੇ,ਇਸ ਲਈ ਉਹ ਵਿਚੋਂ ਵਿਚ ਇਸ਼ਾਰੇ ਵੀ ਕਰਦੇ ਹਨ,ਪਰ ਝੂਠੇ ਵਕਾਰ ਕਰਕੇ ਖੁਲ੍ਹਕੇ ਗਲ ਨਹੀਂ ਕਰਦੇ। ਇਸ ਦੇ ਉਲਟ ਕੌਮੀ ਪ੍ਰੈਸ ਦਾ ਇਕ ਸ਼ਕਤੀਸ਼ਾਲੀ ਹਿਸਾ ਹੁਣ ਇਸ ਗੱਲਬਾਤ ਦੇ ਹੱਕ ਵਿਚ ਲੋਕ ਰਾਏ ਲਾਮਬੰਦ ਕਰ ਰਿਹਾ ਹੈ। ਇਸ ਪੱਖੋਂ ਹਿੰਦੋਸਤਾਨ ਟਾਈਮਜ਼ ਅਖਬਾਰ ਦੇ ਕੁਝ ਸੰਪਾਦਕੀ ਅਤੇ ਇੰਡੀਅਨ ਐਕਸ ਪ੍ਰੈਸ ਅਖਬਾਰ ਦੇ ਪਹਿਲੇ ਰਹਿ ਚੁੱਕੇ ਸੰਪਾਦਕ ਸ੍ਰੀ ਵਰਗੀਜ਼ ਦੇ ਲੇਖ ਤੇ ਨੈਸ਼ਨਲ ਪ੍ਰੈਸ ਵਿਚ ਛਪੀਆਂ ਅਣਗਿਣਤ ਚਿੱਠੀਆਂ ਜੀਂਦਾ ਜਾਗਦਾ ਸਬੂਤ ਹਨ। ਕੇਂਦਰ ਗ੍ਰਹਿਮੰਤਰੀ ਬੂਟਾ ਸਿੰਘ ਨੇ ਬਿਆਨ ਦਿਤਾ ਹੈ ਕਿ ਅਤਿਵਾਦੀ ਕਾਤਲਾਂ ਨਾਲ ਗੱਲਬਾਤ ਨਹੀਂ ਹੋ ਸਕਦੀ। ਨਹੀਂ ਹੋ ਸਕਦੀ ਤੇ ਨਾ ਕਰੋ,ਪਰ ਲੋਕ ਇਹ ਮੰਗ ਕਰਨ ਦਾ ਹੱਕ ਰਖਦੇ ਹਨ ਕਿ ਸਰਕਾਰ ਲੋਕਾਂ ਦੇ ਜਾਨੋਮਾਲ ਦੀ ਹਿਫਾਜ਼ਤ ਦੀ ਪੂਰੀ ਗਰੰਟੀ ਦੇਵੇ,ਜੇਕਰ ਉਹ ਇਹ ਗਰੰਟੀ ਨਹੀਂ ਦੇ ਸਕਦੀ ਅਤੇ ਇਕ ਵੀ ਬੇਦੋਸ਼ੀ ਜਾਨ ਦਾ ਨੁਕਸਾਨ ਹੁੰਦਾ ਹੈ,ਤਾਂ ਉਹ ਸਰਕਾਰ ਇਕ ਦਿਨ ਗੱਦੀ ਤੇ ਰਹਿਣ ਦੀ ਹੱਕਦਾਰ ਨਹੀਂ। ਇਹ ਪੱਖ ਤੋਂ ਕੇਂਦਰੀ ਅਤੇ ਪੰਜਾਬ ਸਰਕਾਰਾਂ ਦੋਨੋਂ ਦੋਸ਼ੀ ਹਨ। ਸਰਕਾਰੀ ਖਜ਼ਾਨੇ ਵਿਚੋਂ 20 ਹਜ਼ਾਰ ਜਾਂ ਇਕ ਲੱਖ ਮਰਨ ਵਾਲੇ ਦੇ ਰਿਸ਼ਤੇਦਾਰਾਂ ਨੂੰ ਸਹਾਇਤਾ ਦੇਣ ਨਾਲ ਇਨ੍ਹਾਂ ਸਰਕਾਰਾਂ ਦੀ ਜ਼ਿੰਮੇਵਾਰੀ ਨਹੀਂ ਮੁਕਦੀ।

ਗੁਰਸ਼ਰਨ ਸਿੰਘ

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਜੁਝਾਰੂਆਂ ਦੇ ਨਾਂ ਚਿੱਠੀ ! — ਗੱਪਸਤਾਨ ਟੈਮ

— ਕਿ ਗੱਪਸਤਾਨੀ ਅਖਬਾਰਾਂ ਲਈ ਮਸਾਲੇਦਾਰ ਖਬਰਾਂ ਦਾ ਜ਼ਖੀਰਾ ਮੁੱਕਣ ਨਾ ਦਿਓ !

- ਮਾਰਨ ਤੇ ਆਤਮ-ਦਾਹ ਦਾ ਪ੍ਰੋਗਰਾਮ

— ਕਦੋਂ ਬਣਾ ਰਹੇ ਹੋ ?

- 26 ਜਨਵਰੀ ਕਾਲਾ ਦਿਨ

— ਭਾਰਤੀ ਆਜ਼ਾਦੀ ਵਿਚ 95 ਫੀ ਪੰਜਾਬੀਆਂ ਦੇ ਪਾਏ ਹਿੱਸੇ ਦੀ ਤੌਹੀਨ ਕਰਨਾ ਤੁਹਾਡਾ ਹੀ ਸ਼ੌਕ ਹੋ ਸਕਦਾ ਹੈ !

- ਸਾਨੂੰ ਘਟੀਆ ਖਾਣਾ ਦਿਤਾ ਜਾ ਰਿਹਾ ਹੈ — ਬਾਦਲ

— ਜਾਗੀਰਦਾਰੀ ਭੋਜਨ ਦੇ ਛੱਤੀ ਪਕਵਾਨ ਉਡੀਕ ਰਹੇ ਹੋ ?

- ਜੇਲ੍ਹਾਂ ਭੰਨ ਕੇ ਛੁਡਾਵਾਂਗੇ

— ਸਭ ਕੁਝ ਪਿਆਰਿਓ ਰਲ ਮਿਲ ਕੇ ਹੀ ਹੋ ਰਿਹਾ ਹੈ !

- ਪੰਜਾਬ ਅਕਾਰਡ ਲਾਗੂ ਕਰੋ ਵਰਨਾ ... ਸੰਧੂ

— ਅਸੀਂ ਰਿਸ਼ਵਤਖੋਰੀ ਤੇ ਸਮਗਲਿੰਗ ਦੇ ਧੰਦੇ ਜਾਰੀ ਰੱਖਾਂਗੇ !

- ਅਮਰੀਕੀ ਰਾਸ਼ਟਰਪਤੀ ਨੂੰ ਤਾਰ ......

— ਕਿ ਰੇਗਨ ਬਾਬਾ ਸਾਨੂੰ ਕਿਉਂ ਬਲਦੀ ਦੇ ਬੂਥੇ ਦੇ ਰਿਹੈਂ ਹੈਂ ?

- ਕਰੇ ਕੋਈ ਭਰੇ ਕੋਈ

— ਆਖਰ ਕਦੇ ਕਦੇ ਸੱਚ ਵੀ ਮੂੰਹ ਤੇ ਆ ਜਾਂਦਾ ਹੈ !

- ਬੰਦੂਕ ਖੋਹ ਲਈ

— ਨਹੀਂ ਤਾਂ ਵਿਆਹ ਜੋਗੇ ਦੀ ਥਾਂ ਅੜਾਟ ਭੋਗੇ ਕਾ ਪੈ ਜਾਣਾ ਸੀ !

- ਬਰਨਾਲਾ ਕੇਂਦਰੀ ਆਗੂਆਂ ਨੂੰ ਮਿਲੇ

— ਤੇ ਆਪਣੀ ਛੋਤ ਲਹਾਈ ?

- ਭਾਰੀ ਮਾਤਰਾ ਵਿਚ ਵਿਸ਼ਟਾ

— ਕਿੰਨੇ ਸਾਲਾਂ ਤੋਂ ਮਿਲ ਰਹੀ ਹੈ ?

- ਘਟੀਆ ਤੋਂ ਘਟੀਆ ਸ਼ਬਦਾਵਲੀ

— ਕਦੇ ਆਪਣੇ ਗਿਰੇਬਾਨ ਵਿਚ ਵੀ ਝਾਤੀ ਮਾਰੀ ਹੈ ?

- ਪੰਜਾਬੀ ਪੱਤਰਕਾਰੀ ਦਾ ਮਿਆਰ

— ਇਕਪਾਸੜ ਖਬਰਾਂ ਦੇ ਕੇ ਨਹੀਂ ਬਣਦਾ ਪਿਆਰਿਓ !

- ਇਤਿਹਾਸ ਨਹੀਂ ਭੁਲੇਗਾ

— ਕਿ ਖਾਲਿਸਤਾਨੀ ਭੇਸ ਵਿਚ ਕਾਂਗਰਸੀ ਨੀਤੀਆਂ ਦਾ ਸਮਰਥਨ ਕੌਣ ਕਰ ਰਿਹਾ ਹੈ !

ਬਹੁਤੇ ਮਜ਼ਬੀ ਨੇਤਾ ਧਾਰਮਿਕ ਜਲੂਸਾਂ ਦੇ ਹੱਕ 'ਚ

ਨਵੀਂ ਦਿੱਲੀ—ਧਾਰਮਿਕ ਮੁਖੀ,ਸਿਆਸੀ ਨੇਤਾ ਤੇ ਸਮਾਜ ਸੇਵਕ ਇਸ ਸੁਝਾਅ ਦੇ ਸਖਤ ਵਿਰੁੱਧ ਹਨ ਕਿ ਧਾਰਮਿਕ ਜਲੂਸਾਂ ਉਤੇ ਪਾਬੰਦੀ ਲਾਈ ਜਾਏ ਕਿਉਂਕਿ ਇਸ ਨਾਲ ਕਈ ਵਾਰ ਫਿਰਕੂ ਦੰਗੇ ਭੜਕਦੇ ਹਨ ।

ਇਨ੍ਹਾਂ ਨੇਤਾਵਾਂ ਦਾ ਵਿਚਾਰ ਹੈ ਕਿ ਧਾਰਮਿਕ ਜਲੂਸਾਂ ਨਾਲ ਲੋਕਾਂ ਵਿਚ ਉਤਸ਼ਾਹ ਦਾ ਜਲਵਾ ਪੈਦਾ ਹੁੰਦਾ ਹੈ ਅਤੇ ਇਹ ਸੰਸਾਰ ਦੇ ਹਰ ਮੁਲਕ ਵਿਚ ਨਿੱਕਲਦੇ ਹਨ। ਪਰ ਜੇਕਰ ਇਨ੍ਹਾਂ ਉਤੇ ਪਾਬੰਦੀ ਲਾ ਦਿੱਤੀ ਗਈ ਤਾਂ ਇਸ ਨਾਲ ਤਿੱਖੀ ਪ੍ਰਤੀਕਿਰਿਆ ਪ੍ਰਗਟ ਹੋ ਸਕਦੀ ਹੈ ਜਿਸ ਨੂੰ ਕਾਬੂ ਵਿਚ ਰੱਖਣਾ ਮੁਸ਼ਕਲ ਹੋ ਜਾਂਦਾ ਹੈ ।

ਯੂ.ਐਨ.ਆਈ. ਵਲੋਂ ਦਵਾਰਕਾ ਦੇ ਸ਼ੰਕਰਾਚਾਰੀਆ,ਆਰ. ਐਸ.ਐਸ. ਮੁਖੀ ਬਾਲਾ ਸਾਹਿਬ ਦਿਓਰਸ,ਸ਼ਿਵ ਸੈਨਾ ਦੇ ਨੇਤਾ ਬਾਲ ਠਾਕਰੇ ਤੇ ਸ਼੍ਰੀਨਗਰ ਮੱਠ ਦੇ ਸਵਾਮੀ ਜੀ ਪਰਮਾਨੰਦ ਭਾਰਤੀ ਨਾਲ ਕੀਤੀਆਂ ਮੁਲਾਕਾਤਾਂ ਤੋਂ ਪਤਾ ਲੱਗਦਾ ਹੈ ਕਿ ਇਹ ਨੇਤਾ ਧਾਰਮਿਕ ਜਲੂਸਾਂ ਉਤੇ ਪਾਬੰਦੀ ਦੇ ਵਿਰੁੱਧ ਹਨ। ਚੇਤੇ ਰਹੇ ਕਿ ਹਾਲ ਵਿਚ ਹੀ ਕੌਮੀ ਏਕਤਾ ਕੌਂਸਲ ਦੀ ਮੀਟਿੰਗ ਵਿਚ ਧਾਰਮਿਕ ਜਲੂਸਾਂ ਉਤੇ ਪਾਬੰਦੀ ਲਾਉਣ ਦਾ ਸੁਝਾਅ ਸਾਹਮਣੇ ਆਇਆ ਸੀ ।

ਆਰ.ਐਸ.ਐਸ. ਮੁਖੀ ਬਾਲਾ ਸਾਹਿਬ ਦਿਓਰਸ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ਕਿ ਧਾਰਮਿਕ ਜਲੂਸਾਂ ਤੋਂ ਹੀ ਫਿਰਕੂ ਦੰਗੇ ਭੜਕਦੇ ਹਨ । ਉਨ੍ਹਾਂ ਅਨੁਸਾਰ ਕੁਝ ਅਜਿਹੇ ਅਨਸਰ ਹੁੰਦੇ ਹਨ ਜੋ ਹਰ ਸਮੇਂ ਸਥਿਤੀ ਨੂੰ ਭੜਕਾਉਣ ਲਈ ਬਹਾਨਾ ਲੱਭਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸੈਂਕੜੇ ਵਰ੍ਹਿਆਂ ਤੋਂ ਇਹ ਜਲੂਸ ਨਿਕਲਦੇ ਆ ਰਹੇ ਹਨ ਅਤੇ ਇਹ ਚਰਚਾਂ,ਮੰਦਰਾਂ ਤੇ ਮਸਜਿਦਾਂ ਅੱਗੋਂ ਲੰਘਦੇ ਹਨ । ਇਹੋ ਜਿਹੇ ਜਲੂਸਾਂ 'ਤੇ ਪਾਬੰਦੀ ਬਿਲਕੁਲ ਗਲਤ ਹੋਏਗੀ ।

ਦਵਾਰਕਾ ਦੇ ਸ਼ੰਕਰਾਚਾਰੀਆ ਦਾ ਕਹਿਣਾ ਹੈ ਕਿ ਜੇਕਰ ਧਾਰਮਿਕ ਜਲੂਸਾਂ ਉਤੇ ਪਾਬੰਦੀ ਇਸ ਕਰ ਕੇ ਲਗਦੀ ਹੈ ਕਿ ਫਿਰਕੂ ਦੰਗੇ ਨਾ ਭੜਕ ਪੈਣ ਤਾਂ ਅਜਿਹ ਸਥਿਤੀ ਨਾਲ ਸਮਾਜ ਵਿਰੋਧੀ ਅਨਸਰਾਂ ਦੀ ਹੀ ਜਿੱਤ ਹੋਏਗੀ। ਸਾਨੂੰ ਸਗੋਂ ਸਮਾਜ ਵਿਰੋਧੀ ਅਨਸਰਾਂ ਦਾ ਪਰਦਾ ਫਾਸ਼ ਕਰਨਾ ਚਾਹੀਦਾ ਹੈ । ਇਹੋ ਅਨਸਰ ਫਿਰਕੂ ਦੰਗਿਆਂ ਦੀ ਆਪਣੇ ਸਵਾਰਥੀ ਹਿਤਾਂ ਲਈ ਅਗਵਾਈ ਕਰਦੇ ਹਨ। ਚਾਹੀਦਾ ਤਾਂ ਇਹ ਹੈ ਕਿ ਇਹੋ ਜਿਹੇ ਅਨਸਰਾਂ ਦੀ ਸ਼ਨਾਖਤ ਕਰ ਕੇ ਇਹ ਪਤਾ ਕੀਤਾ ਜਾਏ ਕਿ ਇਨ੍ਹਾਂ ਲੋਕਾਂ ਦੇ ਸਿਆਸਤਦਾਨਾਂ ਨਾਲ ਕ ੀ ਸਬੰਧ ਹਨ ।

ਸ਼ਿਵ ਸੈਨਾ ਦੇ ਮੁਖੀ ਬਾਲ ਠਾਕਰੇ ਦਾ ਕਹਿਣਾ ਹੈ ਕਿ ਧਾਰਮਿਕ ਜਲੂਸਾਂ ਉਤੇ ਪਾਬੰਦੀ ਦੀ ਗੱਲ ਹੀ ਮੂਰਖਤਾ ਵਾਲੀ ਹੈ। ਉਨ੍ਹਾਂ ਅਨੁਸਾਰ ਲੋਕ ਇਹੋ ਜਿਹੀ ਪਾਬੰਦੀ ਬਰਦਾਸ਼ਤ ਨਹੀਂ ਕਰਨਗੇ ਕਿਉਂਕਿ ਇਹਧਰਮ ਦੇ ਅੰਦਰੂਨੀ ਮਾਮਲਿਆਂ ਵਿਚਦਖਲ ਅੰਦਾਜ਼ੀ ਹੈ।

ਗੁਰੂ ਸਿੰਘ ਸਭਾ ਬੰਬਈ ਦੇ ਜਨਰਲ ਸਕੱਤਰ ਤਰਲੋਚਨ ਸਿੰਘ ਦਾ ਕਹਿਣਾ ਹੈ ਕਿ ਧਾਰਮਿਕ ਜਲੂਸ ਦੇਸ਼ ਦੇ ਅਮੀਰ ਵਿਰਸੇ ਦਾ ਹਿਸਾ ਹਨ। ਇਨ੍ਹਾਂ ਉਤੇ ਪਾਬੰਦੀ ਲਾਉਣੀ ਠੀਕ ਨਹੀਂ ਰਹੇਗੀ ।

ਬੰਗਲੌਰ ਦੇ ਇਕ ਉਘੇ ਪਾਦਰੀ ਡਾਕਟਰ ਅਲਫੋਨਸਸ ਮਥਿਆਸ ਇਹਮਹਿਸੂਸ ਕਰਦੇ ਹਨ ਕਿ ਜੇਕਰ ਧਾਰਮਿਕ ਜਲੂਸਾਂ ਉਤੇ ਪਾਬੰਦੀ ਲਾਈ ਗਈ ਤਾਂ ਲੋਕ ਇਹ ਮਹਿਸੂਸ ਕਰਨਗੇ ਕਿ ਸਰਕਾਰ ਨੇ ਤਾਨਾਸ਼ਾਹੀ ਵਾਲਾ ਵਤੀਰਾ ਅਖਤਿਆਰ ਕਰ ਲਿਆ ਹੈ। ਪਾਦਰੀ ਦਾ ਵਿਚਾਰ ਹੈ ਕਿ ਵੱਖ ਵੱਖ ਫਿਰਕਿਆਂ ਦੇ ਧਾਰਮਿਕ ਜਲੂਸਾਂ ਦਾ ਸਮਾਂ ਜ਼ਰੂਰ ਮਿਥਿਆ ਜਾਣਾ ਚਾਹੀਦਾ ਹੈ ਅਤੇ ਇਸ ਲਈ ਸੁਰੱਖਿਆ ਪ੍ਰਬੰਧ ਪੇਸ਼ਗੀ ਹੀ ਕੀਤੇ ਜਾ ਸਕਦੇ ਹਨ। ਆਮ ਕਰ ਕੇ ਸਿਆਸਤਦਾਨ ਲੋਕਾਂ ਦੇ ਧਾਰਮਿਕ ਜਜ਼ਬਿਆਂ ਨੂੰ ਭੜਕਾਉਂਦੇ ਹਨ,ਇਸ ਲਈ ਇਨ੍ਹਾਂ ਉਤੇ ਰੋਕ ਲਗਣੀ ਚਾਹੀਦੀ ਹੈ। ਜਲੂਸਾਂ ਸਮੇਂ ਸਮਾਜ ਵਿਰੋਧੀ ਅਨਸਰਾਂ ਉਤੇ ਸਖਤ ਚੌਕਸੀ ਰੱਖਣੀ ਚਾਹੀਦੀ ਹੈ ।

ਸਵਾਮੀ ਪਰਮਾਨੰਦ ਭਾਰਤੀ ਦਾ ਵੀ ਇਹੋ ਵਿਚਾਰ ਹੈ ਕਿ ਧਾਰਮਿਕ ਜਲੂਸਾਂ ਉਤੇ ਪਾਬੰਦੀ ਨਹੀਂ ਲਗਣੀ ਚਾਹੀਦੀ ਪਰ ਸਿਆਸਤਦਾਨਾਂ ਨੂੰ ਧਾਰਮਿਕ ਮਾਮਲਿਆਂ ਤੋਂ ਜ਼ਰੂਰ ਦੂਰ ਰੱਖਣਾ ਚਾਹੀਦਾ ਹੈ ।

ਸੀ.ਪੀ.ਆਈ. ਦੀ ਕੌਮੀ ਕੌਂਸਲ ਦੇ ਸੈਕਟਰੀ ਜਗਨ ਨਾਥ ਧਾਰਮਿਕ ਜਲੂਸਾਂ ਉਤੇ ਕੁਝ ਰੋਕਾਂ ਲਾਉਣ ਦੇ ਹੱਕ ਵਿਚ ਹਨ। ਸਾਥਈ ਅਮਨ ਕਮੇਟੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ । ਤਾਂ ਜੋ ਜਲੂਸ ਦੇ ਰਾਹ ਵਿਚ ਆਉਂਦੇ ਹਰ ਨਾਜ਼ਕ ਖੇਤਰ ਦਾ ਅਗਾਊਂ ਜਾਇਜ਼ਾ ਲੈ ਸਕਣ । ਉਨ੍ਹਾਂ ਕਿਹਾ ਕਿ ਮੁਕੰਮਲ ਪਾਬੰਦੀ ਨਾਲ ਲੋਕਾਂ ਵਿਚ ਮਾਯੂਸੀ ਪੈਦਾ ਹੋਏਗੀ ।

ਪਰ ਕਰਨਾਟਕਾ ਦੇ ਸਾਬਕਾ ਮੁੱਖ ਮੰਤਰੀ ਕਾਡੀ ਲਾਲ ਮਨਜੱਪਾ ਦਾ ਕਹਿਣਾ ਹੈ ਕਿ ਧਾਰਮਿਕ ਜਲੂਸਾਂ ਉਤੇ ਪਾਬੰਦੀ ਲਗਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਜਲੂਸਾਂ ਤੋਂ ਹੀ ਲੋਕਾਂ ਦੇ ਧਾਰਮਿਕ ਜਜ਼ਬਾਤ ਭੜਕਦੇ ਹਨ ਜੋ ਦੇਸ਼ ਵਿਚ ਹਿੰਸਾ ਨੂੰ ਜਨਮ ਦਿੰਦੇ ਹਨ ।

ਸਿੱਕਮ ਵਿਚ ਬਹੁਤੇ ਰਾਜਸੀ ਨੇਤਾ ਤੇ ਧਾਰਮਿਕ ਮੁਖੀ ਫਿਰਕੂ ਏਕਤਾ ਨੂੰ ਮੁੱਖ ਰੱਖਦਿਆਂ ਧਾਰਮਿਕ ਜਲੂਸਾਂ ਉਤੇ ਪਾਬੰਦੀ ਲਾਉਣ ਦੇ ਹੱਕ ਵਿਚ ਹਨ ।

ਗੰਟੋਕ ਦੇ ਸੇਂਟ ਥਾਮਸ ਚਰਚ ਦੇ ਪਾਦਰੀ ਜੋਸਫ ਦਾ ਕਹਿਣਾ ਹੈ ਕਿ ਧਾਰਮਿਕ ਜਲੂਸਾਂ ਤੋਂ ਇਹ ਮਤਲਬ ਨਹੀਂ ਲੈਣਾ ਚਾਹੀਦਾ ਕਿ ਗਲੀਆਂ ਵਿਚ ਅਫਰਾ ਤਫਰੀ ਫੈਲਾਈ ਜਾਏ ।

ਇਕ ਬੋਧੀ ਰੋਮਪੋਰਹੀ ਦਾ ਵਿਚਾਰ ਹੈ ਕਿ ਜੇਕਰ ਇਕ ਫਿਰਕੇ ਦੇ ਜਲੂਸ ਨਾਲ ਕਿਸੇ ਦੂਜੇ ਫਿਰਕੇ ਦਾ ਨੁਕਸਾਨ ਪਹੁੰਚਦਾ ਹੈ ਤਾਂ ਇਹੋ ਜਿਹੇ ਜਲੂਸ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਧਰਮ ਮਨੁੱਖੀ ਸਮਾਜ ਦੀ ਭਲਾਈ ਲਈ ਹੈ ਨਾ ਕਿ ਮਨੁੱਖੀ ਜਾਨਾਂ ਲੈਣ ਲਈ ।

ਸੀ. ਪੀ. ਆਈ. ਵਲੋਂ ਭਾਜਪਾ ਸੁਝਾਵਾਂ ਦੇ ਵਿਰੋਧ ਦਾ ਸੱਦਾ

ਨਵੀਂ ਦਿੱਲੀ — ਭਾਰਤੀ ਕਮਿਊਨਿਸਟ ਪਾਰਟੀ ਦੇ ਕੇਂਦਰੀ ਸਕੱਤਰੇਤ ਨੇ ਭਾਰਤੀ ਜਨਤਾ ਪਾਰਟੀ ਵਲੋਂ ਦੇਸ਼ ਵਿਚ ਪ੍ਰਧਾਨਗੀ ਤਰਜ਼ ਦੀ ਸਰਕਾਰ ਕਾਇਮ ਕਰਨ 'ਤੇ ਦੇਸ਼ ਵਿਚ ਭਾਸ਼ਾ ਦੇ ਆਧਾਰ ਉਤੇ ਬਣਾਏ ਸੂਬੇ ਖਤਮ ਕਰਨ ਦੀ ਮੰਗ ਦਾ ਵਿਰੋਧ ਕੀਤਾ ਹੈ। ਕੇਂਦਰੀ ਸਕੱਤਰੇਤ ਨੇ ਇਥੇ ਜਾਰੀ ਇਕ ਬਿਆਨ ਵਿਚ ਦੇਸ਼ ਦੀਆਂ ਸਾਰੀਆਂ ਲੋਕਰਾਜੀ ਤਾਕਤਾਂ ਨੂੰ ਇਸ ਮੰਗ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਹੈ ।

ਭਾਰਤੀ ਕਮਿਊਨਿਸਟ ਪਾਰਟੀ ਨੇ ਇਕ ਮਤੇ ਰਾਹੀਂ ਭਾਰਤੀ ਜਨਤਾ ਪਾਰਟੀ ਦੀ ਕੌਮੀ ਕੌਂਸਲ ਦੀ ਪਿਛਲੇ ਦਿਨੀਂ ਵਿਜੇਵਾੜਾ ਵਿਚ ਹੋਈ ਮੀਟਿੰਗ ਸਮੇਂ ਪੇਸ਼ ਕੀਤੇ ਗਏ ਵੱਖ ਵੱਖ ਸੁਝਾਵਾਂ ਨੂੰ ਮੂਲ ਰੂਪ ਵਿਚ ਲੋਕਰਾਜ ਵਿਰੋਧੀ ਕਰਾਰ ਦਿੱਤਾ ਹੈ । ਚੇਤੇ ਰਹੇ ਭਾਜਪਾ ਦੇ ਇਨ੍ਹਾਂ ਸੁਝਾਵਾਂ ਵਿਚ ਦੇਸ਼ ਦੇ ਮੌਜੂਦਾ ਪਾਰਲੀਮਾਨੀ ਢਾਂਚੇ ਦੀ ਥਾਂ ਪ੍ਰਧਾਨਗੀ ਤਰਜ਼ ਦੀ ਸਰਕਾਰ ਕਾਇਮ ਕਰਨਾ, ਭਾਸ਼ਾ ਦੇ ਆਧਾਰ ਉਤੇ ਬਣੇ ਸੂਬੇ ਤੋੜ ਕੇ ਭਾਰਤ ਦੇ ਰਾਜਸੀ ਨਕਸ਼ੇ ਨੂੰ ਨਵੇਂ ਸਿਰਿਓਂ ਬਣਾਉਣਾ, ਫੈਡਰਲ ਢਾਂਚੇ ਨੂੰ ਖਤਮ ਕਰਨਾ ਤੇ ਬਹੁਤ ਸਾਰੇ ਪ੍ਰਸ਼ਾਸਕੀ ਯੂਨਿਟ ਕਾਇਮ ਕਰਨਾ ਸ਼ਾਮਲ ਹਨ। ਪਾਰਟੀ ਨੇ ਕਿਹਾ ਕਿ ਭਾਰਤ ਵਰਗੇ ਬਹੁ-ਧਰਮੀ ਤੇ ਬਹੁ ਭਾਸ਼ੀ ਸਮਾਜ ਲਈ ਕੌਮੀ ਏਕਤਾ ਤੇ ਇਕਮੁਠਤਾ ਬਰਕਰਾਰ ਰੱਖਣ ਖਾਤਰ ਪਾਰਲੀਮਾਨੀ ਤਰਜ਼ ਦੀ ਸਰਕਾਰ ਹੀ ਸਭ ਤੋਂ ਵੱਧ ਢੁਕਵੀਂ ਹੈ। ਇਸ ਦੇ ਉਲਟ ਜੇ ਭਾਰਤੀ ਜਨਤਾ ਪਾਰਟੀ ਦੇ ਉਕਤ ਸੁਝਾਅ ਮੰਨ ਲਏ ਜਾਂਦੇ ਹਨ ਤਾਂ ਇਸ ਨਾਲ ਦੇਸ਼ ਦੀ ਏਕਤਾ ਨੂੰ ਭਾਰੀ ਢਾਹ ਲਗੇਗੀ ।

ਯੂ.ਪੀ. ਦੇ ਸਿੱਖ ਪੁਲੀਸ ਹੱਥੋਂ ਤੰਗ

ਨਵੀਂ ਦਿੱਲੀ—ਉਤਰ ਪ੍ਰਦੇਸ਼ ਦੇ ਤਰਾਈ ਦੇ ਇਲਾਕੇ ਵਿਚ ਰਹਿੰਦੇ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਪੁਲੀਸ ਝੂਠੇ ਕੇਸਾਂ ਵਿਚ ਉਲਝਾ ਰਹੀ ਹੈ

70 ਤੋਂ ਵੱਧ ਪਰਿਵਾਰਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਗਿਆ ਹੈ। ਉਨ੍ਹਾਂ ਦੇ ਘਰਾਂ ਉਤੇ ਛਾਪੇ ਮਾਰੇ ਜਾ ਰਹੇ ਹਨ ਅਤੇ ਉਨ੍ਹਾਂ ਦੇ ਹਥਿਆਰਾਂ ਦੇ ਲਾਇਸੈਂਸ ਰਿਨਿਊ ਨਹੀਂ ਕੀਤੇ ਜਾ ਰਹੇ।

ਅਕਾਲੀ ਦਲ ਦੀ ਪਾਰਲੀਮਾਨੀ ਪਾਰਟੀ ਦੇ ਨੇਤਾ ਬਲਵੰਤ ਸਿੰਘ ਰਾਮੂੰਵਾਲੀਆ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਜੇਕਰ ਸਿੱਖਾਂ ਨਾਲ ਇਹੋ ਜਿਹਾ ਵਤੀਰਾ ਜਾਰੀ ਰਿਹਾ ਤਾਂ ਇਸ ਨਾਲ ਕੁੜੱਤਣ ਵਧੇਗੀ ਅਤੇ ਦੋਹਾਂ ਫਿਰਕਿਆਂ ਵਿਚ ਪਾੜਾ ਹੋਰ ਵਧੇਗਾ।

ਬਲਵੰਤ ਰਾਮੂੰਵਾਲੀਆ ਹਾਲ ਵਿਚ ਹੀ ਅਕਾਲੀ ਦਲ ਦੀ ਇਕ ਟੀਮ ਨਾਲ ਤਰਾਈ ਦਾ ਦੌਰਾ ਕਰ ਕੇ ਪਰਤੇ ਹਨ। ਟੀਮ ਦੀ ਨਿਯੁਕਤੀ ਮੁਖ ਮੰਤਰੀ ਬਰਨਾਲਾ ਨੇ ਕੀਤੀ ਸੀ ਤਾਂ ਜੋ ਤਰਾਈ ਦੇ ਇਲਾਕੇ ਵਿਚ ਸਿੱਖਾਂ ਨੂੰ ਪੇਸ਼ ਆ ਰਹੇ ਮਸਲਿਆਂ ਦਾ ਜਾਇਜ਼ਾ ਲਿਆ ਜਾ ਸਕੇ। ਟੀਮ ਵਿਚ ਇਕ ਹੋਰ ਮੈਂਬਰ ਤੇਜਾ ਸਿੰਘ ਦਰਦੀ ਐਮ.ਪੀ. ਵੀ ਸ਼ਾਮਲ ਹਨ।

ਟੀਮ ਨੇ ਬਾਲਪੁਰ, ਬਿਲਾਸਪੁਰ, ਕਾਸ਼ੀਪੁਰ, ਹਲਦਵਾਨੀ, ਤੇ ਰੁਦਰਪੁਰ ਦਾ ਦੌਰਾ ਕੀਤਾ ਤੇ ਕਈ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ।

ਰਾਮੂੰਵਾਲੀਆ ਨੇ ਪੁਲੀਸ ਤੇ ਸਥਾਨਕ ਪ੍ਰਸ਼ਾਸ਼ਨ ਦੀ ਆਲੋਚਨਾ ਕੀਤੀ ਹੈ ਤੇ ਕਿਹਾ ਹੈ ਕਿ ਉਹ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਉਤਰ ਪ੍ਰਦੇਸ਼ ਦੇ ਮੁਖ ਮੰਤਰੀ ਦਾ ਧਿਆਨ ਦਿਵਾਉਣਗੇ। ਇਸ ਤੋਂ ਬਿਨਾਂ ਯੂ.ਪੀ. ਦੇ ਕੇਂਦਰੀ ਮੰਤਰੀਆਂ ਅਤੇ ਤਰਾਈ ਦੇ ਇਲਾਕੇ ਦੇ ਸੰਸਦ ਮੈਂਬਰਾਂ ਅੱਗੇ ਵੀ ਸ਼ਿਕਾਇਤਾਂ ਰੱਖੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਸਿੱਖਾਂ ਦੇ ਘਰਾਂ ਉਤੇ ਹਰ ਅੱਧੀ ਰਾਤ ਅਕਸਰ ਛਾਪੇ ਵੱਜਦੇ ਹਨ। ਪੁਲੀਸ ਤੇ ਮਾਲ ਅਫਸਰ ਲੋਕਾਂ ਤੋਂ ਇਨ੍ਹਾਂ ਛਾਪਿਆਂ ਦੌਰਾਨ ਪੈਸੇ ਬਟੋਰਦੇ ਹਨ। ਸਿੱਖਾਂ ਵਿਰੁੱਧ ਝੂਠੇ ਕੇਸ ਦਰਜ ਕੀਤੇ ਜਾਂਦੇ ਹਨ। ਪੁਲੀਸ ਵਾਲੇ ਸਿਖ ਬਰਾਦਰੀ ਦੇ ਮੈਂਬਰਾਂ ਵਿਰੁਧ ਭੜਕਾਊ ਤੇ ਅਸਭਿਆ ਭਾਸ਼ਾ ਦੀ ਵਰਤੋਂ ਕਰਦੇ ਹਨ। ਪਰ ਰਾਮੂੰਵਾਲੀਆ ਨੇ ਕਿਹਾ ਕਿ ਸਥਾਨਕ ਲੋਕਾਂ ਵਲੋਂ ਸਿੱਖਾਂ ਨੂੰ ਪੂਰੀ ਮਿਲਵਰਤਣ ਦਿੱਤੀ ਜਾਂਦੀ ਹੈ। ਉਹ ਹਰ ਔਖੇ ਸੌਖੇ ਸਮੇਂ ਸਿੱਖਾਂ ਦੀ ਮੱਦਦ ਕਰਦੇ ਹਨ

ਪੰਜਾਬ ਦੀ ਕਿਸ਼ਤੀ ਭੰਵਰ ਵਿੱਚ

ਪੰਜਾਬ ਸੰਕਟ ਹੁਣ ਕੁੱਲ ਮਿਲਾ ਕੇ ਇਕ ਹਨੇਰੀ ਗੁਫਾ ਵਿਚ ਬਦਲ ਗਿਆ ਹੈ। ਰਾਜੀਵ ਗਾਂਧੀ ਦੇ ਕੁਝ ਸਾਥੀ ਗੁੱਸੇ ਨਾਲ ਭਰੇ ਪੀਤੇ ਇਹ ਕਹਿ ਸਕਦੇ ਹਨ ਕਿ ਹਨੇਰੀ ਗੁਫਾ ਵਿਚ ਤਾਂ ਪੰਜਾਬ ਜੂਨ 1984 ਦੀ ਨੀਲਾ ਤਾਰਾ ਕਾਰਵਾਈ ਤੋਂ ਪਿਛੋਂ ਹੀ ਪਹੁੰਚ ਗਿਆ ਸੀ। ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਨੀਲਾ ਤਾਰਾ ਕਾਰਵਾਈ ਤੋਂ ਪਹਿਲਾਂ ਹੀ ਇਹ ਅਮਲ ਸ਼ੁਰੂ ਹੋ ਗਿਆ ਅਤੇ ਇੰਦਰਾ ਗਾਂਧੀ ਨੇ ਰਾਹ ਕੱਢਣ ਲਈ ਫੌਜੀ ਕਾਰਵਾਈ ਕੀਤੀ ਜਿਸ ਨਾਲ ਕੋਈ ਹੱਲ ਨਹੀਂ ਨਿੱਕਲਿਆ। ਕੇਵਲ ਇਕ ਹੀ ਗੱਲ ਸਾਹਮਣੇ ਆਈ ਕਿ ਕੇਂਦਰ ਦੇਸ਼ ਦੀ ਭੂਗੋਲਿਕ ਏਕਤਾ ਦੀ ਰੱਖਿਆ ਲਈ ਹਥਿਆਰ ਚੁੱਕਣੋਂ ਨਹੀਂ ਝਿਜਕੇਗਾ।

ਇਸ ਪਿਛੋਕੜ ਵਿਚ ਪਿਛਲੇ ਵਰ੍ਹੇ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਕੌੜੀ ਰੁਕਾਵਟ ਦਾ ਹੱਲ ਸਮਝ ਕੇ ਉਸ ਦੀ ਤਾਰੀਫ ਕੀਤੀ ਗਈ। ਪਰ ਉਸ ਸਮੇਂ ਤੋਂ ਹੀ ਵਾਪਰ ਰਹੀਆਂ ਘਟਨਾਵਾਂ ਨੇ ਜ਼ਾਹਰ ਕੀਤਾ ਕਿ ਇਸ ਸਮਝੌਤੇ ਨੂੰ ਲਾਗੂ ਕਰਨ ਲਈ ਗੰਭੀਰ ਵਿਚਾਰ ਦੀ ਘਾਟ ਸੀ। ਉਸ ਪਿਛੋਂ ਜੋ ਖੁਸ਼ੀਆਂ ਦਾ ਹੜ੍ਹ ਆਇਆ ਉਸ ਨੂੰ ਕਾਂਗਰਸ (ਆਈ) ਅਤੇ ਅਕਾਲੀ ਦਲ (ਲੌਂਗੋਵਾਲ) ਸਾਂਝੇ ਤੌਰ 'ਤੇ ਪੰਜਾਬ ਅਤੇ ਹੋਰ ਪ੍ਰਾਂਤਾਂ ਵਿਚ ਲੋਕ ਅੰਦੋਲਨ ਵਿਚ ਬਦਲਣ ਅਤੇ ਅਤਿਵਾਦੀਆਂ ਨੂੰ ਅਲੱਗ ਥਲੱਗ ਕਰਨ ਵਿਚ ਅਸਮਰੱਥ ਰਹੇ। ਸ੍ਰੀ ਰਾਜੀਵ ਗਾਂਧੀ ਨੇ ਪੰਜਾਬ ਵਿਚ ਬਿਨਾਂ ਸੋਚੇ ਸਮਝੇ ਤੁਰੰਤ ਚੋਣਾਂ ਕਰਵਾਉਣ ਦਾ ਫੈਸਲਾ ਲੈ ਲਿਆ। ਇਸ ਨਾਲ ਸਮਝੌਤਾ ਕਰਨ ਵਾਲੇ ਦੋ ਸਮਰਥਕ ਇਕ ਹੋਣ ਦੀ ਥਾਂ ਅਸਲ ਵਿਚ ਵੱਖਰੇ ਹੋ ਗਏ। ਇਸ ਨਾਲ ਅਤਿਵਾਦੀਆਂ ਨੂੰ ਰਾਜਸੀ ਘਟਨਾ ਚੱਕਰ ਵਿਚ ਆਪਣੇ ਪੈਰ ਪੱਕੇ ਕਰਨ ਦਾ ਮੌਕਾ ਮਿਲ ਗਿਆ। ਇਸੇ ਤਰ੍ਹਾਂ ਬਰਨਾਲਾ ਮੰਤਰੀ ਮੰਡਲ ਅਤਿਵਾਦੀਆਂ ਨਾਲ ਅੜਨ ਦੀ ਥਾਂ ਕਦਮ-ਦਰ-ਕਦਮ ਉਨ੍ਹਾਂ ਦੀਆਂ ਮੰਗਾਂ ਸਾਹਮਣੇ ਝੁਕਦਾ ਗਿਆ। ਅਕਾਲੀ ਮੰਤਰੀ ਮੰਡਲ ਵਲੋਂ ਬਹੁਤ ਸਾਰੇ ਆਤੰਕਵਾਦੀਆਂ ਨੂੰ ਜੇਲ੍ਹਾਂ ਤੋਂ ਰਿਹਾਅ ਕਰ ਦਿੱਤਾ ਗਿਆ।

ਬਰਨਾਲਾ ਸਰਕਾਰ ਦਾ ਰਿਕਾਰਡ ਉਸ ਦਾ ਪ੍ਰਭਾਵਹੀਣ ਹੋਣਾ ਹੀ ਜ਼ਾਹਿਰ ਕਰਦਾ ਹੈ। ਇਸ ਦਾ ਮੰਤਰੀ ਮੰਡਲ ਵੀ ਇਕਜੁਟ ਨਹੀਂ। ਖਾਲਿਸਤਾਨੀ ਆਤੰਕਵਾਦੀ ਘੱਟ ਹੋਣ ਦੀ ਥਾਂ ਨਿੱਤ ਵਧਦੇ ਗਏ ਅਤੇ ਰੋਜ਼ਾਨਾ ਮਾਸੂਮ ਲੋਕਾਂ ਦੀਆਂ ਜਾਨਾਂ ਲੈਂਦੇ ਰਹੇ। ਬਰਨਾਲਾ ਸਰਕਾਰ ਉਨ੍ਹਾਂ ਸਾਹਮਣੇ ਲਾਚਾਰ ਨਜ਼ਰ ਆਉਂਦੀ ਰਹੀ।

ਇਹ ਮਾਰ ਕੇ ਭੱਜਣ ਅਤੇ ਨਿਹੱਥੇ ਨਾਗਰਿਕਾਂ ਉਤੇ ਵਾਰ ਅੱਜ ਪੰਜਾਬ ਵਿਚ ਅਕਸਰ ਹੋਣ ਲੱਗਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਤਥਾਕਥਿਤ ਅਤਿਵਾਦੀ ਹੁਣ ਭੱਜ ਰਹੇ ਹਨ ਜਿਵੇਂ ਕਿ ਪੁਲਿਸ ਅਧਿਕਾਰੀ ਦਾਅਵਾ ਕਰਦੇ ਹਨ, ਕੀ ਅਤਿਵਾਦੀਆਂ ਨੂੰ ਪਿੰਡਾਂ ਵਾਲਿਆਂ ਦਾ, ਭਾਵੇਂ ਥੋੜ੍ਹਾ ਹੀ ਹੋਵੇ, ਸਮਰਥਨ ਨਹੀਂ। ਅਜਿਹੇ ਸਮਰਥਨ ਤੋਂ ਬਿਨਾਂ ਉਹ ਭੱਜਣ ਵਿਚ ਕਿਵੇਂ ਸਫਲ ਹੋ ਜਾਂਦੇ ਹਨ। ਅਜਿਹੀਆਂ ਖਬਰਾਂ ਲਗਪੱਗ ਦੁਰਲੱਭ ਹਨ ਕਿ ਹਮਲਾਵਰਾਂ ਨੂੰ ਰੰਗੇ ਹੱਥੀਂ ਫੜ ਲਿਆ ਗਿਆ। ਦੂਜੇ ਸ਼ਬਦਾਂ ਵਿਚ ਇਨ੍ਹਾਂ ਖਾਲਿਸਤਾਨੀਆਂ ਨੇ ਕਿਸਾਨੀ ਦਾ ਕਿੰਨਾਂ ਖਾਮੋਸ਼ ਸਮਰਥਨ ਪ੍ਰਾਪਤ ਕਰ ਲਿਆ ਹੈ। ਇਹ ਸ਼ੱਕ ਪੈਦਾ ਹੁੰਦਾ ਹੈ ਕਿ ਅਜਿਹੇ ਸਮਰਥਨ ਕਾਰਨ ਹੀ ਉਹ ਹੁਣ ਤਕ ਕਾਰਵਾਈਆਂ ਕਰ ਰਹੇ ਹਨ ਅਤੇ ਅਜਿਹੀ ਹਾਲਤ ਕਾਰਨ ਹੀ ਪ੍ਰਕਾਸ਼ ਸਿੰਘ ਬਾਦਲ ਵਰਗੇ ਅਕਾਲੀ ਨੇਤਾ ਉਨ੍ਹਾਂ ਨਾਲ ਆਪਣੇ ਸਬੰਧ ਵਿਗਾੜਨਾ ਨਹੀਂ ਚਾਹੁੰਦੇ।

ਸਪਸ਼ਟ ਹੈ ਕਿ ਪੰਜਾਬ 'ਤੇ ਕੇਂਦਰ ਦੀ ਨੀਤੀ-ਜੇ ਹੈ ਤਾਂ ਦੇਸ਼ ਨੂੰ ਕਿਸੇ ਪਾਸੇ ਨਹੀਂ ਲਿਜਾ ਰਹੀ। ਨਵੰਬਰ 30 ਨੂੰ ਬੱਸ ਯਾਤਰੀਆਂ ਦੀ ਹੱਤਿਆ 'ਤੇ ਸੰਸਦ ਵਿਚ ਜੋ ਗੁਸੈਲਾ ਸ਼ੋਰ ਸ਼ਰਾਬਾ ਮਚਿਆ, ਉਸ ਵਿਚ ਸਰਕਾਰ ਇਹੋ ਦੱਸ ਸਕੀ ਕਿ ਉਸ ਦੀ ਕੋਈ ਸਪਸ਼ਟ ਨੀਤੀ ਨਹੀਂ ਬਣੀ। ਮਹੱਤਵਪੂਰਨ ਗੱਲ ਇਹ ਕਿ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਦੇ ਨਾਲ ਨਾਲ ਕਾਂਗਰਸ (ਆਈ) ਦੇ ਮੈਂਬਰਾਂ ਵਲੋਂ ਵਾਰ ਵਾਰ ਇਹ ਮੰਗ ਕੀਤੇ ਜਾਣ 'ਤੇ ਪ੍ਰਧਾਨ ਮੰਤਰੀ ਅਤਿਅੰਤ ਦਿਆਲੂ ਦਿਖਾਈ ਦਿੱਤੇ ਕਿ ਕੇਂਦਰ ਨੂੰ ਪ੍ਰਾਂਤ ਦੇ ਮਾਮਲੇ ਵਿਚ ਦਖਲ ਦੇਣ ਦਾ ਅਧਿਕਾਰ ਹੀ ਨਹੀਂ। ਅਸਲ ਵਿਚ ਦੇਸ਼ ਦੀ ਮਾਨਸਿਕ ਹਾਲਤ ਨੂੰ ਸਮਝਣ ਦਾ ਕੋਈ ਯਤਨ ਨਹੀਂ ਕੀਤਾ ਗਿਆ ਅਤੇ ਨਾ ਹੀ ਇਹ ਸਮਝਣ ਦਾ ਕਿ ਵੱਖਵਾਦੀਆਂ ਨੂੰ ਕੰਟਰੋਲ ਵਿਚ ਰੱਖਣ ਅਤੇ ਖਤਮ ਕਰਨ ਦੀ ਨਿਰੰਤਰ ਅਸਫਲਤਾ ਨਾਲ ਸਰਕਾਰ ਦਾ ਹਫਤੇ ਦੇ ਹਫਤੇ ਕਿਸ ਤਰ੍ਹਾਂ ਵਕਾਰ ਘੱਟ ਰਿਹਾ ਹੈ। ਇਸ ਪਿਛੋਂ ਦੱਸਿਆ ਗਿਆ ਕਿ ਪ੍ਰਧਾਨ ਮੰਤਰੀ ਛੇਤੀ ਹੀ ਪੰਜਾਬ ਸੰਕਟ ਨਾਲ ਸਿੱਝਣ ਲਈ ਰਾਜਸੀ ਲਾਈਨ ਤੈਅ ਕਰਨਗੇ। ਦੋ ਦਿਨਾਂ ਪਿਛੋਂ ਇਹ ਐਲਾਨ ਕੀਤਾ ਗਿਆ ਕਿ ਅਤਿਵਾਦੀਆਂ ਨੂੰ ਅਲੱਗ ਥਲੱਗ ਕਰਨ ਲਈ ਸਰਕਾਰ ਛੇਤੀ ਹੀ ਸੁਰੱਖਿਆ ਹਾਲਤ ਨੂੰ ਪੁਨਰਗਠਿਤ ਕਰੇਗੀ।

ਇਨ੍ਹਾਂ ਵਿਚੋਂ ਕਿਸੇ ਵੀ ਕਦਮ ਨੇ ਸਰਕਾਰ ਦੀ ਯੋਗਤਾ ਵਿਚ ਜਨਤਾ ਦਾ ਵਿਸ਼ਵਾਸ ਪੈਦਾ ਨਹੀਂ ਕੀਤਾ। ਸਗੋਂ ਆਮ ਨਾਗਰਿਕ ਵਿਚ ਇਹ ਗੱਲ ਘਰ ਕਰ ਰਹੀ ਹੈ ਕਿ ਨਾ ਪ੍ਰਧਾਨ ਮੰਤਰੀ ਅਤੇ ਨਾ ਉਨ੍ਹਾਂ ਦਾ ਅਮਲਾ ਫੈਲਾ ਉਸ ਸੰਕਟ ਦੇ ਸਿੱਟਿਆਂ ਨੂੰ ਜਾਣਦਾ ਹੈ ਜੋ ਅੱਜ ਪੰਜਾਬ ਦੇ ਰੂਪ ਵਿਚ ਦੇਸ਼ ਸਾਹਮਣੇ ਖੜ੍ਹਾ ਹੈ। ਨਿਖਿਲ ਚੱਕਰਵਰਤੀ

ਉਹ ਬਾਲਪਣ ਦੀ ਦਹਿਲੀਜ਼ 'ਤੇ ਹੀ ਔਰਤ ਬਣ ਗਈ

ਕਾਹਿਰਾ — ਮਨੁੱਖੀ ਇਤਿਹਾਸ ਵਿਚ ਇਕ ਬਿਲਕੁਲ ਅਣਜਾਣੀ ਘਟਨਾ ਇਥੋਂ ਦੀ ਇਕ ਤਿੰਨ ਸਾਲਾ ਬੱਚੀ ਵਲੋਂ ਇਸਤਰੀਤਵ ਦੇ ਸਾਰੇ ਸਰੀਰਕ ਲੱਛਣ ਗ੍ਰਹਿਣ ਕੀਤੇ ਜਾਣਾ ਹੈ। ਇਸ ਬੱਚੀ ਦਾ ਮੁਆਇਨਾ ਕਰਨ ਵਾਲੇ ਡਾਕਟਰਾਂ ਦਾ ਕਹਿਣਾ ਹੈ ਕਿ ਉਸ ਦੇ ਅਜਿਹੇ ਵਿਕਾਸ ਦੀ ਵਜ੍ਹਾ ਉਸ ਦੇ ਦਿਮਾਗ ਵਿਚ ਰਸੌਲੀ ਦਾ ਹੋਣਾ ਅਤੇ ਇਸਤਰੀਤਵ ਨਾਲ ਸਬੰਧਤ ਹਾਰਮੋਨਾਂ ਦਾ ਲੋੜੋਂ ਵੱਧ ਰਿਸਾਵ ਹੈ। ਇਸ ਲੜਕੀ ਦੀ ਮਾਂ ਦੇ ਦੱਸਣ ਅਨੁਸਾਰ ਲੜਕੀ ਨੂੰ ਇਕ ਸਾਲ ਦੀ ਉਮਰ ਵਿਚ ਹੀ ਮਾਹਵਾਰੀ ਆਉਣੀ ਸ਼ੁਰੂ ਹੋ ਗਈ ਸੀ ਅਤੇ ਤਿੰਨ ਸਾਲ ਦੀ ਉਮਰ ਵਿਚ ਉਹ ਸਰੀਰਕ ਪੱਖੋਂ ਪੂਰੀ-ਸੂਰੀ ਔਰਤ ਬਣ ਚੁੱਕੀ ਹੈ।



ਜੰਮੂ-ਕਸ਼ਮੀਰ ਤੋਂ ਬਾਅਦ ਹਰਿਆਣਾ ਨੂੰ ਵੀ ਕੇਂਦਰ ਵਲੋਂ ਪੈਸਿਆਂ ਦੀ ਸਹਾਇਤਾ...। ਕੋਲੋਂ ਕੋਲੋਂ ਛੁਪ ਕੇ ਲੰਘ ਗਏ ਹੋ! ਪੰਜਾਬ ਬਾਰੇ ਵੀ ਕੁਝ ਸੋਚ ਲਵੋ।

ਭਾਜਪਾ ਨੂੰ ਭਾਰੀ ਖ਼ੂਨ-ਖਰਾਬੇ ਦਾ ਖਦਸ਼ਾ

23 ਫ਼ਰਵਰੀ ਨੂੰ ਦਿੱਲੀ ਵਿਚ ਮੁਜ਼ਾਹਰਾ

ਚੰਡੀਗੜ੍ਹ — ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਕ੍ਰਿਸ਼ਨ ਲਾਲ ਸ਼ਰਮਾ ਨੇ ਕੇਂਦਰ ਤੇ ਪੰਜਾਬ ਸਰਕਾਰਾਂ 'ਤੇ ਰਾਜ ਦੀ 'ਵਿਸਫੋਟਕ' ਸਥਿਤੀ ਬਾਰੇ ਪੂਰੇ ਦੇਸ਼ ਨੂੰ ਗੁਮਰਾਹ ਕਰਨ ਦਾ ਦੋਸ਼ ਲਾਇਆ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਥਿਤੀ 'ਤੇ ਕਾਬੂ ਪਾਉਣ ਲਈ ਤੁਰੰਤ ਸਖਤ ਕਦਮ ਨਾ ਚੁੱਕੇ ਗਏ ਤਾਂ ਪੂਰੇ ਰਾਜ ਨੂੰ ਵਿਆਪਕ ਖ਼ੂਨ-ਖਰਾਬੇ ਦੇ ਦੌਰ ਵਿਚੋਂ ਲੰਘਣਾ ਪਵੇਗਾ। ਇਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਭਾਜਪਾ ਆਗੂ ਨੇ ਕਿਹਾ ਪੰਜਾਬ ਵਿਚ ਅਮਨ ਕਾਨੂੰਨ ਦਾ ਪ੍ਰਬੰਧ ਪੂਰੀ ਤਰ੍ਹਾਂ ਢਹਿ ਢੇਰੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਤੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਭਾਵੇਂ ਕੁਝ ਵੀ ਕਹਿਣ, ਪਰ ਹਕੀਕਤ ਇਹ ਹੈ ਕਿ ਰਾਜ ਦੀ ਸਥਿਤੀ ਬਹੁਤ ਮਾੜੀ ਹੈ ਅਤੇ ਇਸ 'ਤੇ ਕਾਬੂ ਪਾਉਣ ਲਈ ਸਖਤ ਤੋਂ ਸਖਤ ਕਦਮ ਲਏ ਜਾਣ ਦੀ ਲੋੜ ਹੈ।

ਦਹਿਸ਼ਤਪਸੰਦਾਂ ਦੀ ਸਰਦਾਰੀ : ਸ੍ਰੀ ਸ਼ਰਮਾ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਪੰਜਾਬ ਦੀ ਸਥਿਤੀ ਦੀ ਜ਼ਿੰਮੇਵਾਰੀ ਇਕ ਦੂਜੇ 'ਤੇ ਸੁੱਟ ਰਹੀਆਂ ਹਨ, ਜਿਸ ਦੇ ਨਤੀਜੇ ਵਜੋਂ ਰਾਜ ਵਿਚ ਦਹਿਸ਼ਤਪਸੰਦਾਂ ਦੀ ਸਰਦਾਰੀ ਕਾਇਮ ਹੋ ਗਈ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਉਨ੍ਹਾਂ ਕੋਲ ਨਾ ਸਿਰਫ ਸੁਰੱਖਿਆ ਦਲਾਂ ਨਾਲੋਂ ਬਿਹਤਰ ਹਥਿਆਰ ਹਨ ਸਗੋਂ ਉਨ੍ਹਾਂ ਦਾ ਖੁਫੀਆ ਤੰਤਰ ਵੀ ਸਰਕਾਰੀ ਏਜੰਸੀਆਂ ਨਾਲੋਂ ਬਿਹਤਰ ਹੈ।

ਭਾਜਪਾ ਆਗੂ ਨੇ ਕਿਹਾ ਕਿ ਬਰਨਾਲਾ ਸਰਕਾਰ ਦੇ ਕਾਰਜ ਕਾਲ ਦੌਰਾਨ ਸਭ ਤੋਂ ਵੱਧ ਕਤਲ ਹੋਏ ਹਨ। ਉਨ੍ਹਾਂ ਵਿਚਾਰ ਪ੍ਰਗਟ ਕੀਤਾ ਕਿ ਪੰਜਾਬ ਦੀ ਮੌਜੂਦਾ ਸਥਿਤੀ ਨੂੰ ਮੁੱਖ ਰੱਖਦਿਆਂ ਮੁਖ ਮੰਤਰੀ ਬੇਲੋੜੇ ਹੋ ਕੇ ਰਹਿ ਗਏ ਹਨ। ਉਂਜ ਵੀ, 1984 ਮਗਰੋਂ ਕੇਂਦਰ ਸਰਕਾਰ ਆਪ ਹੀ ਜਾਂ ਤਾਂ ਸਿੱਧੇ ਤੌਰ 'ਤੇ ਅਤੇ ਜਾਂ ਫਿਰ ਸ: ਬਰਨਾਲਾ ਰਾਹੀਂ ਰਾਜ ਦਾ ਪ੍ਰਸ਼ਾਸਨ ਚਲਾਉਂਦੀ ਆ ਰਹੀ ਹੈ। ਹੁਣ ਸਮਾਂ ਆ ਗਿਆ ਹੈ ਕਿ ਉਹ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਆਪ ਹੀ ਸੰਭਾਲੇ।

ਖਾਰਜ ਕਰਨ ਦੀ ਮੰਗ : ਸ੍ਰੀ ਸ਼ਰਮਾ ਨੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤੇ ਜਾਣ ਦੀ ਆਪਣੀ ਪਾਰਟੀ ਦੀ ਮੰਗ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਬਰਨਾਲਾ ਸਰਕਾਰ ਨੂੰ ਤੁਰੰਤ ਬਰਤਰਫ ਕਰਕੇ ਰਾਜ ਦੇ ਗੜਬੜ ਵਾਲੇ ਖੇਤਰਾਂ ਨੂੰ ਤੁਰੰਤ ਫੌਜ ਹਵਾਲੇ ਕੀਤਾ ਜਾਣਾ ਚਾਹੀਦਾ ਹੈ ਉਨ੍ਹਾਂ ਨੇ ਪ੍ਰਸ਼ਾਸਨ ਤੇ ਪੁਲੀਸ ਵਿਚੋਂ "ਸ਼ੱਕੀ" ਅਨਸਰਾਂ ਨੂੰ ਖਾਰਜ ਕੀਤੇ ਜਾਣ ਦੀ ਮੰਗ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਦੇ ਇਸ ਬਿਆਨ ਦਾ ਸਖਤ ਨੋਟਿਸ ਲਿਆ ਕਿ ਪੰਜਾਬ ਵਿਚ ਸਖਤੀ ਕਰਨਾ ਪੰਜਾਬ ਸਰਕਾਰ ਦੀ ਸਿਰਦਰਦੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਧਾਰਾ 355 ਦੇ ਤਹਿਤ ਕੇਂਦਰ ਦਾ ਇਹ ਫਰਜ਼ ਬਣਦਾ ਹੈ ਕਿ ਕਿਸੇ ਵੀ ਅੰਦਰੂਨੀ ਗੜਬੜ ਦੀ ਸੂਰਤ ਵਿਚ ਉਹ ਦਖਲ ਦੇਵੇ। ਉਨ੍ਹਾਂ ਰੋਹ ਪ੍ਰਗਟਾਉਂਦਿਆਂ ਪੁੱਛਿਆ : "ਪ੍ਰਧਾਨ ਮੰਤਰੀ ਕਿੰਨੀ ਕੁ ਦੇਰ ਤੱਕ ਰਾਜ ਦੇ ਲੋਕਾਂ ਨੂੰ ਹਤਿਆਵਾਂ ਦਾ ਦਰਦ ਸਹਿਣ ਲਈ ਮਜ਼ਬੂਰ ਕਰਦੇ ਰਹਿਣਗੇ ?"

ਸ੍ਰੀ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ 23 ਫਰਵਰੀ ਨੂੰ ਸੰਸਦ ਭਵਨ ਅੱਗੇ ਜ਼ੋਰਦਾਰ ਮੁਜ਼ਾਹਰਾ ਕਰੇਗੀ ਤਾਂ ਜੋ ਸਰਕਾਰ ਨੂੰ "ਪੰਜਾਬ ਬਚਾਉਣ ਜਾਂ ਗੱਦੀ ਛੱਡਣ" ਲਈ ਮਜ਼ਬੂਰ ਕੀਤਾ ਜਾ ਸਕੇ।

ਦਿੱਲੀ ਪੁਲੀਸ ਵਿਚ ਫੇਰ ਬਦਲ

ਨਵੀਂ ਦਿੱਲੀ — ਰਾਜਘਾਟ ਵਿਚ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਉਤੇ ਹੋਏ ਹਮਲੇ ਦੇ ਕਾਰਨਾਂ ਦੀ ਜਾਂਚ ਕਰਨ ਵਾਲੀ ਦੇਸ਼ਮੁਖ ਕਮੇਟੀ ਦੀਆਂ ਸਿਫਾਰਸ਼ਾਂ ਉਤੇ ਦਿੱਲੀ ਪੁਲੀਸ ਦੀ ਸੁਰੱਖਿਆ ਬ੍ਰਾਂਚ ਵਿਚ ਅਹਿਮ ਤਬਦੀਲੀਆਂ ਕੀਤੀਆਂ ਗਈਆਂ ਹਨ। ਹੁਣ ਸੁਰੱਖਿਆ ਬ੍ਰਾਂਚ ਵਿਚ ਇਕ ਡਿਪਟੀ ਕਮਿਸ਼ਨਰ ਦੀ ਥਾਂ 5 ਡਿਪਟੀ ਕਮਿਸ਼ਨਰ ਹੋਣਗੇ। ਪਹਿਲੇ ਡੀ. ਸੀ. ਪੂਰਨ ਸਿੰਘ ਨੂੰ ਬਦਲ ਦਿੱਤਾ ਗਿਆ ਹੈ। ਉਨ੍ਹਾਂ ਦੀ ਥਾਂ ਭੀਮ ਸੈਨ ਬੱਸੀ ਨੂੰ ਲਿਆ ਗਿਆ ਹੈ।

ਅਰੁਨਾਚਲ 'ਰਾਜ' ਦਾ ਉਦਘਾਟਨ 29 ਨੂੰ

ਟੀਟਾ ਨਗਰ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲੋਂ 29 ਜਨਵਰੀ ਤੋਂ ਆਪਣੇ ਦੋ-ਰੋਜ਼ਾ ਦੌਰੇ ਦੌਰਾਨ ਅਰੁਨਾਚਲ ਪ੍ਰਦੇਸ਼ ਦਾ ਪੂਰੇ ਰਾਜ ਵਜੋਂ ਉਦਘਾਟਨ ਕੀਤੇ ਜਾਣ ਦੀ ਸੰਭਾਵਨਾ ਹੈ। ਇਹ ਜਾਣਕਾਰੀ ਮੁਖ ਮੰਤਰੀ ਜੀਗਾਂਗ ਅਪਾਂਗ ਨੇ ਦਿੱਤੀ।

ਨੋ ਮੈਨਜ਼ ਲੈਂਡ

ਜਤਿੰਦਰ

ਹਾਦਸਿਆਂ ਦੇ ਜ਼ਰਖੇਜ਼ ਮੌਸਮ ਵਿਚ
ਜ਼ਖਮ ਉਗਦੇ ਨੇ
ਖੁੰਬਾਂ ਵਾਂਗ-
ਹੁਣ ਤਾਂ ਜ਼ਿੰਦਗੀ
ਮੇਲੇ ਵਿਚ ਗੁਆਚੇ
ਬਾਲ ਜਹੀ ਲਗਦੀ ਏ-
ਵਕਤ ਦੇ ਜੰਗਲਾਂ ਵਿਚ
ਰੁੰਮ ਗਈਆਂ
ਜ਼ਿੰਦਗੀ ਦੀਆਂ ਪੈੜਾਂ
ਸਰਘੀ ਦੀ ਕੁੱਖ ਨੂੰ
ਸਤਮਾਹੇ ਦਿਨਾਂ ਦਾ ਸਰਾਪ ਏ-
ਤੇ ਹਰ ਦਿਨ ਦੇ ਮੱਥੇ 'ਤੇ
ਸੈਆਂ ਕਤਲਾਂ ਦੇ ਇਲਜ਼ਾਮ-
ਜਹਾਲਤ ਤੋਂ ਲੈ ਕੇ
ਸਭਿਅਤਾ ਤਕ ਦੇ ਯੁਗਾਂ ਵਿਚ
ਬਨਵਾਸ ਹੀ ਭੋਗੇ ਨੇ ਅਸੀਂ
ਹਰ ਹਦਬੰਦੀ ਦੇ
ਇਸ ਪਾਰ ਉਦਾਸੀ ਏ-
ਤੇ ਉਸ ਪਾਰ ਮਾਤਮ
ਬਾਹਾਂ ਤੋਂ ਬਾਹਾਂ ਤਕ ਦੇ
ਜੰਗਲ ਵਿਚ
ਵਕਤ ਗੁਆਚ ਜਾਂਦਾ ਸੀ
ਪਰ ਹੁਣ ਤਾਂ
ਆਪੋ ਵਿਚ ਟਕਰਾਂਦੀਆਂ
ਬਾਹਾਂ ਦੇ ਵਿਚਕਾਰ
ਧੁਖ ਰਹੇ ਨੇ ਧੜ

ਸਭਿਅਤਾ ਤੁਰਦੀ ਹੀ ਰਹੀ ਹੈ
ਸਭਿਅਤਾ ਤੁਰਦੀ ਹੀ ਰਹੇਗੀ
ਹਰ ਦਿਨ ਤੁਰ ਜਾਂਦੈ-
ਕਤਲ ਕਰ ਦਿੱਤਾ ਜਾਂਦੈ-
ਜਾਂ
ਬਣ ਜਾਂਦੈ ਆਤਮਘਾਤੀ
ਇਨ੍ਹਾਂ ਵਕਤਾਂ ਦੇ ਜ਼ਾਮਨ ਅਸੀਂ
ਜ਼ਿੰਦਗੀ ਦੇ
ਸਾਰੇ ਰੰਗਾਂ ਨੂੰ ਘੋਲ ਕੇ
ਘੋਰ ਹਨੇਰੀ ਰਾਤ ਵਿਚ
ਲਿਖ ਰਹੇ ਹਾਂ ਆਪਣੀ ਤਕਦੀਰ
ਤੇ ਸਾਡੇ ਜਿਸਮਾਂ ਦੀਆਂ
ਬਾਹਾਂ ਦੇ ਵਿਚਕਾਰ
ਉਗ ਆਏ ਨੇ
'ਨੋ ਮੈਨਜ਼ ਲੈਂਡ'

ਜਿੰਦਾ ਤੇ ਹੋਰਨਾਂ ਦਾ ਪੁਲੀਸ ਰਿਮਾਂਡ ਵਧਾਇਆ

ਬਟਾਲਾ — ਇਥੋਂ ਦੀ ਇਕ ਅਦਾਲਤ ਨੇ ਅਤਿਵਾਦੀ ਹਰਜਿੰਦਰ ਸਿੰਘ ਜਿੰਦਾ ਤੇ ਤਿੰਨ ਹੋਰ ਅਤਿਵਾਦੀਆਂ ਦਾ ਪੁਲੀਸ ਰਿਮਾਂਡ 4 ਫਰਵਰੀ ਤੇ ਖਤਰਨਾਕ ਅਤਿਵਾਦੀ ਤਰਸੇਮ ਸਿੰਘ ਕੋਹਾੜ ਦੀ ਨੇੜਲੀ ਰਿਸ਼ਤੇਦਾਰ ਗੁਰਬਿੰਦਰ ਕੌਰ ਢੁੱਘ ਦਾ ਪੁਲੀਸ ਰਿਮਾਂਡ 25 ਜਨਵਰੀ ਤਕ ਵਧਾ ਦਿੱਤਾ ਹੈ।

ਜਿੰਦਾ ਤੇ ਉਸ ਦੇ ਤਿੰਨ ਸਾਥੀਆਂ ਮਨਦੀਪ ਸਿੰਘ, ਗੁਰਿੰਦਰ ਸਿੰਘ ਪਿੰਕਾ ਤੇ ਵਜਿੰਦਰ ਸਿੰਘ ਕੁੱਕੂ ਨੂੰ ਪੁਲੀਸ ਨੇ ਵੀਰਵਾਰ ਰਾਤੀਂ ਧਾਰੀਵਾਲ ਥਿੰਦ ਨੇੜਿਓਂ ਮੁਕਾਬਲੇ ਤੋਂ ਬਾਅਦ ਗ੍ਰਿਫਤਾਰ ਕੀਤਾ ਸੀ।

ਯੂਬਾ ਸਿਟੀ ਗਾਈਡ



G S B
TRAVEL

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਸਿਵਟਜ਼ਰਲੈਂਡ, ਹਵਾਈ ਜਾਂ ਦੁਨੀਆਂ ਦੇ
ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

Great Service Is Our Business

Fully computerized for all your travel needs



ਪ੍ਰੋਫੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ

ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- **Homes**
- **Ranches**
- **Commercial**
- **Industrial**
- **Exchanges**

REALTOR®

MLS

Domain Realty

(916) 671-4817

Broker: Dr. Gulzar S. Johl
2086 Live Oak Blvd.
Suite C
Yuba City, CA 95991

Fly any Air Line of Your Choice

Travel Concepts

Full Service Travel Agency
Air Line Tickets to anywhere in the World

- **Bargain Flights**
- **Special Round Trip Fares**
- **Low, low economic fares**
- **Passport Visas**
- **Notary Public**
- **Passport pictures**
  5 minute service





ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੈ ਤਾਂ ਹਰ
ਇਕ ਏਅਰਲਾਈਨ ਦੀਆਂ ਸਸਤੀਆਂ ਟਿਕਟਾਂ ਸਾਥੋਂ ਲਵੋ

459 Palora Ave. Yuba City, CA 95901 **(916) 671-3922**

SARI PALACE

Large Selection of
Punjabi Books
For Sale

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੌਸਰੀ, ਹਿੰਦੀ
ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ
ਤੇ ਮਿਲਦੀਆਂ ਹਨ। ਪੇਪਸੀ ਕੋਲਾ, ਸੇਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੋਦਾ ਤੁਹਾਨੂੰ
ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
!ndia West, Canada DarPan,
Also Sold Here
EVERY WEEK

(916) 671-3105

472 Palora Ave.
Yuba City
Calif. 95991

ਫਰੈਜ਼ਨੋ (ਕੈਲੇਫੋਰਨੀਆ) ਵਿਚ ਇੰਡੀਕਾ ਇੰਪੋਰਟਸ ਸਟੋਰ ਦਾ ਉਦਘਾਟਨ



ਉਦਘਾਟਨ ਸਮੇਂ ਗਾਹਕਾਂ ਦੀ ਖੁਸ਼ੀ ਡੁਲ੍ਹ ਡੁਲ੍ਹ ਪੈ ਰਹੀ ਹੈ



ਡਾ: ਗੁਰੁਮੇਲ ਸਿੱਧੂ ਅਤੇ ਡਾ: ਸੁਖਜੀਤ ਸਿੰਘ ਚਾਹਲ।

ਫਰੈਜ਼ਨੋ — ਨਵਾਂ ਸਾਲ ਚੜ੍ਹਦਿਆਂ ਹੀ ਸ੍ਰੀਮਤੀ ਬਲਜੀਤ ਸਿੱਧੂ ਜੋ ਡਾ: ਗੁਰੂਮੇਲ ਹੋਰਾਂ ਦੀ ਸੁਪੱਤਨੀ ਹਨ, ਨੇ ਫਰੈਜ਼ਨੋ ਵਿਚ ਸ਼ਾਨਦਾਰ ਸਟੋਰ ਦਾ ਉਦਘਾਟਨ ਕੀਤਾ ਜਿਸ ਵਿਚ ਬੇਸ਼ੁਮਾਰ ਕੱਪੜਿਆਂ ਦੀ ਵਰਾਇਟੀ, ਭਾਰਤੀ ਗਰੌਸਰੀ, ਵੀਡੀਓ ਮੂਵੀਆਂ ਬੇਹੱਦ ਖੁਲ੍ਹੇ ਸਥਾਨ ਉਤੇ ਇਕੋ ਥਾਂ ਤੇ ਮਿਲ ਸਕਦੀਆਂ ਹਨ। ਸ੍ਰੀਮਤੀ ਸਿੱਧੂ ਭਾਰਤ ਜਾ ਕੇ ਔਰਤਾਂ ਲਈ ਫੈਸ਼ਨ ਦੀਆਂ ਹੋਰ ਵੀ ਬੇਹੱਦ ਵਸਤਾਂ ਲੈ ਕੇ ਆਏ ਹਨ। ਉਦਘਾਟਨ ਸਮੇਂ ਕੈਨੇਡਾ ਦਰਪਣ ਦੇ ਨੁਮਾਇੰਦੇ ਵੀ ਉਥੇ ਪੁਜੇ ਹੋਏ ਸਨ। ਗਾਹਕਾਂ ਦੀ ਪਹਿਲੇ ਦਿਨ ਆਈ ਭੀੜ ਤੋਂ ਹੀ ਪਤਾ ਲੱਗ ਰਿਹਾ ਸੀ ਕਿ ਸਟੋਰ ਇਸ ਇਲਾਕੇ ਵਿਚ ਬਹੁਤ ਮਕਬੂਲ ਹੋਵੇਗਾ. ਅਜਿਹਾ ਵਧੀਆ ਸਟੋਰ ਖੋਲ੍ਹਣ ਲਈ ਸ੍ਰੀਮਤੀ ਬਲਜੀਤ ਸਿੱਧੂ ਵਧਾਈ ਦੇ ਪਾਤਰ ਹਨ।

ਅਮਰੀਕਾ ਨੇ ਇਰਾਨ ਨੂੰ ਖੁਫੀਆ ਜਾਣਕਾਰੀ ਵੀ ਪ੍ਰਦਾਨ ਕੀਤੀ

ਨਿਊਯਾਰਕ — ਅਮਰੀਕੀ ਸੈਨੇਟ ਦੀ ਇੰਟੈਲੀਜੈਂਸ ਕਮੇਟੀ ਦੀ ਇਕ ਗੁਪਤ ਰਿਪੋਰਟ ਅਨੁਸਾਰ ਅਮਰੀਕਾ ਸਰਕਾਰ ਨੇ ਇਰਾਨ ਨੂੰ ਨਾ ਸਿਰਫ ਹਥਿਆਰ ਸਪਲਾਈ ਕੀਤੇ ਸਗੋਂ ਸੋਵੀਅਤ ਰੂਸ ਤੇ ਇਰਾਕ ਨਾਲ ਸਬੰਧਤ ਖੁਫੀਆ ਜਾਣਕਾਰੀ ਵੀ ਪ੍ਰਦਾਨ ਕੀਤੀ। ਇਥੇ ਵਰਨਣਯੋਗ ਹੈ ਕਿ ਪਹਿਲਾਂ ਅਮਰੀਕੀ ਪ੍ਰਸ਼ਾਸਨ ਦੇ ਸੂਤਰਾਂ ਦੇ ਹਵਾਲੇ ਨਾਲ ਜਾਰੀ ਅਖਬਾਰੀ ਰਿਪੋਰਟਾਂ ਵਿਚ ਦਾਅਵੇ ਕੀਤੇ ਗਏ ਸਨ ਕਿ ਅਮਰੀਕਾ, ਇਰਾਕ ਨੂੰ ਇਰਾਨੀ ਠਿਕਾਣਿਆਂ ਅਤੇ ਫੌਜਾਂ ਦੀ ਹਲਚਲ ਬਾਰੇ ਗੁਪਤ ਜਾਣਕਾਰੀ ਪ੍ਰਦਾਨ ਕਰਦਾ ਰਿਹਾ ਸੀ। ਇਸ ਤਰ੍ਹਾਂ ਉਪਰੋਕਤ ਰਿਪੋਰਟ ਪਹਿਲੀਆਂ ਅਖਬਾਰੀ ਰਿਪੋਰਟਾਂ ਦਾ ਨਾ ਸਿਰਫ ਖੰਡਨ ਕਰਦੀ ਹੈ ਸਗੋਂ ਇਹ ਵੀ ਪ੍ਰਗਟਾਵਾ ਕਰਦੀ ਹੈ ਕਿ ਪਹਿਲੀਆਂ ਖਬਰਾਂ ਅਮਰੀਕੀ ਪ੍ਰਸ਼ਾਸਨ ਦੀਆਂ ਕੁਚਾਲਾਂ 'ਤੇ ਪਰਦਾ ਪਾਉਣ ਲਈ ਜਾਰੀ ਕੀਤੀਆਂ ਗਈਆਂ।

ਇਕ ਅਮਰੀਕੀ ਟੈਲੀਵੀਜ਼ਨ ਕੰਪਨੀ ਐਨ. ਬੀ. ਸੀ. ਨੇ ਉਪਰੋਕਤ ਗੁਪਤ ਰਿਪੋਰਟ ਦੇ ਬਹੁਤ ਸਾਰੇ ਅੰਸ਼ ਨਸ਼ਰ ਕੀਤੇ। ਰਿਪੋਰਟ ਵਿਚ ਸਪਸ਼ਟ ਤੌਰ ਉਤੇ ਕਿਹਾ ਗਿਆ ਹੈ ਕਿ ਅਮਰੀਕਾ ਨੇ ਨਾ ਸਿਰਫ ਇਰਾਨ ਨੂੰ ਗੁਪਤ ਤੌਰ ਉਤੇ ਹਥਿਆਰ ਸਪਲਾਈ ਕੀਤੇ ਸਗੋਂ ਇਰਾਕੀ ਫੌਜੀ ਠਿਕਾਣਿਆਂ ਬਾਰੇ ਖੁਫੀਆ ਅੰਕੜੇ ਵੀ ਪ੍ਰਦਾਨ ਕੀਤੇ ਜੋ ਕਿ ਸੂਹੀਆ ਉਪਗ੍ਰਹਿਆਂ ਰਾਹੀਂ ਇਕੱਤਰ ਕੀਤੇ ਗਏ ਸਨ। ਰਿਪੋਰਟ ਅਨੁਸਾਰ ਸਦਰ ਰੀਗਨ ਦੇ ਕੌਮੀ ਸੁਰੱਖਿਆ ਸਲਾਹਕਾਰ ਵਾਈਸ ਐਡਮਿਰਲ ਜੌਹਨ ਦੀਆਂ ਰਕਮਾਂ ਕੌਨਟਰਾ ਬਾਗੀਆਂ ਹਵਾਲੇ ਕਰਨ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ। ਇਥੇ ਵਰਨਣਯੋਗ ਹੈ ਕਿ ਐਡਮਿਰਲ ਪੁਆਇਨਡੈਕਸਟਰ ਨੇ ਇਰਾਨ ਨੂੰ ਹਥਿਆਰਾਂ ਦੀ ਗੁਪਤ ਸਪਲਾਈ ਸਬੰਧੀ ਇਕਸ਼ਾਫਿਆਤ ਨੂੰ ਮੁਖ ਰੱਖਦਿਆਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਟੈਲੀਵੀਜ਼ਨ ਕੰਪਨੀ ਐਨ. ਬੀ. ਸੀ. ਅਨੁਸਾਰ ਪੁਆਇਨਡੈਕਸਟਰ ਨੇ ਇਰਾਨ ਨੂੰ ਹਥਿਆਰਾਂ ਦੀ ਸਪਲਾਈ ਤੋਂ ਹੋਣ ਵਾਲੇ ਮੁਨਾਫੇ ਦੀ ਰਕਮ ਨਿਕਾਰਗੋਆ ਦੇ ਕੌਨਟਰਾ ਬਾਗੀਆਂ ਨੂੰ ਦੇਣ ਵਿਚ ਬਹੁਤ ਅਹਿਮ ਰੋਲ ਨਿਭਾਇਆ ਹਾਲਾਂਕਿ ਪ੍ਰਸ਼ਾਸਨ ਵਲੋਂ ਇਰਾਨ ਨੂੰ ਹਥਿਆਰਾਂ ਦੀ ਸਪਲਾਈ ਬਾਰੇ ਕੀਤੇ ਗਏ ਇਕਬਾਲ ਵਿਚ ਸਿਰਫ ਏਨਾ ਹੀ ਕਿਹਾ ਗਿਆ ਸੀ ਕਿ ਪੁਆਇਨਡੈਕਸਟਰ ਨੂੰ ਮੁਨਾਫੇ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ ਐਡਮਿਰਲ ਪੁਆਇਨਡੈਕਸਟਰ ਨੇ ਅਮਰੀਕੀ ਸਦਰ ਦੇ ਸਕੱਤਰੇਤ ਦੇ ਮੁਖੀ ਡੋਨਾਲਡ ਰੀਗਨ ਨੂੰ ਕਿਹਾ ਸੀ ਕਿ ਉਸ ਨੇ ਹਥਿਆਰਾਂ ਦੀ ਵਿਕਰੀ ਤੋਂ ਹੋਏ ਮੁਨਾਫੇ ਦੀ ਰਕਮ ਗੈਰ ਕਾਨੂੰਨੀ ਤੌਰ ਉਤੇ ਨਿਕਾਰਗੋਆ ਦੇ ਕੌਨਟਰਾ ਬਾਗੀਆਂ ਹਵਾਲੇ ਕੀਤਾ ਜਾਣਾ ਮੁਆਫ ਕਰ ਦਿੱਤਾ ਹੈ ਕਿਉਂਕਿ ਉਸ (ਪੁਆਇਨਡੈਕਸਟਰ) ਨੂੰ ਬਾਗੀਆਂ ਨਾਲ ਹਮਦਰਦੀ ਹੈ ਜਿਹੜੇ ਕਿ ਅਮਰੀਕੀ ਖੁਫੀਆ ਏਜੰਸੀ (ਸੀ. ਆਈ. ਏ.) ਦੀ ਮਦਦ ਨਾਲ ਸੈਂਡੀਨਿਸਟਾ ਸਰਕਾਰ ਦਾ ਤਖਤਾ ਉਲਟਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਸੈਨੇਟ ਦੀ ਕਮੇਟੀ ਦੀ ਰਿਪੋਰਟ ਵਿਚ ਬਹੁਤ ਸਾਰੀ ਅਜਿਹੀ ਸਮੱਗਰੀ ਸ਼ਾਮਲ ਹੈ ਜਿਹੜੀ ਕਿ ਸਦਰ ਰੀਗਨ ਨੂੰ ਜਿੱਚ ਕਰਨ ਵਾਲੀ ਸਾਬਤ ਹੋ ਸਕਦੀ ਹੈ, ਪਰ ਇਸ ਦੇ ਬਾਵਜੂਦ ਸਦਰ ਰੀਗਨ ਇਸ ਰਿਪੋਰਟ ਦੇ ਪ੍ਰਕਾਸ਼ਨ ਲਈ ਜ਼ੋਰ ਪਾ ਰਹੇ ਹਨ।

ਗਿੱਲ ਦੀ ਸਜ਼ਾ ਘਟੀ

ਲੰਡਨ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੀ ਹੱਤਿਆ ਦੀ ਸਾਜ਼ਸ਼ ਵਿਚ ਫੜੇ ਗਏ 31 ਸਾਲਾ ਸੁਖਵਿੰਦਰ ਸਿੰਘ ਗਿੱਲ ਦੀ ਸਜ਼ਾ ਇਕ ਅਦਾਲਤ ਨੇ ਇਕ ਸਾਲ ਘਟਾ ਦਿਤੀ। ਇਸ ਦੇ ਨਾਲ ਹੀ ਜੱਜ ਨੇ ਗਿੱਲ ਨੂੰ ਭਾਰਤ ਵਾਪਸ ਭੇਜਣ ਦੀ ਸਿਫਾਰਸ਼ ਨਾ ਕਰਨ ਦਾ ਵੀ ਫੈਸਲਾ ਕੀਤਾ।

ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ ਵਲੋਂ

ਖੇਤ ਮਜ਼ਦੂਰਾਂ ਲਈ ਅੰਗਰੇਜ਼ੀ ਦੀਆਂ ਕਲਾਸਾਂ

ਇਹ ਕਲਾਸਾਂ ਜਨਵਰੀ 1987 ਤੋਂ ਲੈ ਕੇ ਅਪ੍ਰੈਲ '87 ਤੱਕ ਹੋਣਗੀਆਂ। ਤੁਸੀਂ ਹਾਲੇ ਵੀ ਰਜਿਸਟਰੇਸ਼ਨ ਕਰਾ ਸਕਦੇ ਹੋ। ਰਜਿਸਟਰੇਸ਼ਨ ਦੀ ਆਖਰੀ ਤਾਰੀਖ ਜਨਵਰੀ 31ਹੈ। ਇਹ ਕਲਾਸਾਂ ਸਾਰੇ ਖੇਤ ਮਜ਼ਦੂਰਾਂ ਲਈ ਹਨ।

ਇਨ੍ਹਾਂ ਕਲਾਸਾਂ ਦੌਰਾਨ ਵਲੰਟੀਅਰ ਟੀਚਰ ਹਫਤੇ ਵਿਚ ਦੋ ਵਾਰੀ ਤੁਹਾਡੇ ਘਰ ਆ ਕੇ ਅੰਗਰੇਜ਼ੀ ਪੜ੍ਹਾਇਆ ਕਰਨਗੇ। ਇਨ੍ਹਾਂ ਕਲਾਸਾਂ ਦੀ ਕੋਈ ਫੀਸ ਨਹੀਂ ਹੈ।

ਅੰਗਰੇਜ਼ੀ ਸਿੱਖਣ ਦੇ ਚਾਹਵਾਨ ਯੂਨੀਅਨ ਦੇ ਦਫਤਰ ਫੋਨ ਕਰੋ :—

430-6055

ਯੂਨੀਅਨ ਦੇ ਦਫਤਰ ਦਾ ਪਤਾ :—


1 — 4725 ਕਿੰਗਜ਼ਵੇ, ਬਰਨਬੀ, ਬੀ. ਸੀ. V5H 2C3

ਸਾਲ 1986 ਨੇ ਪੰਜਾਬੀਆਂ ਦੇ ਪੱਲੇ ਨਿਰਾਸ਼ਤਾ ਹੀ ਪਾਈ

ਨਜ਼ੀਰ ਅਹਿਮਦ ਦੇਹਲਵੀ

1984 ਵਿਚ ਦੋ ਬਹੁਤ ਹੀ ਦੁਖਦਾਈ ਘਟਨਾਵਾਂ ਵਾਪਰੀਆਂ ਸਨ ਇਕ ਘਟਨਾ ਸ੍ਰੀ ਹਰਮਿੰਦਰ ਸਾਹਿਬ ਵਿਚ ਫੌਜੀ ਕਾਰਵਾਈ ਅਤੇ ਦੂਜੀ ਘਟਨਾ ਸੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਪਿਛੋਂ ਦੇਸ਼ ਭਰ ਵਿਚ ਹੋਏ ਸਿੱਖ ਵਿਰੋਧੀ ਦੰਗੇ। ਇਨ੍ਹਾਂ ਦੋਵਾਂ ਘਟਨਾਵਾਂ ਨੇ ਪੰਜਾਬ ਨੂੰ ਹੀ ਨਹੀਂ ਸਗੋਂ ਸਮੁੱਚੇ ਦੇਸ਼ ਨੂੰ ਹਿਲਾਕੇ ਰੱਖ ਦਿਤਾ ਸੀ। ਰਾਜਨੀਤਕ ਵਿਸ਼ਲੇਸ਼ਣਕਾਰਾਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ ਸੀ ਕਿ ਸਾਲ 1984 ਪੰਜਾਬ ਦੇ ਦੁਖਾਂਤ ਦਾ ਸਿਖਰ ਸੀ। ਭਾਵ ਪੰਜਾਬ ਨੇ ਜਿੰਨੇ ਭਿਆਨਕ ਤੋਂ ਭਿਆਨਕ ਦਿਨ ਦੇਖਣੇ ਸਨ ਦੇਖ ਲਏ ਹਨ ਤੇ ਹੁਣ ਮੋੜਾ ਪਏਗਾ। ਸ਼ਾਇਦ ਇਨ੍ਹਾਂ ਵਿਸ਼ਲੇਸ਼ਣਕਾਰਾਂ ਦੀ ਇਸ ਟਿੱਪਣੀ ਦਾ ਅਧਾਰ 24 ਜੁਲਾਈ 1985 ਨੂੰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਵਰਗਵਾਸੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਇਆ ਪੰਜਾਬ ਸਮਝੌਤਾ ਸੀ। ਪਰ ਬਾਅਦ ਦੇ ਸਮਾਚਾਰਾਂ ਨੇ ਉਪਰੋਕਤ ਟਿਪਣੀ ਨੂੰ ਗਲਤ ਸਾਬਤ ਕਰ ਦਿਤਾ। ਪੰਜਾਬ ਸਮਝੌਤੇ ਅਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਪੰਜਾਬ 'ਚ ਨਵੀਂ ਸ਼ੁਰੂਆਤ ਕਰਨ ਦੇ ਭਰੋਸੇ ਨੇ ਜਿਹੜੀਆਂ ਆਸਾਂ ਪੈਦਾ ਕੀਤੀਆਂ ਸਨ ਉਹ 1986 ਦੇ ਅਖੀਰ ਤਕ ਬਿਲਕੁਲ ਖਤਮ ਹੋ ਗਈਆਂ ਹਨ

20 ਅਗਸਤ 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਨਾਲ ਜਿਥੇ ਪੰਜਾਬ ਦੇ ਲੋਕਾਂ ਨੂੰ ਗਹਿਰਾ ਸਦਮਾ ਪੁੱਜਾ ਸੀ ਉਥੇ ਉਨ੍ਹਾਂ ਨੂੰ ਇਹ ਆਸ ਹੋਰ ਵੀ ਵਧ ਗਈ ਸੀ ਕਿ ਹੁਣ ਕੇਂਦਰ ਸਰਕਾਰ ਖਾਸ ਕਰਕੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਸੰਤ ਲੌਂਗੋਵਾਲ ਦੇ ਵਿਸ਼ਵਾਸ ਦਾ ਕਤਲ ਨਹੀਂ ਕਰਨਗੇ। ਕਹਿੰਦੇ ਹਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਸ੍ਰੀ ਅਰਜਨ ਸਿੰਘ ਨਾਲ ਪੰਜਾਬ ਸਮਝੌਤੇ ਸਬੰਧੀ ਗੱਲਬਾਤ ਕਰਨ ਤੋਂ ਪਹਿਲਾਂ ਇਹ ਸ਼ਬਦ ਆਖੇ ਸਨ, "ਤੁਸੀਂ ਰਾਜਪੂਤਾਂ ਦੇ ਲੀਡਰ ਹੋ ਮੈਂ ਸਿੱਖਾਂ ਦਾ ਲੀਡਰ ਹਾਂ, ਮੇਰੇ ਨਾਲ ਕੋਈ ਧੋਖਾ ਨਹੀਂ ਹੋਣੀਂ ਚਾਹੀਦਾ।' ਇਸ ਤੋਂ ਬਾਅਦ ਨਵੀਂ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨਾਲ ਆਪਣੀ ਪਹਿਲੀ ਮੁਲਾਕਾਤ ਸਮੇਂ ਸਵਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਫਿਰ ਆਖਿਆ ਸੀ, 'ਮੈਂ ਤੁਹਾਡੇ ਤੇ ਵਿਸ਼ਵਾਸ ਕਰਕੇ ਦਿੱਲੀ ਆਇਆ ਹਾਂ।' ਇਸ ਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਭਰੋਸਾ ਦਿਤਾ ਸੀ ਕਿ ਉਹ ਸੰਤ ਲੌਂਗੋਵਾਲ ਵਲੋਂ ਮਿਤਰਤਾ ਲਈ ਵਧਾਏ ਹੱਥ ਨੂੰ ਪਿਛੇ ਨਹੀਂ ਸੁੱਟਣਗੇ।



ਅਜੀਬ ਘਟਨਾ ਸੀ ਫਾਜ਼ਿਲਕਾ-ਅਬੋਹਰ ਦੇ 54 ਪਿੰਡਾਂ 'ਚ ਭਾਸ਼ਾਈ ਸਰਵੇਖਣ ਜਿਸਨੇ ਪੰਜਾਬ ਤੇ ਹਰਿਆਣਾ ਦਰਮਿਆਨ ਜੰਗ ਵਰਗੀ ਸਥਿਤੀ ਪੈਦਾ ਕਰ ਦਿਤੀ ਸੀ।

ਪਰ ਪੰਜਾਬ ਸਮਝੌਤੇ ਤੋਂ ਪਿਛੋਂ ਵਾਪਰੀਆਂ ਘਟਨਾਵਾਂ ਨੇ ਸਿਧ ਕਰ ਦਿਤਾ ਕਿ ਅਜੋਕੇ ਕੇਂਦਰੀ ਹੁਕਮਰਾਨਾਂ ਲਈ ਵਿਸ਼ਵਾਸਘਾਤ ਕਰਨਾ ਅਤੇ ਦਿਤੇ ਭਰੋਸਿਆਂ ਨੂੰ ਤੋੜਨਾ ਕੋਈ ਵੱਡੀ ਗੱਲ ਨਹੀਂ ਹੈ। ਪੰਜਾਬ ਸਮਝੌਤੇ ਪ੍ਰਤੀ ਕੇਂਦਰ ਦੀ ਪਹੁੰਚ ਸਬੰਧੀ ਵਿਸਵਿਸੇ 1985 ਦੇ ਅਖੀਰ ਤਕ ਹੀ ਪੈਦਾ ਹੋਣੇ ਸ਼ੁਰੂ ਹੋ ਗਏ ਸਨ ਜਦੋਂ ਕਿ ਕੇਂਦਰ ਨੇ ਸੰਤ ਲੌਂਗੋਵਾਲ ਨੂੰ ਦਿਤੇ ਭਰੋਸਿਆਂ ਮੁਤਾਬਕ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾਅ ਕਰਨ, ਸਾਰੇ ਬੈਰਕਾਂ ਛੱਡਣ ਵਾਲੇ ਫੌਜੀਆਂ ਨੂੰ ਆਮ ਮੁਆਫੀ ਦੇ ਕੇ ਬਹਾਲ ਕਰਨ ਅਤੇ ਨਵੰਬਰ 1984 ਦੇ ਦੰਗਿਆਂ ਦੇ ਦੋਸ਼ੀਆਂ 'ਤੇ ਕੇਸ ਚਲਾਕੇ ਉਨ੍ਹਾਂ ਨੂੰ ਸਜ਼ਾਵਾਂ ਦੇਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਨੂੰ ਅੱਗੇ ਵਧਾਉਣ ਤੋਂ ਆਨਾਕਾਨੀ ਸ਼ੁਰੂ ਕਰ ਦਿਤੀ ਸੀ। ਪਰ ਸਾਲ 1986 ਦੇ ਅਖੀਰ ਤਕ ਪੰਜਾਬ ਸਮਝੌਤੇ ਤੋਂ ਪੈਦਾ ਹੋਈਆਂ ਸਾਰੀਆਂ ਆਸਾਂ ਤੇ ਪੂਰੀ ਤਰ੍ਹਾਂ ਪਾਣੀ ਫਿਰ ਗਿਆ। ਪੰਜਾਬ ਸਮਝੌਤੇ ਨੂੰ ਲਾਗੂ ਕਰਨ ਲਈ ਬਣੇ ਮੈਥੀਊ ਕਮਿਸ਼ਨ ਅਤੇ ਵੈਂਕਟਾਰਮਈਆ ਕਮਿਸ਼ਨ ਨੇ ਜਿਸ ਢੰਗ ਨਾਲ ਕੰਮ ਕੀਤਾ ਉਸ ਦੀਆਂ ਕੌੜੀਆਂ ਯਾਦਾਂ ਹਮੇਸ਼ਾ ਪੰਜਾਬੀਆਂ ਦੇ ਦਿਲਾਂ 'ਚ ਕਾਇਮ ਰਹਿਣਗੀਆਂ। ਮੈਥਿਊ ਕਮਿਸ਼ਨ ਨੇ ਫਾਜ਼ਿਲਕਾ-ਅਬੋਹਰ ਦੇ 54 ਪਿੰਡਾਂ ਦਾ ਭਾਸ਼ਾਈ ਸਰਵੇਖਣ ਕਰਵਾਕੇ ਜਨਵਰੀ 1986 ਵਿਚ ਇਹੋ ਜਿਹੀ ਸਥਿਤੀ ਪੈਦਾ ਕਰ ਦਿਤੀ ਸੀ ਜਿਵੇਂ ਪੰਜਾਬ ਤੇ ਹਰਿਆਣਾ ਦਰਮਿਆਨ ਜੰਗ ਹੋਣ ਲੱਗੀ ਹੋਵੇ। ਪਹਿਲਾਂ ਮੌਜੂਦ ਰਿਕਾਰਡ ਦੇ ਅਧਾਰ ਤੇ ਫੈਸਲਾ ਕਰਨ ਦੀ ਥਾਂ ਤਨਾਅਪੂਰਨ ਸਥਿਤੀ 'ਚ ਭਾਸ਼ਾਈ ਸਰਵੇਖਣ ਕਰਾਉਣ ਦਾ ਕਮਿਸ਼ਨ ਦਾ ਫੈਸਲਾ ਦੂਰਅੰਦੇਸ਼ੀ ਤੋਂ ਬਿਲਕੁਲ ਕੋਰਾ ਸੀ। ਉਂਝ ਵੀ ਕਮਿਸ਼ਨ ਨੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਲਈ ਆਪਣੇ ਆਪ ਨੂੰ ਫਾਜ਼ਿਲਕਾ-ਅਬੋਹਰ ਤਕ

ਬਾਕੀ ਪੰਨਾ 16 ਉਤੇ

ਕੈਲੇਫੋਰਨੀਆ ਗਾਈਡ

ਫਰੈਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼੍ਰੀਦੋ
Ph. (209) 456-9491
INDICA IMPORTS — 4925 E. King Canyon Road, FRESNO, CA. .

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :
LONDON FASHIONS
1494 E. Bridge St., YUBA CITY CA. Ph. (916) 673-6634

Kamla Emporium

● ਮਸਾਲੇ ● ਆਟਾ ● ਗਰੌਸਰੀ ● ਕੱਪੜੇ
● ਸਾੜ੍ਹੀਆਂ ● ਰੀਕਾਰਡ ● ਇੰਡੀਅਨ ਵੀਡੀਓ
ਮੂਵੀਜ਼ ● 220 ਵੋਲਟੇਜ਼ ਅਪਲਾਇੰਸਿਜ
'ਕੈਨੇਡਾ ਦਰਪਣ' ਅਖਬਾਰ ਵੀ ਇਥੋਂ ਮਿਲਦਾ ਹੈ
2974 - Aborn Road, SAN JOSE, CA.
ਇੰਦਰ ਮੋਹਨ ਨੂੰ ਫ਼ੋਨ ਕਰੋ :
(408) 270-2070

PETE ELLIS DODGE

Plymouth
Dodge Trucks
CHRYSLER

ਕਾਰਾਂ, ਵੈਨਾਂ, ਪਿਕ ਅੱਪ ਖ਼੍ਰੀਦਣ ਲਈ
ਫ਼ੋਨ ਕਰੋ :—
ਜੱਸੀ ਗਰੇਵਾਲ
(408) 738-0400
Credit or no Credit
CALL:
Jessie Grewal
2 to 5% over Dealer Cost
Pete Ellis Dodge
1095, West El Camino Real
SUNNYVALE, CALIFORNIA 94087



Jyoti Emporium


ਆਪਣੀਆਂ ਘਰੇਲੂ ਵਸਤਾਂ ਲਈ ਜਯੋਤੀ ਇਮਪੋਰੀਅਮ ਉਤੇ ਪਹੁੰਚੋ
'ਕੈਨੇਡਾ ਦਰਪਣ' ਅਖਬਾਰ ਇਥੋਂ ਮਿਲਦਾ ਹੈ
1029 - Blossom Hill Road, Suite 5
SAN JOSE, CA. 95123
Ph. (408) 265-0106

1615 Mckee Road,
SAN JOSE, CA. 95116
Ph. (408) 259-8988

GILL'S AUTO SALES

ਯੂਬਾ ਸਿਟੀ ਅਤੇ ਨਾਲ ਦੇ ਇਲਾਕਿਆਂ ਦੇ ਕਾਰਾਂ ਖ਼੍ਰੀਦਣ ਵਾਲਿਆਂ ਨੂੰ ਖਾਸ ਸਹੂਲਤ
ਆਪਣੀ ਮਰਜ਼ੀ ਦੀ ਕਾਰ ਖ਼੍ਰੀਦਣ ਜਾਂ ਵੇਚਣ ਲਈ
ਗਿੱਲ ਆਟੋ ਸੇਲਜ਼ 'ਤੇ ਪਹੁੰਚੋ





ਜਾਣਕਾਰੀ ਲਈ ਫ਼ੋਨ ਕਰੋ :
(916) 671-3667
ਸੁਰਜੀਤ ਸਿੰਘ ਗਿੱਲ ਜਾਂ **ਮਾਈਕਲ ਸ. ਸਮਰਾ** ਨਾਲ ਸੰਪਰਕ ਕਰੋ
1455 - FRANKLIN ROAD, YUBA CITY, CA.

KANG UP HOLSTERY

CUSTOM UPHOLSTERING
UPHOLSTERY FURNITURE MADE TO ORDER
Estimates Submitted/Pick-up & Delivery
Ph. (916) 673-6594 or 674-2500
Res: (916) 673-3387



ਸਵਰਨ ਸਿੰਘ ਕੰਗ

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ
632 N. WALTON, ROAD, YUBA CITY, CA.

ਸਾਲ 1986 ਨੇ ਪੰਜਾਬੀਆਂ ਦੇ ਪੱਲੇ ਨਿਰਾਸ਼ਤਾ ਹੀ ਪਾਈ

ਨਜ਼ੀਰ ਅਹਿਮਦ ਦੇਹਲਵੀ

1984 ਵਿਚ ਦੋ ਬਹੁਤ ਹੀ ਦੁਖਦਾਈ ਘਟਨਾਵਾਂ ਵਾਪਰੀਆਂ ਸਨ ਇਕ ਘਟਨਾ ਸ੍ਰੀ ਹਰਮਿੰਦਰ ਸਾਹਿਬ ਵਿਚ ਫੌਜੀ ਕਾਰਵਾਈ ਅਤੇ ਦੂਜੀ ਘਟਨਾ ਸੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਪਿਛੋਂ ਦੇਸ਼ ਭਰ ਵਿਚ ਹੋਏ ਸਿਖ ਵਿਰੋਧੀ ਦੰਗੇ। ਇਨ੍ਹਾਂ ਦੋਵਾਂ ਘਟਨਾਵਾਂ ਨੇ ਪੰਜਾਬ ਨੂੰ ਹੀ ਨਹੀਂ ਸਗੋਂ ਸਮੁੱਚੇ ਦੇਸ਼ ਨੂੰ ਹਿਲਾਕੇ ਰੱਖ ਦਿਤਾ ਸੀ। ਰਾਜਨੀਤਕ ਵਿਸ਼ਲੇਸ਼ਣਕਾਰਾਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ ਸੀ ਕਿ ਸਾਲ 1984 ਪੰਜਾਬ ਦੇ ਦੁਖਾਂਤ ਦਾ ਸਿਖਰ ਸੀ। ਭਾਵ ਪੰਜਾਬ ਨੇ ਜਿੰਨੇ ਭਿਆਨਕ ਤੋਂ ਭਿਆਨਕ ਦਿਨ ਦੇਖਣੇ ਸਨ ਦੇਖ ਲਏ ਹਨ ਤੇ ਹੁਣ ਮੋੜਾ ਪਏਗਾ। ਸ਼ਾਇਦ ਇਨ੍ਹਾਂ ਵਿਸ਼ਲੇਸ਼ਣਕਾਰਾਂ ਦੀ ਇਸ ਟਿਪਣੀ ਦਾ ਅਧਾਰ 24 ਜੁਲਾਈ 1985 ਨੂੰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਸ਼ਰੋਮਣੀ ਅਕਾਲੀ ਦਲ ਦੇ ਸਵਰਗਵਾਸੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਇਆ ਪੰਜਾਬ ਸਮਝੌਤਾ ਸੀ। ਪਰ ਬਾਅਦ ਦੇ ਸਮਾਚਾਰਾਂ ਨੇ ਉਪਰੋਕਤ ਟਿਪਣੀ ਨੂੰ ਗਲਤ ਸਾਬਤ ਕਰ ਦਿਤਾ। ਪੰਜਾਬ ਸਮਝੌਤੇ ਅਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਪੰਜਾਬ 'ਚ ਨਵੀਂ ਸ਼ੁਰੂਆਤ ਕਰਨ ਦੇ ਭਰੋਸੇ ਨੇ ਜਿਹੜੀਆਂ ਆਸਾਂ ਪੈਦਾ ਕੀਤੀਆਂ ਸਨ ਉਹ 1986 ਦੇ ਅਖੀਰ ਤਕ ਬਿਲਕੁਲ ਖਤਮ ਹੋ ਗਈਆਂ ਹਨ

20 ਅਗਸਤ 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਨਾਲ ਜਿਥੇ ਪੰਜਾਬ ਦੇ ਲੋਕਾਂ ਨੂੰ ਗਹਿਰਾ ਸਦਮਾ ਪੁੱਜਾ ਸੀ ਉਥੇ ਉਨ੍ਹਾਂ ਨੂੰ ਇਹ ਆਸ ਹੋਰ ਵੀ ਵਧ ਗਈ ਸੀ ਕਿ ਹੁਣ ਕੇਂਦਰ ਸਰਕਾਰ ਖਾਸ ਕਰਕੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਸੰਤ ਲੌਂਗੋਵਾਲ ਦੇ ਵਿਸ਼ਵਾਸ ਦਾ ਕਤਲ ਨਹੀਂ ਕਰਨਗੇ। ਕਹਿੰਦੇ ਹਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਸ੍ਰੀ ਅਰਜਨ ਸਿੰਘ ਨਾਲ ਪੰਜਾਬ ਸਮਝੌਤੇ ਸਬੰਧੀ ਗੱਲਬਾਤ ਕਰਨ ਤੋਂ ਪਹਿਲਾਂ ਇਹ ਸ਼ਬਦ ਆਖੇ ਸਨ, "ਤੁਸੀਂ ਰਾਜਪੂਤਾਂ ਦੇ ਲੀਡਰ ਹੋ ਮੈਂ ਸਿਖਾਂ ਦਾ ਲੀਡਰ ਹਾਂ, ਮੇਰੇ ਨਾਲ ਕੋਈ ਧੋਖਾ ਨਹੀਂ ਹੋਣੀਂ ਚਾਹੀਦਾ।' ਇਸ ਤੋਂ ਬਾਅਦ ਨਵੀਂ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨਾਲ ਆਪਣੀ ਪਹਿਲੀ ਮੁਲਾਕਾਤ ਸਮੇਂ ਸਵਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਫਿਰ ਆਖਿਆ ਸੀ, 'ਮੈਂ ਤੁਹਾਡੇ ਤੇ ਵਿਸ਼ਵਾਸ ਕਰਕੇ ਦਿੱਲੀ ਆਇਆ ਹਾਂ।' ਇਸ ਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਭਰੋਸਾ ਦਿਤਾ ਸੀ ਕਿ ਉਹ ਸੰਤ ਲੌਂਗੋਵਾਲ ਵਲੋਂ ਮਿਤਰਤਾ ਲਈ ਵਧਾਏ ਹੱਥ ਨੂੰ ਪਿਛੇ ਨਹੀਂ ਸੁੱਟਣਗੇ।



ਅਜੀਬ ਘਟਨਾ ਸੀ. ਫਾਜ਼ਿਲਕਾ-ਅਬੋਹਰ ਦੇ 54 ਪਿੰਡਾਂ 'ਚ ਭਾਸ਼ਾਈ ਸਰਵੇਖਣ ਜਿਸਨੇ ਪੰਜਾਬ ਤੇ ਹਰਿਆਣਾ ਦਰਮਿਆਨ ਜੰਗ ਵਰਗੀ ਸਥਿਤੀ ਪੈਦਾ ਕਰ ਦਿਤੀ ਸੀ।

ਪਰ ਪੰਜਾਬ ਸਮਝੌਤੇ ਤੋਂ ਪਿਛੋਂ ਵਾਪਰੀਆਂ ਘਟਨਾਵਾਂ ਨੇ ਸਿੱਧ ਕਰ ਦਿਤਾ ਕਿ ਅਜੋਕੇ ਕੇਂਦਰੀ ਹੁਕਮਰਾਨਾਂ ਲਈ ਵਿਸ਼ਵਾਸਘਾਤ ਕਰਨਾ ਅਤੇ ਦਿਤੇ ਭਰੋਸਿਆਂ ਨੂੰ ਤੋੜਨਾ ਕੋਈ ਵੱਡੀ ਗੱਲ ਨਹੀਂ ਹੈ। ਪੰਜਾਬ ਸਮਝੌਤੇ ਪ੍ਰਤੀ ਕੇਂਦਰ ਦੀ ਪਹੁੰਚ ਸਬੰਧੀ ਵਿਸਵਿਸੇ 1985 ਦੇ ਅਖੀਰ ਤਕ ਹੀ ਪੈਦਾ ਹੋਣੇ ਸ਼ੁਰੂ ਹੋ ਗਏ ਸਨ ਜਦੋਂ ਕਿ ਕੇਂਦਰ ਨੇ ਸੰਤ ਲੌਂਗੋਵਾਲ ਨੂੰ ਦਿਤੇ ਭਰੋਸਿਆਂ ਮੁਤਾਬਕ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾਅ ਕਰਨ, ਸਾਰੇ ਬੈਰਕਾਂ ਛੱਡਣ ਵਾਲੇ ਫੌਜੀਆਂ ਨੂੰ ਆਮ ਮੁਆਫੀ ਦੇ ਕੇ ਬਹਾਲ ਕਰਨ ਅਤੇ ਨਵੰਬਰ 1984 ਦੇ ਦੰਗਿਆਂ ਦੇ ਦੋਸ਼ੀਆਂ 'ਤੇ ਕੇਸ ਚਲਾਕੇ ਉਨ੍ਹਾਂ ਨੂੰ ਸਜ਼ਾਵਾਂ ਦੇਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਨੂੰ ਅੱਗੇ ਵਧਾਉਣ ਤੋਂ ਆਨਾਕਾਨੀ ਸ਼ੁਰੂ ਕਰ ਦਿਤੀ ਸੀ। ਪਰ ਸਾਲ 1986 ਦੇ ਅਖੀਰ ਤਕ ਪੰਜਾਬ ਸਮਝੌਤੇ ਤੋਂ ਪੈਦਾ ਹੋਈਆਂ ਸਾਰੀਆਂ ਆਸਾਂ ਤੇ ਪੂਰੀ ਤਰ੍ਹਾਂ ਪਾਣੀ ਫਿਰ ਗਿਆ। ਪੰਜਾਬ ਸਮਝੌਤੇ ਨੂੰ ਲਾਗੂ ਕਰਨ ਲਈ ਬਣੇ ਮੈਥੀਉ ਕਮਿਸ਼ਨ ਅਤੇ ਵੈਂਕਟਾਰਮਈਆ ਕਮਿਸ਼ਨ ਨੇ ਜਿਸ ਢੰਗ ਨਾਲ ਕੰਮ ਕੀਤਾ ਉਸ ਦੀਆਂ ਕੌੜੀਆਂ ਯਾਦਾਂ ਹਮੇਸ਼ਾ ਪੰਜਾਬੀਆਂ ਦੇ ਦਿਲਾਂ 'ਚ ਕਾਇਮ ਰਹਿਣਗੀਆਂ। ਮੈਥਿਊ ਕਮਿਸ਼ਨ ਨੇ ਫਾਜ਼ਿਲਕਾ-ਅਬੋਹਰ ਦੇ 54 ਪਿੰਡਾਂ ਦਾ ਭਾਸ਼ਾਈ ਸਰਵੇਖਣ ਕਰਵਾਕੇ ਜਨਵਰੀ 1986 ਵਿਚ ਇਹੋ ਜਿਹੀ ਸਥਿਤੀ ਪੈਦਾ ਕਰ ਦਿਤੀ ਸੀ ਜਿਵੇਂ ਪੰਜਾਬ ਤੇ ਹਰਿਆਣਾ ਦਰਮਿਆਨ ਜੰਗ ਹੋਣ ਲੱਗੀ ਹੋਵੇ। ਪਹਿਲਾਂ ਮੌਜੂਦ ਰਿਕਾਰਡ ਦੇ ਅਧਾਰ ਤੇ ਫੈਸਲਾ ਕਰਨ ਦੀ ਥਾਂ ਤਨਾਅਪੂਰਨ ਸਥਿਤੀ 'ਚ ਭਾਸ਼ਾਈ ਸਰਵੇਖਣ ਕਰਾਉਣ ਦਾ ਕਮਿਸ਼ਨ ਦਾ ਫੈਸਲਾ ਦੂਰਅੰਦੇਸ਼ੀ ਤੋਂ ਬਿਲਕੁਲ ਕੋਰਾ ਸੀ। ਉਂਝ ਵੀ ਕਮਿਸ਼ਨ ਨੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਲਈ ਆਪਣੇ ਆਪ ਨੂੰ ਫਾਜ਼ਿਲਕਾ-ਅਬੋਹਰ ਤਕ

ਬਾਕੀ ਪੰਨਾ 16 ਤੇ

ਕੇਂਦਰਤ ਕਰ ਲਿਆ ਸੀ। ਕਮਿਸ਼ਨ ਨੂੰ ਫਾਜ਼ਿਲਕਾ-ਅਬੋਹਰ ਤੋਂ ਇਲਾਵਾ ਪੰਜਾਬ ਦੇ ਹੋਰ ਸਰਹੱਦੀ ਇਲਾਕਿਆਂ ਦਾ ਪਿਛਲਾ ਰਿਕਾਰਡ ਦੇਖਕੇ ਹਿੰਦੀ ਬੋਲਦੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਸੀ ਕੰਦੂਖੇੜਾ ਪੰਜਾਬੀ ਭਾਸ਼ੀ ਪਿੰਡ ਸਾਬਤ ਹੋਣ ਤੋਂ ਬਾਅਦ ਕਮਿਸ਼ਨ ਫਾਜ਼ਿਲਕਾ-ਅਬੋਹਰ ਦੇ ਇਲਾਕੇ ਹਰਿਆਣੇ ਨੂੰ ਦੁਆਉਣ 'ਚ ਅਸਫਲ ਰਿਹਾ। ਇਸ ਤਰ੍ਹਾਂ ਕਮਿਸ਼ਨ ਨੇ ਗਲਤ ਪਹੁੰਚ ਅਖਤਿਆਰ ਕੀਤੀ ਤੇ ਫੇਲ੍ਹ ਹੋ ਗਿਆ ਪਰ ਇਸ ਵਿਚ ਪੰਜਾਬ ਦਾ ਕੀ ਕਸੂਰ ਸੀ? ਪੰਜਾਬ ਨੂੰ ਹਰ ਸੂਰਤ ਵਿਚ 26 ਜਨਵਰੀ 1986 ਨੂੰ ਚੰਡੀਗੜ੍ਹ ਸੌਂਪਿਆ ਹੀ ਜਾਣਾ ਚਾਹੀਦਾ ਸੀ। ਇਸ ਪਿਛੋਂ ਵੈਂਕਟਰਮਈਆ ਕਮਿਸ਼ਨ ਬਣਿਆ। ਪਹਿਲਾਂ ਇਹ ਕਮਿਸ਼ਨ ਪੰਜਾਬ ਨੂੰ ਚੰਡੀਗੜ੍ਹ ਦੇ ਬਦਲੇ ਚੰਡੀਗੜ੍ਹ ਦੇ ਨਾਲ ਲਗਦੀ 15000 ਏਕੜ ਜ਼ਮੀਨ ਦੇਣ ਲਈ ਸਹਿਮਤ ਕਰਦਾ ਰਿਹਾ, ਪਰ ਜਦੋਂ ਹਰਿਆਣਾ ਇਸ ਲਈ ਸਹਿਮਤ ਨਾ ਹੋਇਆ ਤਾਂ ਕਮਿਸ਼ਨ ਨੇ ਚੰਡੀਗੜ੍ਹ ਬਦਲੇ 70 ਹਜ਼ਾਰ ਏਕੜ ਜ਼ਮੀਨ ਦੇਣ ਦੀ ਸਿਫਾਰਸ਼ ਕਰ ਦਿਤੀ। ਨਾਲ ਇਹਵੀ ਆਖਿਆ ਕਿ ਜ਼ਰੂਰੀ ਨਹੀਂ ਕਿ ਇਲਾਕੇ ਹਿੰਦੀ ਬੋਲਦੇ ਹੀ ਹੋਣ। ਕਮਿਸ਼ਨ ਦਾ ਇਹ ਫੈਸਲਾ ਪੰਜਾਬ ਸਮਝੌਤੇ ਵਿਚ ਭਾਸ਼ਾ, ਪਿੰਡ ਇਕ ਇਕਾਈ ਤੇ ਜੁੜਵੇਂ ਇਲਾਕੇ ਦੇ ਤਹਿ ਕੀਤੇ ਗਏ ਅਸੂਲ ਦੇ ਬਿਲਕੁਲ ਉਲਟ ਸੀ। ਪਿਛੋਂ ਦੇਸਾਈ ਕਮਿਸ਼ਨ ਬਣਾਇਆ ਗਿਆ ਤੇ ਉਸ ਨੂੰ ਕੁਝ ਘੰਟਿਆਂ ਦੇ ਅੰਦਰ ਹੀ ਹਿੰਦੀ ਬੋਲਦੇ ਇਲਾਕਿਆਂ ਦੀ ਸਿਫਾਰਸ਼ ਕਰਨ ਲਈ ਆਖਕੇ ਕੇਂਦਰ ਨੇ ਆਪਣੀ ਨਿਆਂ ਪ੍ਰਣਾਲੀ ਦਾ ਬਿਲਕੁਲ ਦੁਆਲਾ ਕੱਢ ਵਿਖਾਇਆ। ਮੈਥੀਊ ਕਮਿਸ਼ਨ ਤੇ ਵੈਂਕਟਰਮਈਆ ਕਮਿਸ਼ਨ ਦੋਵਾਂ ਦੀ ਕਾਰਗੁਜ਼ਾਰੀ ਨੂੰ ਕੇਂਦਰ ਵਿਚਲੀ ਪੰਜਾਬ ਸਮਝੌਤੇ ਨੂੰ ਸਾਬੋਤਾਜ ਕਰਨ ਵਾਲੀ ਸ਼ਕਤੀਸ਼ਾਲੀ ਲਾਬੀ ਦੀਆਂ ਸਰਗਰਮੀਆਂ ਨਾਲੋਂ ਤੋੜਕੇ ਨਹੀਂ ਦੇਖਿਆ ਜਾ ਸਕਦਾ। ਇਸ ਲਾਬੀ ਨੇ ਪੰਜਾਬ ਸਮਝੌਤੇ ਦੀ ਡਰਾਫਟਿੰਗ (ਖਰੜਾ ਬਨਾਉਣ) ਤੋਂ ਲੈ ਕੇ ਕਮਿਸ਼ਨਾਂ ਦੇ ਫੈਸਲਿਆਂ ਤਕ ਇਸ ਢੰਗ ਨਾਲ ਕੰਮ ਕੀਤਾ ਕਿ ਪੰਜਾਬ ਨੂੰ ਸਮਝੌਤੇ ਨਾਲ ਕੱਖ ਨਾ ਮਿਲੇ ਸਗੋਂ ਉਲਟਾ ਬਹੁਤ ਕੁਝ ਦੇਣਾ ਪਵੇ। ਇਹ ਅਕਾਲੀ ਦਲ ਦੇ ਵਰਕਰਾਂ ਦੀਆਂ ਬੇਗਿਣਤ ਕੁਰਬਾਨੀਆਂ ਅਤੇ ਵਰ੍ਹਿਆਂ ਲੰਮੇ ਮੋਰਚੇ ਤੋਂ ਬਾਅਦ ਹੱਥ ਲੱਗੀ ਅਸਫਲਤਾ ਸੀ ਜਿਸ ਨੇ ਪੰਜਾਬੀਆਂ ਦਾ ਕੇਂਦਰ ਤੋਂ ਵਿਸਵਾਸ਼ ਬਿਲਕੁਲ ਚੁੱਕ ਦਿਤਾ।

ਕੇਂਦਰ ਸਰਕਾਰ ਉਲਟਾ ਬਰਨਾਲਾ ਸਰਕਾਰ ਤੇ ਇਹ ਦੋਸ਼ ਲਾ ਰਹੀ ਹੈ ਕਿ ਉਸ ਨੇ ਪੰਜਾਬ ਸਮਝੌਤੇ ਨੂੰ ਲਾਗੂ ਕਰਵਾਉਣ ਵਿਚ ਕੇਂਦਰ ਨਾਲ ਮਿਲਵਰਤਨ ਨਹੀਂ ਕੀਤਾ। ਇਸ ਤੋਂ ਹਾਸੋਹੀਣੀ ਗੱਲ ਹੋਰ ਕੀ ਹੋ ਸਕਦੀ ਹੈ। ਬਰਨਾਲਾ ਸਰਕਾਰ ਦਾ ਕਸੂਰ ਸਿਰਫ ਇਹ ਹੈ ਕਿ ਉਸ ਨੇ ਪੰਜਾਬ ਸਮਝੌਤੇ ਅਧੀਨ ਬਣੇ ਕਮਿਸ਼ਨਾਂ ਦੇ ਪੰਜਾਬ ਸਮਝੌਤੇ ਦੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਦਿਤੇ ਫੈਸਲਿਆਂ ਨੂੰ ਪ੍ਰਵਾਨਗੀ ਨਹੀਂ ਦਿਤੀ। ਜੇ ਬਰਨਾਲਾ ਸਰਕਾਰ ਇਹ ਕੰਮ ਕਰ ਦਿੰਦੀ ਤਾਂ ਪੰਜਾਬ ਨੂੰ ਬਲੀ ਦਾ ਬੱਕਰਾ ਬਨਾਉਣ ਦਾ ਕੇਂਦਰ ਨੂੰ ਪੂਰਾ ਪੂਰਾ ਮੌਕਾ ਮਿਲ ਜਾਂਦਾ। ਕੇਂਦਰ ਸਰਕਾਰ ਬਰਨਾਲਾ ਸਰਕਾਰ ਤੇ ਦੂਜਾ ਦੋਸ਼ ਇਹ ਲਾਉਂਦੀ ਹੈ ਕਿ ਇਹ ਹਿੰਸਾ ਰੋਕਣ 'ਚ ਨਾਕਾਮ ਰਹੀ ਹੈ। ਕੇਂਦਰ ਦਾ ਇਹ ਦੋਸ਼ ਠੀਕ ਹੈ। ਇਹ ਸਚਾਈ ਹੈ ਕਿ ਬਰਨਾਲਾ ਸਰਕਾਰ ਅਮਨ-ਕਾਨੂੰਨ ਬਣਾਈ ਰੱਖਣ 'ਚ ਅਸਫਲ ਰਹੀ ਹੈ। ਇਸ ਕਾਰਨ ਪੰਜਾਬ ਸਰਕਾਰ ਦੇ ਵਕਾਰ ਨੂੰ ਭਾਰੀ ਢਾਹ ਲੱਗੀ ਤੇ ਪੰਜਾਬ 'ਚ ਸਹਿਮ ਛਾਇਆ ਰਿਹਾ। ਪਰ ਇਸ ਵਿਚ ਵੀ ਬਹੁਤਾ ਦੋਸ਼ ਕੇਂਦਰੀ ਸਰਕਾਰ ਦਾ ਹੈ। ਉਸ ਨੇ ਪੰਜਾਬ ਸਮਝੌਤੇ ਨੂੰ ਲਾਗੂ ਕਰਕੇ ਅਤੇ ਪੰਜਾਬ ਸਮਝੌਤੇ ਤੋਂ ਬਾਹਰ ਜ਼ੁਬਾਨੀ ਕੀਤੇ ਹੋਏ ਵਾਅਦੇ ਪੂਰੇ ਕਰਕੇ, ਬਰਨਾਲਾ ਸਰਕਾਰ ਦੀ ਪੁਜ਼ੀਸ਼ਨ ਰਾਜਨੀਤਕ ਤੌਰ ਤੇ ਮਜ਼ਬੂਤ ਨਹੀਂ ਕੀਤੀ ਜਿਸ ਨਾਲ ਉਸ ਨੂੰ ਪੰਜਾਬ ਦੇ ਸਮੂਹ ਲੋਕਾਂ ਦੀ ਹਮਾਇਤ ਹਾਸਲ ਕਰਨ 'ਚ ਸਹਾਇਤਾ ਮਿਲ ਸਕਦੀ ਤੇ ਉਹ ਪ੍ਰਾਪਤੀਆਂ ਲੈ ਕੇ ਫਖਰ ਨਾਲ ਲੋਕਾਂ ਸਾਹਮਣੇ ਜਾ ਸਕਦੀ। ਸਗੋਂ ਉਲਟਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਦੇਸ਼ਾਂ ਵਿਦੇਸ਼ਾਂ ਵਿਚ ਇਹ ਬਿਆਨ ਦੇ ਕੇ ਕਿ ਅਸੀਂ ਬਰਨਾਲਾ ਸਰਕਾਰ ਦੇ ਕਹਿਣ ਤੇ ਪੰਜਾਬ ਸਮਝੌਤਾ ਲਾਗੂ ਨਹੀਂ ਕਰ ਰਹੇ-ਬਰਨਾਲਾ ਸਰਕਾਰ ਦੀ ਪੁਜ਼ੀਸ਼ਨ ਹੋਰ ਵੀ ਕਮਜ਼ੋਰ ਕਰ ਦਿਤੀ। ਭਾਵੇਂ ਸ:ਬਰਨਾਲਾ ਕੁਝ ਵੀ ਆਖਣ ਪਰ ਇਹ ਗੱਲ ਇਕ ਹਕੀਕਤ ਹੈ ਕਿ 30 ਅਪ੍ਰੈਲ 1986 ਨੂੰ ਦਰਬਾਰ ਸਾਹਿਬ ਵਿਚ ਪੁਲਸ ਕਾਰਵਾਈ ਕੇਂਦਰ ਨੇ ਬਰਨਾਲਾ ਸਰਕਾਰ ਤੇ ਦਬਾਅ ਪਾ ਕੇ ਕਰਵਾਈ ਜਦੋਂ ਇਹ ਪਹਿਲਾਂ ਵੀ ਪਤਾ ਲਗ ਗਿਆ ਸੀ ਕਿ ਪੁਲਸ ਨੂੰ ਲੋੜੀਂਦਾ ਕੋਈ ਵਿਅਕਤੀ ਅੰਦਰ ਨਹੀਂ ਹੈ ਤਾਂ ਇਹ ਕਾਰਵਾਈ ਕਿਉਂ ਕੀਤੀ ਗਈ। ਇਸ ਕਾਰਵਾਈ ਨੇ ਫੌਜੀ ਕਾਰਵਾਈ ਤੇ ਨਵੰਬਰ 1984 ਦੇ ਦੰਗਿਆਂ ਤੋਂ ਪਿਛੋਂ ਸਿਖ ਮਾਨਸਿਕਤਾ ਨੂੰ ਹੋਰ ਠੇਸ ਲਾਈ। ਇਸ ਦੇ ਨਾਲ ਹੀ ਅਕਾਲੀ ਪਾਰਟੀ ਦੋਫਾੜ ਹੋ ਗਈ ਅਤੇ ਬਰਨਾਲਾ ਸਰਕਾਰ ਨੂੰ ਕਾਂਗਰਸ ਆਈ ਦੇ ਰਹਿਮ ਤੇ ਦਿਨ ਕੱਟਣ ਲਈ ਮਜ਼ਬੂਰ ਹੋਣਾ ਪਿਆ। ਜਿਸ ਨਾਲ ਬਰਨਾਲਾ ਸਰਕਾਰ ਪੰਜਾਬ ਦੇ ਲੋਕਾਂ ਨੂੰ ਸਪਸ਼ਟ ਰੂਪ ਵਿਚ ਕੇਂਦਰ ਦੀ ਕਠਪੁਤਲੀ ਨਜ਼ਰ ਆਉਣ ਲੱਗ ਪਈ।

ਇਹੋ ਜਿਹੀ ਸਰਕਾਰ ਜਿਹੜੀ ਪੰਜਾਬ ਸਮਝੌਤਾ ਜਿਸ ਤੇ ਅਮਲ ਲਈ ਲੋਕਾਂ ਨੇ ਅਕਾਲੀ ਪਾਰਟੀ ਨੂੰ ਵੋਟਾਂ ਦਿੱਤੀਆਂ ਸਨ, ਲਾਗੂ ਕਰਵਾਉਣ ਵਿਚ ਅਤੇ ਪੰਜਾਬ ਨੂੰ ਠੋਸ ਰੂਪ ਵਿਚ, ਕੁਝ ਦੁਆ ਸਕਣ ਵਿਚ, ਅਸਫਲ ਰਹਿਣ ਕਾਰਨ ਆਮ ਲੋਕਾਂ ਦੀ ਹਮਾਇਤ ਗੁਆ ਚੁੱਕੀ ਹੋਵੇ ਉਹ ਕਾਨੂੰਨ ਦੇ ਘੇਰੇ ਵਿਚੋਂ ਬਾਹਰ ਗਏ ਨਰਾਜ਼ ਨੌਜਵਾਨਾਂ ਨੂੰ ਮੁਖਧਾਰਾ ਵਿਚ ਕਿਵੇਂ ਲਿਆ ਸਕਦੀ ਸੀ। ਜੇਕਰ ਹਰਿਮੰਦਰ ਸਾਹਿਬ ਵਿਚ ਫੌਜੀ ਕਾਰਵਾਈ ਤੋਂ ਬਹੁਤ ਪਹਿਲਾਂ ਕੇਂਦਰ ਵਿਰੋਧੀ ਪਾਰਟੀਆਂ ਤੇ ਅਕਾਲੀ ਨੇਤਾਵਾਂ ਦੀਆਂ ਤਿੰਨ ਧਿਰੀ ਵਾਰਤਾਵਾਂ ਦੌਰਾਨ ਹੀ ਪੰਜਾਬ ਸਮੱਸਿਆ ਦਾ ਰਾਜਨੀਤਕ ਹੱਲ ਕੱਢ ਲਿਆ ਜਾਂਦਾ ਤਾਂ ਇਸ ਗੱਲ ਦੀ ਭਾਰੀ ਸੰਭਾਵਨਾ ਸੀ ਕਿ ਪੰਜਾਬ ਦੇ ਰਾਜਨੀਤਕ ਜੀਵਨ ਵਿਚ ਹਿੰਸਾ ਦਾ ਪ੍ਰਵੇਸ਼ ਨਾ ਹੁੰਦਾ। ਉਹ ਹਿੰਸਾ ਕਿਵੇਂ ਰੋਕ ਸਕਦੀ ਸੀ? ਉਸ ਕੋਲ ਲੋਕਾਂ ਨੂੰ ਸੰਤੁਸ਼ਟ ਕਰਨ ਲਈ ਕੀ ਸੀ? ਹਿੰਸਾ ਜਾਰੀ ਰਹਿਣ ਲਈ ਕੇਂਦਰ ਸਰਕਾਰ ਇਸ ਲਈ ਵੀ ਦੋਸ਼ੀ ਹੈ ਕਿ ਉਹ ਸਰਹੱਦਾਂ ਤੋਂ ਘੁਸਪੈਠ ਰੋਕਣ ਵਿਚ ਪੂਰੀ ਤਰ੍ਹਾਂ ਅਸਮਰੱਥ ਰਹੀ ਹੈ।

ਪੰਜਾਬ ਸਮਝੌਤਾ ਲਾਗੂ ਨਾ ਕਰਵਾ ਸਕਣ ਅਤੇ ਪੰਜਾਬੀਆਂ ਦੀਆਂ ਆਸਾਂ ਤੇ ਪੂਰੀ ਨਾ ਉਤਰਨ ਲਈ ਬਰਨਾਲਾ ਸਰਕਾਰ ਵੀ ਆਪਣੇ ਦੋਸ਼ ਤੋਂ ਬਰੀ ਨਹੀਂ ਹੋ ਸਕਦੀ। ਪੱਛਮੀ ਬੰਗਾਲ ਦੇ ਖੱਬੇ ਪੱਖੀ ਆਗੂਆਂ ਦੀ ਇਸ ਸਬੰਧ ਵਿਚ ਇਕ ਸ਼ਲਾਘਾਯੋਗ ਮਿਸਾਲ ਹੈ। ਉਹ ਕੇਂਦਰ ਸਰਕਾਰ ਦੀਆਂ ਵਧੀਕੀਆਂ ਨੂੰ ਆਪਣੇ ਲੋਕਾਂ ਤਕ ਲੈ ਕੇ ਜਾਣ ਲਈ ਲਗਾਤਾਰ ਯਤਨਸ਼ੀਲ ਰਹਿੰਦੇ ਹਨ ਅਤੇ ਇਸ ਦੇ ਨਾਲ ਹੀ ਸਰਕਾਰ ਵੀ ਚਲਾਉਂਦੇ ਹਨ। ਪੱਛਮੀ ਬੰਗਾਲ ਦੇ ਹੁਕਮਰਾਨ ਆਗੂ ਇਸ ਗੱਲ ਪ੍ਰਤੀ ਹਮੇਸ਼ਾ ਚੌਕਸ ਰਹਿੰਦੇ ਹਨ ਕਿ ਉਨ੍ਹਾਂ ਤੇ ਰਾਜ ਦੇ ਲੋਕਾਂ ਦਰਮਿਆਨ ਵਿੱਥ ਪੈਦਾ ਨਾ ਹੋਵੇ ਇਸ ਲਈ ਉਹ ਕੇਂਦਰ ਸਰਕਾਰ ਦੀਆਂ ਰਾਜ ਵਿਰੋਧੀ ਨੀਤੀਆਂ ਦੇ ਖਿਲਾਫ 'ਬੰਦ' ਕਰਦੇ ਹਨ, 'ਰੋਸ ਮਾਰਚ' ਜਥੇਬੰਦ ਕਰਦੇ ਹਨ, ਪਰ ਬਰਨਾਲਾ ਸਰਕਾਰ ਕੇਂਦਰ ਤੇ ਪੰਜਾਬ ਸਮਝੌਤਾ ਲਾਗੂ ਕਰਵਾਉਣ ਲਈ ਲੋੜੀਂਦਾ ਦਬਾਅ ਨਹੀਂ ਪਾ ਸਕੀ। ਪੰਜਾਬ ਦੇ ਬਹੁਗਿਣਤੀ ਲੋਕਾਂ ਨੂੰ ਤਾਂ ਇਤਰਾਜ਼ ਹੀ ਰਿਹਾ ਹੈ ਕਿ ਬਰਨਾਲਾ ਸਰਕਾਰ ਕੇਂਦਰੀ ਸਰਕਾਰ ਨੂੰ ਪੰਜਾਬ ਦੀ ਰਾਜਨੀਤਕ ਸਮੱਸਿਆ ਨੂੰ ਪ੍ਰਸ਼ਾਸਕੀ ਪੱਧਰ ਤੇ ਸਖਤੀ ਵਰਤਕੇ ਦਬਾਉਣ ਲਈ ਬਹੁਤ ਜ਼ਿਆਦਾ ਸਹਿਯੋਗ ਦਿੰਦੀ ਰਹੀ ਹੈ। ਸਮੱਸਿਆ ਦੇ ਰਾਜਨੀਤਕ ਨਿਪਟਾਰੇ ਲਈ ਕੇਂਦਰ ਨੂੰ ਮਜ਼ਬੂਰ ਨਹੀਂ ਕਰ ਸਕੀ। (ਹੁਣ ਬਰਨਾਲਾ ਸਰਕਾਰ ਵਲੋਂ ਕੇਂਦਰ ਦੇ ਕਹਿਣ ਤੇ ਬਾਦਲ ਅਕਾਲੀ ਦਲ ਦੇ ਨੇਤਾਵਾਂ ਦੀਆਂ ਗ੍ਰਿਫਤਾਰੀਆਂ ਦਾ ਚਲਾਇਆ ਚੱਕਰ ਸਥਿਤੀ ਨੂੰ ਹੋਰ ਗੁੰਝਲਦਾਰ ਬਣਾਏਗਾ)।

ਅੱਜ ਪਾਣੀ ਸਿਰ ਤੋਂ ਵਹਿ ਗਿਆ ਹੈ। ਪੰਜਾਬ ਦੀ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ। ਨੌਜਵਾਨਾਂ ਵਿਚ ਪਹਿਲਾਂ ਨਾਲੋਂ ਵਧੇਰੇ ਨਾਰਾਜ਼ਗੀ ਪਾਈ ਜਾ ਰਹੀ ਹੈ। ਜਿਹੜੇ ਲੋਕ ਇਹ ਕਹਿੰਦੇ ਸਨ ਕਿ ਕੇਂਦਰ ਪੰਜਾਬ ਸਮੱਸਿਆ ਪ੍ਰਤੀ ਸੰਜੀਦਾ ਨਹੀਂ ਹੈ ਅਤੇ ਪੰਜਾਬ ਸਮਝੌਤੇ ਨਾਲ ਪੰਜਾਬ ਨੂੰ ਕੁਝ ਵੀ ਨਹੀਂ ਮਿਲੇਗਾ ਉਨ੍ਹਾਂ ਦੇ ਸ਼ੰਕੇ ਸਹੀ ਸਾਬਤ ਹੋਏ ਹਨ। ਕੌਮੀ ਅਖਬਾਰਾਂ ਦੇ ਸੰਪਾਦਕ ਅਤੇ ਇਨ੍ਹਾਂ ਵਿਚ ਲਿਖਣ ਵਾਲੇ ਹੋਰ ਕਾਲਮਨਿਸਟਾਂ ਨੇ ਵੀ ਹੁਣ ਤਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਕੇਂਦਰੀ ਹੁਕਮਰਾਨ ਆਪਣੇ ਰਾਜਨੀਤਕ ਸੁਆਰਥਾਂ ਕਾਰਨ ਪੰਜਾਬ ਸਮੱਸਿਆ ਨੂੰ ਸੁਲਝਾਉਣ ਵਿਚ ਨਾਕਾਮ ਰਹੇ ਹਨ। ਸਥਿਤੀ ਇਥੋਂ ਤਕ ਪੁੱਜ ਗਈ ਹੈ ਕਿ ਅਕਾਲੀ ਦਲ ਦੇ ਮਾਡਰੇਟ ਕਹੇ ਜਾਣ ਵਾਲੇ ਆਗੂ ਵੀ ਕੇਂਦਰ ਦੇ ਰਵੱਈਏ ਤੋਂ ਪੂਰੀ ਤਰ੍ਹਾਂ ਨਿਰਾਸ਼ ਹੋ ਚੁੱਕੇ ਹਨ। ਕੇਂਦਰੀ ਹੁਕਮਰਾਨਾਂ ਨੇ ਸਿਖ ਭਾਈਚਾਰੇ ਅਤੇ ਸਮੂਹ ਪੰਜਾਬੀਆਂ ਦਾ ਵਿਸ਼ਵਾਸ ਜਿੱਤਣ ਦਾ ਇਕ ਬਹੁਤ ਹੀ ਮਹੱਤਵਪੂਰਨ ਮੌਕਾ ਗਵਾ ਲਿਆ ਹੈ।

ਉਪਰੋਕਤ ਸਾਰੀਆਂ ਰਾਜਨੀਤਕ ਘਟਨਾਵਾਂ ਦਾ ਲੇਖਾਜੋਖਾ ਕਰਨ ਤੋਂ ਬਾਅਦ ਸਪਸ਼ੱਟ ਰੂਪ ਵਿਚ ਆਖਿਆ ਜਾ ਸਕਦਾ ਹੈ ਕਿ ਸਾਲ 1986 ਨੇ ਪੰਜਾਬੀਆਂ ਦੇ ਪੱਲੇ ਨਿਰਾਸ਼ਤਾ ਹੀ ਪਾਈ। ਪੰਜਾਬ ਸਮਝੌਤੇ ਤੋਂ ਪੈਦਾ ਹੋਈ ਆਸ ਦਾ ਕਿਰਨ ਗੂੜ੍ਹੇ ਹਨੇਰੇ ਵਿਚ ਗੁਆਚ ਚੁੱਕੀ ਹੈ। 1984 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਨੂੰ ਸ਼ਤਰੰਜ ਦੇ ਮੋਹਰੇ ਵਜੋਂ ਵਰਤਿਆ ਗਿਆ ਸੀ ਤੇ ਹੁਣ ਹਰਿਆਣਾ, ਜੰਮੂ-ਕਸ਼ਮੀਰ, ਪੱਛਮੀ ਬੰਗਾਲ, ਮੀਜ਼ੋਰਮ ਤੇ ਕੇਰਲ ਦੀਆਂ ਹੋਣ ਵਾਲੀਆਂ ਅਗਾਮੀ ਵਿਧਾਨ ਸਭਾਵਾਂ ਦੀਆਂ ਚੋਣਾਂ ਸਮੇਂ ਪੰਜਾਬ ਨੂੰ ਮੁੜ ਸ਼ਤਰੰਜ ਦੇ ਮੋਹਰੇ ਵਜੋਂ ਵਰਤਣ ਲਈ ਤਿਆਰੀਆਂ ਹੋ ਰਹੀਆਂ ਹਨ। ਸ਼ਤਰੰਜ ਦੇ ਖਿਡਾਰੀਆਂ ਦੀ ਇਹ ਖੇਡ ਸਾਨੂੰ ਹੋਰ ਕੀ ਕੀ ਜਲਵੇ ਦਿਖਾਏਗੀ? ਇਸ ਦਾ ਪਤਾ ਤਾਂ ਸਾਨੂੰ ਆਉਣ ਵਾਲੇ ਸਮੇਂ ਵਿਚ ਹੀ ਲੱਗੇਗਾ।

ਟੀ ਵੀ ਉੱਤੇ ਤਲਾਕ ਦੇ ਸੀਨ ਨੇ ਵਿਵਾਦ ਖੜ੍ਹਾ ਕੀਤਾ

ਇਸਲਾਮਾਬਾਦ—ਪਾਕਿਸਤਾਨੀ ਟੈਲੀਵੀਜ਼ਨ ਉੱਤੇ ਇਕ ਉਰਦੂ ਡਰਾਮੇ ਵਿਚ ਤਲਾਕ ਦੇ ਇਕ ਦ੍ਰਿਸ਼ ਨੇ ਪਾਕਿਸਤਾਨ ਦੇ ਧਾਰਮਿਕ ਵਿਦਵਾਨਾਂ ਵਿਚਕਾਰ ਇਕ ਜ਼ਬਰਦਸਤ ਵਾਦ-ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਸ ਸੀਨ ਵਿਚ ਇਕ ਉਘੇ ਅਦਾਕਾਰ ਉਸਮਾਨ ਪੀਰਜ਼ਾਦਾ ਨੂੰ ਤਿੰਨ ਵਾਰ 'ਤਲਾਕ' ਕਹਿ ਕੇ ਆਪਣੀ ਪਤਨੀ ਨਾਲ ਤਲਾਕ ਕਰਦੇ ਵਿਖਾਇਆ ਗਿਆ ਸੀ। ਬਦਕਿਸਮਤੀ ਉਹਦੀ ਕਿ ਡਰਾਮੇ ਵਿਚ ਉਹਦੀ ਪਤਨੀ ਦਾ ਰੋਲ ਉਸ ਦੀ ਸੱਚਮੁੱਚ ਪਤਨੀ ਸ਼ਮੀਨਾ ਅਦਾ ਕਰ ਰਹੀ ਸੀ। ਬੱਸ ਇੰਨੇ ਵਿਚ ਹੀ ਧਾਰਮਿਕ ਵਿਦਵਾਨਾਂ ਨੇ ਐਲਾਨ ਕਰ ਦਿੱਤਾ ਕਿ 3 ਵਾਰ 'ਤਲਾਕ' ਕਹਿ ਕੇ ਅਭਿਨੇਤਾ ਤੇ ਅਭਿਨੇਤਰੀ ਸੱਚਮੁੱਚ ਜੁਦਾ ਹੋ ਗਏ ਹਨ। ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਦਾ ਤਲਾਕ ਦੇਣ ਦਾ ਇਰਾਦਾ ਸੀ ਜਾਂ ਨਹੀਂ। ਧਾਰਮਿਕ ਵਿਦਵਾਨਾਂ ਵਲੋਂ ਜਾਰੀ ਇਕ ਫਤਵੇ ਵਿਚ ਕਿਹਾ ਗਿਆ ਕਿ ਹਜ਼ਰਤ ਮੁਹੰਮਦ ਨੇ ਕਿਹਾ ਸੀ ਕਿ ਤਿੰਨ ਮਾਮਲਿਆਂ—ਤਲਾਕ, ਗੁਲਾਮਾਂ ਨੂੰ ਆਜ਼ਾਦ ਕਰਨ ਅਤੇ ਵਿਆਹ ਵਿਚ ਉਚਾਰੇ ਗਏ ਸ਼ਬਦ, ਭਾਵੇਂ ਇਹ ਬਿਨਾਂ ਇਰਾਦੇ ਜਾਂ ਇਥੋਂ ਤਕ ਕਿ ਹਾਸੇ ਵਿਚ ਹੀ ਕਿਉਂ ਨਾ ਉਚਾਰੇ ਗਏ ਹੋਣ, ਆਖਰੀ ਸਮਝੇ ਜਾਣਗੇ। ਅਦਾਕਾਰ ਉਸਮਾਨ ਪੀਰਜ਼ਾਦਾ ਦਾ ਕਹਿਣਾ ਹੈ ਕਿ ਇਸ ਵਾਦ ਵਿਵਾਦ ਨੇ ਉਸ ਦੇ ਪਰਿਵਾਰ ਦੇ ਮੈਂਬਰਾਂ ਵਿਚ ਬੜੀ ਬੇਚੈਨੀ ਪੈਦਾ ਕਰ ਦਿੱਤੀ ਹੈ ਉਨ੍ਹਾਂ ਕਿਹਾ ਕਿ 'ਬੜੀ ਮਾੜੀ ਗੱਲ ਹੈ' ਸ਼ਮੀਨਾ ਦਾ ਪਤੀ ਹੋਣ ਦੇ ਨਾਤੇ ਮੈਂ ਉਸ ਨੂੰ ਤਲਾਕ ਦੇਣ ਬਾਰੇ ਸੋਚ ਵੀ ਨਹੀਂ ਸਕਦਾ। ਭਾਵੇਂ ਧਾਰਮਿਕ ਵਿਦਵਾਨ ਸਾਡਾ ਤਲਾਕ ਕਰਾਉਣ ਤੇ ਤੁਲੇ ਹੋਏ ਹਨ, ਖੁਦਾ ਸਾਡੇ ਇਰਾਦਿਆਂ ਨੂੰ ਜਾਣਦਾ ਹੈ ਤੇ ਤਲਾਕ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਪਰ ਇਕ ਧਾਰਮਿਕ ਆਗੂ ਮਾਨ ਕੀ ਸ਼ਰੀਫ ਉਸਮਾਨ ਪੀਰਜ਼ਾਦਾ ਦੀ ਹਮਾਇਤ ਤੇ ਹੈ। ਉਸ ਦਾ ਕਹਿਣਾ ਹੈ ਕਿ ਬਿਲਕੁਲ ਉਵੇਂ ਹੀ ਜਿਵੇਂ ਟੀ ਵੀ ਉੱਤੇ ਇਕ ਬਾਦਸ਼ਾਹ ਅਸਲ ਜ਼ਿੰਦਗੀ ਵਿਚ ਬਾਦਸ਼ਾਹ ਨਹੀਂ ਹੁੰਦਾ ਤੇ ਜਾਂ ਕਾਤਲ ਕਾਤਲ ਨਹੀਂ ਹੁੰਦਾ, ਅਜਿਹੇ ਦ੍ਰਿਸ਼ਾਂ ਦਾ ਜਿਉਂ ਦਾ ਤਿਉਂ ਅਰਥ ਨਹੀਂ ਕੱਢ ਲੈਣਾ ਚਾਹੀਦਾ। ਇਸ ਲਈ ਪੀਰ ਦਾ ਕਹਿਣਾ ਹੈ ਕਿ ਅਭਿਨੇਤਾ ਤੇ ਅਭਿਨੇਤਰੀ ਵਿਚ ਤਲਾਕ ਨਹੀਂ ਹੋਇਆ।

The Manitoba Mirror

ਮੈਨੀਟੋਬਾ ਦਰਪਣ

ਸਿੱਖ ਸੁਸਾਇਟੀ ਆਫ ਮੈਨੀਟੋਬਾ ਦੀ ਚੋਣ ਸਰਬਸੰਮਤੀ ਨਾਲ

ਵਿੰਨੀਪੈਗ — ਸਿੱਖ ਸੁਸਾਇਟੀ ਆਫ ਮੈਨੀਟੋਬਾ ਵਿੰਨੀਪੈਗ ਦੀ ਜਨਰਲ ਬਾਡੀ ਦੀ ਮੀਟਿੰਗ 17 ਜਨਵਰੀ ਨੂੰ ਸਵੇਰੇ 11.30 ਵਜੇ ਹੋਈ। ਇਸ ਦੀ ਪ੍ਰਧਾਨਗੀ ਸ: ਗੁਰਤੇਜ ਸਿੰਘ ਗਿੱਲ ਨੇ ਕੀਤੀ। ਇਸ ਮੀਟਿੰਗ ਵਿਚ ਸਾਰੇ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ ਅਤੇ ਸਰਬਸੰਮਤੀ ਨਾਲ ਹੀ ਕਮੇਟੀ ਚੁਣੀ ਗਈ। ਇਹ ਪਹਿਲੀ ਵਾਰ ਹੈ ਜਦੋਂ ਸਰਬਸੰਮਤੀ ਨਾਲ ਕਮੇਟੀ ਦੀ ਚੋਣ ਕੀਤੀ ਗਈ ਹੈ। ਚੁਣੇ ਗਏ ਅਹੁਦੇਦਾਰ ਹੇਠ ਲਿਖੇ ਅਨੁਸਾਰ ਹਨ :—

ਦਰਸ਼ਨ ਸਿੰਘ ਬਰਾੜ ....ਪ੍ਰਧਾਨ
ਨਰਿੰਦਰ ਸਿੰਘ ਤੂਰ ....ਮੀਤ-ਪ੍ਰਧਾਨ
ਮਹਿੰਦਰ ਸਿੰਘ ਸਾਗਰ ....ਸਕੱਤਰ
ਪ੍ਰਮਜੀਤ ਸਿੰਘ ਸਰਾਂ ....ਜਾਇੰਟ ਸਕੱਤਰ
ਜੀਤ ਸਿੰਘ ....ਖਜ਼ਾਨਚੀ
ਗੁਰਦੇਵ ਸਿੰਘ ਬਾਸੀ ....ਜਾਇੰਟ ਖਜ਼ਾਨਚੀ

ਕਮੇਟੀ ਦੇ ਡਰੈਕਟਰਾਂ ਵਿਚ ਹਰਬੰਸ ਸਿੰਘ ਬਰਾੜ, ਗੁਰਦਿਆਲ ਸਿੰਘ ਸਰਪਲ ਅਤੇ ਪ੍ਰਤਾਪ ਸਿੰਘ ਪੰਘੂਰੇ ਚੁਣੇ ਗਏ।

ਪੱਤੇ ਝੁਲਸ ਰਹੇ ਨੇ ਤੇ ਜੰਗਲ ਹੈ ਸੜ ਰਿਹਾ।
ਕਿਸਦੇ ਖਿਲਾਫ਼ ਦੋਸਤੋ ਮੌਸਮ ਹੈ ਲੜ ਰਿਹਾ।

ਹਰ ਬਿਰਖ ਉਤੇ ਪਾ ਲਏ ਅਗਨੀ ਨੇ ਆਲਣੇ,
ਆਖਰ ਹਾਲਾਤ ਬਣ ਗਏ, ਜਿਸ ਤੋਂ ਸੀ ਡਰ ਰਿਹਾ।

ਕੁਝ ਇਸ ਤਰ੍ਹਾਂ ਹੈ ਸ਼ਹਿਰ ਨੂੰ ਧੂੰਏਂ ਵਲੇਟਿਆ,
ਉਹ ਵੀ ਹੈ ਧੁੰਦਲਾ ਹੋ ਗਿਆ, ਜਿਸ ਨੂੰ ਸੀ ਦਿਸ ਰਿਹਾ।

ਰੌਬਸਨ ਮੈਨੀਟੋਬਾ ਬ੍ਰਾਂਚ ਦਾ ਲੀਡਰ

ਵਿੰਨੀਪੈਗ — ਮਿਸਟਰ ਲੌਰਨ ਰੌਬਸਨ ਕੈਨੇਡਾ ਦੀ ਕਮਿਊਨਿਸਟ ਪਾਰਟੀ ਦੀ ਮੈਨੀਟੋਬਾ ਬਰਾਂਚ ਦਾ ਲੀਡਰ ਚੁਣਿਆ ਗਿਆ ਹੈ।

55 ਸਾਲਾ ਰੌਬਸਨ ਇਸ ਚੋਣ ਲਈ ਇਕੋ ਇਕ ਉਮੀਦਵਾਰ ਸੀ। ਰੌਬਸਨ ਪਹਿਲਾਂ ਵੈਨਕੂਵਰ ਰਹਿੰਦਾ ਸੀ।

ਗੋਲੀਬੰਦੀ ਦੇ ਬਾਵਜੂਦ 30 ਫੌਜੀ ਹਲਾਕ

ਕਾਬਲ — ਅਫਗਾਨਿਸਤਾਨ ਦੀ ਕਮਿਊਨਿਸਟ ਸਰਕਾਰ ਵਲੋਂ ਅਫਗਾਨ ਗੁਰੀਲਿਆਂ ਨਾਲ ਇਕ ਤਰਫਾ ਗੋਲੀਬੰਦੀ ਦੇ ਐਲਾਨ ਤੋਂ ਬਾਅਦ ਵੀ ਅਫਗਾਨ ਗੁਰੀਲਿਆਂ ਦੇ ਹਮਲੇ ਜਾਰੀ ਹਨ।

ਗੋਲੀਬੰਦੀ ਦੇ ਪਹਿਲੇ ਦੋ ਦਿਨਾਂ 'ਚ ਹੀ ਗੁਰਲਿਆਂ ਨੇ ਹਮਲੇ ਕਰਕੇ 30 ਸੋਵੀਅਤ ਫੌਜੀਆਂ ਨੂੰ ਮਾਰ ਦਿੱਤਾ। ਅਫਗਾਨ ਨੇਤਾ ਡਾ. ਨਜੀਬ ਉਲਾ ਦਾ ਕਹਿਣਾ ਹੈ ਕਿ ਗੋਲੀਬੰਦੀ ਦੀ ਬਾਗੀਆਂ ਵਲੋਂ ਉਲੰਘਣਾ ਦੇ ਬਾਵਜੂਦ ਵੀ ਸਰਕਾਰ ਇਸ ਨੂੰ ਲਾਗੂ ਰੱਖਣ ਦੇ ਯਤਨ ਜਾਰੀ ਰੱਖੇਗੀ।

ਆਓ ਸ਼ੇਰ ਪੰਜਾਬੀਓ ਕੋਈ ਗੱਲ ਵਿਚਾਰੋ

ਹਰਦਿਆਲ ਸਿੰਘ ਹੀਰਾ

ਕਲਪਣ ਕਲਮਾਂ ਸੱਖਣੀਆਂ ਕਿਉਂ ਸਿਆਹੀ ਮੁੱਕੀ ॥
ਅੱਤ ਚੁੱਕੀ ਕਲਜੋਗਣਾਂ ਫਿਰੇ ਸਿਆਣਪ ਲੁੱਕੀ ॥
ਤਪਿਆ ਹਿਰਦਾ ਸਬਰ ਦਾ ਨਾਲ ਪਿਆਰ ਦੇ ਠਾਰੋ ॥
ਆਉ ਸ਼ੇਰ ਪੰਜਾਬੀਓ ਕੋਈ ਗੱਲ ਵਿਚਾਰੋ ॥
ਕਾਹਲੀ ਅੱਗੇ ਟੋਏ ਹੈ ਸਭ ਸਿਆਣੇ ਕਹਿੰਦੇ ॥
ਬਾਂਸ ਜੰਗਲ ਨੂੰ ਸਾੜਦੇ ਆਪੋ ਵਿਚ ਖਹਿੰਦੇ ॥
ਕਿਉਂ ਮੱਥੇ ਵੱਟੇ ਆਪਸੀਂ ਜੁੰਡੀ ਦਿਓ ਯਾਰੋ ॥ ਆਓ ਸ਼ੇਰ....

ਗੱਭਰੂ ਅਣਖੀ ਜੋ ਪਿਓ ਕਿਉਂ ਪਏ ਕੁਰਾਹੇ ॥
ਮੱਲੋ ਮੱਲੀ ਮੌਤ ਨਾਲ ਕਿਉਂ ਸੌਧੇ ਸਾਹੇ ॥
ਹੋਸ਼ ਕਰੋ ਛੱਡ ਜੋਸ਼ ਨੂੰ ਸਿੰਘੋ ਸਰਦਾਰੋ ॥ ਆਓ...

ਜੋਸ਼ ਖਪਾਈਆਂ ਖੂਣੀਆਂ ਹੋ ਅਕਲੋਂ ਖਾਲੀ ॥
ਚੋਰ ਉਚੱਕੇ,ਰਾਜ ਸੱਤਾ ਦੇ ਬਣ ਬਹਿੰਦੇ ਵਾਲੀ ॥
ਸਿਆਸੀ ਦੁਸ਼ਮਣ ਸੂਰਿਓ ਸਿਆਣਪ ਨਾਲ ਮਾਰੋ ॥ ਆਓ...

ਅਸਲੀ ਪੂਤ ਪੰਜਾਬ ਦੇ ਤੁਸੀਂ ਵੀਰ ਜਵਾਨੋ ॥
ਰਾਖੀ ਕਰਨੀ ਮਾਂ ਦੀ ਤੁਸੀਂ ਰਮਜ਼ ਪਹਿਚਾਨੋ ॥
ਸੱਖਣੀ ਛੱਡ ਨਾ ਤੁਰਜਿਓ ਪੁੱਤਰ ਬਲਕਾਰੋ ॥ ਆਓ...


ਵਾਰਸ ਬਨਣੇ ਦੇਸ਼ ਦੇ ਨਹੀਂ ਫਾਂਸੀ ਚੜ੍ਹਨੈ।॥
ਵੈਰੀ ਬਹੁਤ ਚਾਲਾਕ ਹੈ ਇਹਨੂੰ ਸੰਘੀਉਂ ਫੜਨੈ ॥
ਸੱਟ ਏਕੇ ਦੀ ਮਾਰਕੇ ਸ਼ੇਰੋ ਭਬਕਾਰੋ ॥ ਆਓ...

ਅੱਜ ਭੈਣਾਂ ਅੱਥਰੂ ਸਿੱਟਦੀਆਂ ਜਦ ਵੀਰ ਨਾ ਦਿੱਸਣ ॥
ਮਾਪੇ ਬੈਠੇ ਬਿਲਕਦੇ ਦਿਲ ਅੰਦਰੋਂ ਫਿਸਣ ॥
ਪਕੜੋ ਅਸਲ ਸ਼ਿਕਾਰ ਨੂੰ ਸ਼ਾਹੀ ਅਸਵਾਰੋ ॥ ਆਓ...

ਦੂਜ ਦੂਜ ਦੂ ਦੂ ਨਿੱਤ ਦੀ ਨਹੀਂ ਹੁੰਦੀ ਚੰਗੀ ॥
ਜ਼ਾਲਮ ਪਾਪੀ ਖੇਡਦਾ ਨਿੱਤ ਚਾਲ ਕੁਢੰਗੀ ॥
ਨਬਜ਼ ਪਹਿਚਾਨੋ ਮਰਜ਼ ਦੀ ਨਾਂ ਜਿੱਤਕੇ ਹਾਰੋ ॥ ਆਓ...

ਸਮਝੋ ਉਸਨੂੰ ਬੇੜੀਏਂ ਜਿਨ ਪਾਏ ਬੱਟੇ ॥
ਬਿਨਾਂ ਸਿਆਣਪ ਸੋਹਣਿਓ ਜਾਵਾਂਗੇ ਪੱਟੇ ॥
ਡੁੱਬਣ ਲੱਗੀ ਮੰਝਧਾਰ ਬੇੜੀ ਨੂੰ ਤਾਰੋ ॥ ਆਓ...

ਚਾਰ ਚੁਫੇਰਿਉਂ ਦੁਸ਼ਮਣਾਂ ਨੇ ਘੱਤਿਆ ਘੇਰਾ ॥
ਹੱਲ ਏਦਾਂ ਨਹੀਂ ਲੱਭਣਾ ਕਰ ਡਾਂਗ ਤੇ ਡੇਰਾ ॥
"ਹੀਰਿਆ"ਖਹੋ ਨਾ ਆਪਸੀ ਖੰਡੇ ਦੋ ਧਾਰੋ ॥
ਆਓ ਸ਼ੇਰ ਪੰਜਾਬੀਓ ਕੋਈ ਗੱਲ ਵਿਚਾਰੋ ॥



On March 18, Manitobans voted to continue the strong economic and employment plans of the New Democratic Party.

The programs and policies of our NDP government have been working. As a result, Manitobans have been working and our province has been growing. And, according to the economic experts, our future looks even brighter.

We went into that election with a well-established record for prudent fiscal management coupled with innovative approaches to enhancing the quality of life for men and women in Manitoba.

We maintained our reputation for integrity throughout the campaign, making only those commitments which our province could afford and which would bring the most good to the greatest number of people.

We have moved quickly to implement our promises in a variety of areas, including: help for our seniors through the 55 Plus program; assistance to financially pressed farmers through the Family Farm Protection Act; an increase in day care spaces to assist working families; and, preparing for the future, a new Manitoba Energy Foundation.

I am proud of the accomplishments of Manitoba women and men and of this government over the last four years. I believe that if we continue to work together, we can achieve even more for our people over the next four years.

Howard Pawley


Howard Pawley

"Vigorous economic growth in our province means jobs for Manitobans, more training for young workers, improved services for people. It means vital cities, renewed optimism in the North and continued efforts to strengthen our rural communities.

"This New Democratic Party government will continue building on Manitoba's strengths. We are co-operating with communities, organizations and individuals to help create new opportunities in our province. By working today, I am confident Manitobans can build an even better tomorrow."

— Premier Howard Pawley

ਪਿਤਾ ਤੋਂ ਬਾਗੀ ਹੋ ਕੇ ਵਿਸ਼ਵ ਚੈਂਪੀਅਨ



ਪਾਸਕੁਅਲ ਪੀਰਜ ਇਕ ਗਰੀਬ ਪਰਿਵਾਰ ਦਾ ਮੁੰਡਾ ਸੀ। ਉਹਦੀ ਕਮਾਈ ਤੋਂ ਹੀ ਉਹਦੇ ਵੱਡੇ ਪਰਿਵਾਰ ਦਾ ਖਰਚ ਚਲਦਾ ਸੀ। ਸਮੇਂ ਦੇ ਨਾਲ ਨਾਲ ਉਹਨੂੰ ਬੌਕਸਿੰਗ ਦਾ ਸ਼ੌਕ ਜਾਗਿਆ ਪਰ ਉਹਦੇ ਪਿਤਾ ਨੇ ਮੁਢ ਤੋਂ ਹੀ ਉਹਨੂੰ ਕੋਈ ਹੁੰਗਾਰਾ ਨਹੀਂ ਦਿੱਤਾ। ਉਹਨੂੰ ਡਰ ਸੀ ਕਿ ਬੌਕਸਿੰਗ ਦੇ ਚੱਕਰ 'ਚ ਪੈ ਕੇ ਉਹ ਜ਼ਰੂਰ ਕੋਈ ਸੱਟ ਖਾਵੇਗਾ ਤੇ ਨੌਕਰੀ ਤੋਂ ਹੱਥ ਧੋ ਲਵੇਗਾ। ਜਿਸ ਨਾਲ ਪੂਰੇ ਪਰਿਵਾਰ ਤੇ ਮੁਸੀਬਤ ਟੁੱਟ ਪਵੇਗੀ ਹਾਲਾਂਕਿ ਕਿ ਉਹਨੂੰ ਖੁਦ ਖੇਡਾਂ ਵਿਚ ਦਿਲਚਸਪੀ ਸੀ ਪਰ ਘਰ ਦੇ ਹਾਲਾਤਾਂ ਨੂੰ ਵੇਖ ਕੇ ਉਹਨੇ ਪਰਕੁਅਲ ਨੂੰ ਬੌਕਸਿੰਗ ਨਾ ਖੇਡਣ ਦੀ ਸਖਤ ਹਦਾਇਤ ਕੀਤੀ ਹੋਈ ਸੀ। ਪਰ ਨੌਜਵਾਨ ਪੀਰਜ ਕਦੋਂ ਮੰਨਣ ਵਾਲਾ ਸੀ। ਉਹ ਸਮਾਂ ਕੱਢ ਕੇ ਚੁੱਪਚਾਪ ਅਭਿਆਸ ਕਰਦਾ ਜਿਸ ਕਰ ਕੇ ਉਹਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਇਹ ਸ਼ੌਕ ਉਹਦੀ ਜ਼ਿੰਦਗੀ ਦਾ ਇਕ ਹਿਸਾ ਬਣ ਚੁੱਕਿਆ ਸੀ। ਉਹਦੇ ਨਿਰੰਤਰ ਅਭਿਆਸ ਨੇ ਉਹਨੂੰ ਓਲੰਪਿਕ ਤਕ ਪੁਚਾ ਦਿੱਤਾ। ਉਹਨੇ 1954 ਦੀਆਂ ਓਲੰਪਿਕ ਖੇਡਾਂ 'ਚ ਨਾ ਸਿਰਫ ਹਿਸਾ ਹੀ ਲਿਆ ਬਲਕਿ 22 ਸਾਲਾਂ ਦੇ ਇਸ ਨੌਜਵਾਨ ਨੇ ਸੋਨੇ ਦਾ ਤਮਗਾ ਵੀ ਜਿੱਤਿਆ। ਸਿਰਫ ਚਾਰ ਫੁੱਟ ਗਿਆਰਾਂ ਇੰਚ ਲੰਮੇ ਅਰਜਨਟਾਈਨਾ ਦੇ ਇਸ ਬਾਕਸਰ ਨੇ ਇਟਲੀ ਦੇ ਵਿਰੋਧੀ ਨੂੰ ਹਰਾ ਕੇ ਬੈਬਲੇ ਦੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੁਕਾਬਲੇ ਲਈ ਉਹ ਲੰਦਨ ਪਹੁੰਚਿਆ ਤੇ ਵਾਪਸ ਵੀ ਆ ਗਿਆ। ਲੋਕਾਂ ਨੂੰ ਸਿਲਸਿਲਾ ਇਥੇ ਹੀ ਖਤਮ ਹੁੰਦਾ ਦਿਸਿਆ। ਪਰ 6 ਸਾਲਾਂ ਪਿਛੋਂ ਪੀਰੇਜ ਇਕ ਵਾਰ ਫਿਰ ਖੇਡਾਂ ਦੀ ਦੁਨੀਆਂ 'ਚ ਉਤਰ ਆਇਆ। ਹੁਣ ਤਕ ਦੇ 22 ਮੁਕਾਬਲਿਆਂ ਵਿਚ ਉਹ ਹਾਰਿਆ ਨਹੀਂ ਸੀ। 23 ਸਾਲ ਦੀ ਉਮਰ ਤਕ ਹਾਲੇ ਉਹ ਪ੍ਰੋਫੈਸ਼ਨਲ ਬਾਕਸਰ ਨਹੀਂ ਸੀ ਬਣਿਆ। ਹੁਣ ਉਸਦਾ ਮੁਕਾਬਲਾ ਵਰਲਡ ਚੈਂਪੀਅਨ ਯੋਸ਼ੀਓ ਸ਼ਿਰਾਏ ਨਾਲ ਸੀ। ਇਸ ਮੁਕਾਬਲੇ 'ਚ ਪੀਰੇਜ ਦਾ ਪ੍ਰਦਰਸ਼ਨ ਬਹੁਤ ਵਧੀਆ ਰਿਹਾ ਪਰ ਜਿੱਤ ਹੋਈ ਜਪਾਨ ਦੇ ਯੋਸ਼ੀਓ ਸ਼ਿਰਾਏ ਦੀ। ਪੀਰੇਜ ਨੇ ਸ਼ਿਰਾਏ ਨੂੰ ਵਰਲਡ ਟਾਈਟਲ ਲਈ ਚੁਣੌਤੀ ਦਿੱਤੀ। ਪੰਜਵੀਂ ਵਾਰੀ ਆਪਣੇ ਖਿਤਾਬ ਨੂੰ ਬਚਾਉਣ ਲਈ ਸ਼ਿਰਾਏ ਤਿਆਰ ਸੀ। ਟੋਕੀਓ ਦੇ ਕੋਰਾਕਿਊਨ ਸਟੇਡੀਅਮ 'ਚ ਮੁਕਾਬਲੇ ਦਾ ਦਿਨ ਤਹਿ ਹੋਇਆ। ਸ਼ਿਰਾਏ ਦੀ ਜਿੱਤ ਯਕੀਨਨ ਸੀ। ਉਹ ਨਾ ਸਿਰਫ ਪੀਰੇਜ ਤੋਂ ਤਿੰਨ ਸਾਲ ਵੱਡਾ ਹੀ ਸੀ ਸਗੋਂ ਇਕ ਪੇਸ਼ਾਵਰ ਬਾਕਸਰ ਦੇ ਤੌਰ 'ਤੇ ਉਹਦੇ ਕੋਲ 6 ਸਾਲਾਂ ਦਾ ਤਜਰਬਾ ਵੀ ਸੀ। ਸ਼ਿਰਾਏ ਦਾ ਕੱਦ ਵੀ ਪੀਰੇਜ ਤੋਂ 5 ਇੰਚ ਲੰਮਾ ਸੀ। ਫੇਰ ਵੀ ਸ਼ਿਰਾਏ ਦੇ ਪ੍ਰਸ਼ੰਸਕਾਂ ਨੂੰ ਪੀਰੇਜ ਦੇ ਪਿਛਲੇ ਸ਼ਾਨਦਾਰ ਪ੍ਰਦਰਸ਼ਨ ਦੀ ਯਾਦ ਸੀ। ਉਨ੍ਹਾਂ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਸ਼ਿਰਾਏ ਨੂੰ ਆਪਣਾ ਵਰਲਡ ਟਾਈਟਲ ਬਰਕਰਾਰ ਰੱਖਣ ਲਈ ਸਖਤ ਮਿਹਨਤ ਕਰਨੀ ਪਵੇਗੀ।

ਪੀਰੇਜ ਨੇ ਸ਼ੁਰੂ ਤੋਂ ਹੀ ਚੈਂਪੀਅਨ ਨੂੰ ਆਵੇ ਹੱਥੀਂ ਲਿਆ ਤੇ ਪਹਿਲੇ ਦੋ ਰਾਊਂਡਾਂ 'ਚ ਸ਼ਿਰਾਏ ਨੂੰ ਕਾਫੀ ਪ੍ਰੇਸ਼ਾਨ ਕੀਤਾ ਪਰ ਤੀਜੇ ਰਾਊਂਡ 'ਚ ਚੈਂਪੀਅਨ ਨੇ ਪੂਰਾ ਬਦਲਾ ਲਿਆ ਤੇ ਇਕ ਜ਼ੋਰਦਾਰ ਮੁੱਕਾ ਪੀਰਜ ਦੇ ਜਬਾੜੇ 'ਤੇ ਮਾਰਿਆ ਪਰ ਉਹ ਤੁਰੰਤ ਸੰਭਲ ਗਿਆ। ਚੌਥੇ ਰਾਊਂਡ ਵਿਚ ਸ਼ਿਰਾਏ ਨੇ ਇਕ ਵਾਰ ਫੇਰ ਪੀਰਜ ਦੇ ਚਿਹਰੇ ਉਪਰ ਮੁੱਕਿਆਂ ਦਾ ਮੀਂਹ ਵਰ੍ਹਾ ਦਿੱਤਾ ਤੇ ਪੰਜਵੇਂ ਰਾਊਂਡ 'ਚ ਤਾਂ ਚੈਂਪੀਅਨ ਸ਼ਿਰਾਏ ਨੇ ਪੀਰਜ ਦੀ ਖੱਬੀ ਅੱਖ 'ਤੇ ਇੰਨੇ ਜ਼ੋਰ ਦਾ ਮੁੱਕਾ ਲਗਾਇਆ ਕਿ ਪੀਰਜ ਨੂੰ ਆਪਣੇ ਸਾਥੀਆਂ ਤੋਂ ਟਕੋਰ ਕਰਾਉਣੀ ਪਈ। ਨੌਵੇਂ ਰਾਊਂਡ ਤਕ ਹਜ਼ਾਰਾਂ ਦਰਸ਼ਕਾਂ ਨੂੰ ਪੱਕਾ ਵਿਸ਼ਵਾਸ ਹੋ ਚੁੱਕਿਆ ਸੀ ਕਿ ਆਖਰ ਸ਼ਿਰਾਏ ਹੀ ਜਿੱਤੇਗਾ। ਨਾਟੇ ਕੱਦ ਦਾ ਪੀਰਜ ਸਭ ਕੁਝ ਬੜੀ ਹਿੰਮਤ ਨਾਲ ਬਰਦਾਸ਼ਤ ਕਰ ਰਿਹਾ ਸੀ। ਏਨੀ ਕੁੱਟ ਖਾਣ ਤੋਂ ਬਾਅਦ ਉਹਨੇ ਆਸ ਨਹੀਂ ਸੀ ਛੱਡੀ ਕੁਝ ਸਮੇਂ ਤਕ ਏਵੇਂ ਹੀ ਚਲਦਾ ਰਿਹਾ ਪਰ ਬਾਹਰਵੇਂ ਰਾਊਂਡ 'ਚ ਸਭ ਕੁਝ ਉਲਟਾ ਹੋ ਗਿਆ। ਪੀਰਜ ਨੇ ਇਕ ਭਰਪੂਰ ਮੁੱਕਾ ਸ਼ਿਰਾਏ ਦੇ ਜਬਾੜੇ 'ਤੇ ਮਾਰਿਆ ਤੇ ਉਹ ਸੰਭਲ ਨਹੀਂ ਸਕਿਆ। ਉਹਦੇ ਪੈਰ ਸ਼ਰਾਬੀਆਂ ਵਾਂਗ ਲੜਖੜਾਏ ਤੇ ਉਹ ਤਕਰੀਬਨ ਬੇਹੋਸ਼ ਹੋ ਗਿਆ। ਪਰ ਤਿੰਨ ਤਕ ਗਿਣਤੀ ਹੋਣ ਤੋਂ ਪਹਿਲਾਂ ਹੀ ਉਹ ਉਠ ਬੈਠਾ। ਅਗਲੇ ਰਾਊਂਡ 'ਚ ਵੀ ਪੀਰਜ ਦਾ ਹੱਥ ਉਤੇ ਰਿਹਾ। ਕੁਝ ਸਮਾਂ ਪਹਿਲਾਂ ਜਿਹੜੀ ਭੀੜ ਚੀਕ ਚੀਕ ਕੇ ਅਸਮਾਨ ਸਿਰ 'ਤੇ ਚੁੱਕ ਰਹੀ ਸੀ ਹੁਣ ਬਿਲਕੁਲ ਸ਼ਾਂਤ ਸੀ। ਉਨ੍ਹਾਂ ਨੂੰ ਹੈਰਾਨੀ ਹੋ ਰਹੀ ਸੀ ਕਿ ਉਨ੍ਹਾਂ ਦੇ ਮਹਿਬੂਬ ਚੈਂਪੀਅਨ ਦੀ ਅਰਜਨਟਾਈਨਾ ਦੇ ਮਧਰੇ ਜਿਹੇ ਬੌਕਸਰ ਵਲੋਂ ਪਿਟਾਈ ਹੋ ਰਹੀ ਸੀ।

ਤੇਹਰਵੇਂ-ਚੌਹਦਵੇਂ ਰਾਊਂਡ ਤਕ ਤਾਂ ਸ਼ਿਰਾਏ ਕਿਵੇਂ ਨਾ ਕਿਵੇਂ ਖੜ੍ਹਾ ਰਿਹਾ ਪਰ ਪੰਦਰਵੇਂ ਰਾਊਂਡ 'ਚ ਤਾਂ ਪੀਰਜ ਨੇ ਉਹਨੂੰ ਜਿਵੇਂ ਇਕ ਤਰ੍ਹਾਂ ਖਤਮ ਹੀ ਕਰ ਦਿੱਤਾ। ਪੀਰਜ ਮੁੱਕੇ ਚਲਾਉਂਦਾ ਰਿਹਾ ਤੇ ਸ਼ਿਰਾਏ ਰਿੰਗ 'ਚ ਇਕ ਕੋਨੇ ਤੋਂ ਦੂਜੇ ਕੋਨੇ ਤਕ ਭਜਦਾ ਰਿਹਾ ਤੇ ਅੰਤ 'ਚ ਜ਼ਮੀਨ 'ਤੇ ਨਿਢਾਲ ਹੋ ਕੇ ਡਿੱਗ ਪਿਆ। ਇਸ ਦੇ ਨਾਲ ਹੀ ਇਕ ਨਵੇਂ ਵਰਲਡ ਚੈਂਪੀਅਨ ਦਾ ਜਨਮ ਹੋਇਆ।

6 ਮਹੀਨੇ ਪਿਛੋਂ ਯੋਸ਼ੀਓ ਸ਼ਿਰਾਏ ਨੂੰ ਟਾਈਟਲ ਵਾਪਸ ਲੈਣ ਦਾ ਮੌਕਾ ਦਿੱਤਾ ਗਿਆ ਪਰ ਉਹ ਚੌਥੇ ਹੀ ਰਾਊਂਡ 'ਚ ਹਾਰ ਗਿਆ। ਇਸ ਤਰ੍ਹਾਂ ਮਿਹਨਤੀ ਪੀਰਜ ਨੇ 1960 ਤਕ ਵਰਲਡ ਚੈਂਪੀਅਨ ਜਿੱਤ ਕੇ ਖੇਡਾਂ ਦੀ ਦੁਨੀਆਂ 'ਚ ਬਹੁਤ ਨਾਂ ਕਮਾਇਆ। ਇਹ ਗੱਲ ਠੀਕ ਹੈ ਕਿ ਜੇ ਪੀਰਜ ਇਕ ਆਗਿਆਕਾਰੀ ਪੁੱਤਰ ਵਾਂਗ ਪਿਉ ਦੀ ਗੱਲ ਮੰਨ ਕੇ ਬੌਕਸਿੰਗ ਦੇ ਸ਼ੌਕ ਨੂੰ ਤਿਆਗ ਦਿੰਦਾ ਤਾਂ ਦੁਨੀਆਂ ਇਕ ਚੰਗੇ ਬੌਕਸਰ ਤੋਂ ਵਾਂਝੀ ਰਹਿ ਜਾਂਦੀ ਪਰ ਇਸ ਦੇ ਬਾਵਜੂਦ ਉਸਨੇ ਆਪਣੇ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਦੀ ਪਾਲਣਾ ਕੀਤੀ ਤੇ ਪਰਿਵਾਰ ਦੀ ਦੇਖਭਾਲ ਵਿਚ ਕੋਈ ਕਸਰ ਨਹੀਂ ਛੱਡੀ

ਖੇਡ ਭਾਵਨਾ ਗਾਇਬ ਹੈ

ਦੋ ਯੂਨਾਨੀ ਵਿਦਵਾਨਾਂ,ਫਿਨਲੇ ਅਤੇ ਪਲੇਕਿਟ ਰਾਹੀਂ ਲਿਖੀ ਪੁਸਤਕ 'ਓਲੰਪਿਕ ਖੇਡਾਂ' ਪੜ੍ਹਕੇ ਕਈ ਹੈਰਾਨੀਆਂ ਹੁੰਦੀਆਂ ਹਨ। ਮਨ ਵਿਚ ਕਈ ਤਰ੍ਹਾਂ ਦੇ ਪ੍ਰਤੀਕਰਮ ਅਤੇ ਭਾਵਨਾਵਾਂ ਉਭਰਦੀਆਂ ਹਨ। ਸਭ ਤੋਂ ਅਣੋਖੀ ਗੱਲ ਪ੍ਰਾਚੀਨ ਖੇਡਾਂ ਵਿਚ ਕੰਮ ਕਰਦੀ 'ਖੇਡ ਭਾਵਨਾ' ਵਾਲੀ ਦਿਸਦੀ ਹੈ,ਜਦੋਂ ਢਾਈ ਹਜ਼ਾਰ ਤੋਂ ਤਿੰਨ ਹਜ਼ਾਰ ਵਰ੍ਹੇ ਪੁਰਾਣੀਆਂ ਓਲੰਪਿਕ ਖੇਡਾਂ ਦਾ ਵਰਨਣ ਪੜ੍ਹਿਆ ਤਾਂ ਰੌਂਗਟੇ ਖੜ੍ਹੇ ਹੋ ਗਏ। ਉਹ ਲੋਕ ਕਿਸ ਸੱਚੀ ਅਤੇ ਸੁੱਚੀ ਭਾਵਨਾ ਨਾਲ ਖੇਡਦੇ ਸਨ ? ਖੇਡਾਂ ਨੂੰ ਸਵੱਛ ਅਤੇ ਪਵਿੱਤਰ ਰੱਖਣ ਲਈ ਕਿੰਨੇ ਚੰਗੇ ਨਿਯਮ ਘੜੇ ਜਾਂਦੇ ਸਨ ? ਜੱਜਾਂ ਦੀ ਕਿੰਨੀ ਵੱਡੀ ਜ਼ਿੰਮੇਵਾਰੀ ਹੁੰਦੀ ਸੀ ਅਤੇ ਉਹ ਕਿੰਨੀ ਇਮਾਨਦਾਰੀ ਨਾਲ ਇਸ ਕਾਰਜ ਨੂੰ ਨਜਿੱਠਦੇ ਸਨ ? ਓਲੰਪਿਕ ਖੇਡਾਂ ਦਾ ਜੱਜ ਬਣ ਜਾਣਾ ਓਨਾ ਹੀ ਔਖਾ ਸੀ,ਜਿੰਨਾ ਓਲੰਪਿਕ ਜੇਤੂ ਬਣਕੇ ਜ਼ੈਤੂਨੀ ਤਾਜ ਦਾ ਹੱਕਦਾਰ ਬਣਨਾ। ਖਿਡਾਰੀ ਕਿਸੇ ਤਰ੍ਹਾਂ ਦੀ ਅਵੱਗਿਆ ਕਰਨ ਦੀ ਜੁਅਰਤ ਹੀ ਨਹੀਂ ਸਨ ਕਰ ਸਕਦੇ।

ਆਓ ਤੁਹਾਨੂੰ ਪ੍ਰਾਚੀਨ ਓਲੰਪਿਕ ਖੇਡਾਂ ਦੇ ਕੁਝ ਦ੍ਰਿਸ਼ ਦਿਖਾਵਾਂ। ਫਿਰ ਅਜੋਕੀਆਂ ਖੇਡਾਂ ਅਤੇ ਉਨ੍ਹਾਂ ਵਿਚੋਂ ਗਾਇਬ ਹੋ ਚੁੱਕੀ ਖੇਡ ਭਾਵਨਾ ਦਾ ਅੰਦਾਜ਼ਾ ਤੁਸੀਂ ਆਪ ਲਗਾ ਲੈਣਾ। ਚੰਗੀਆਂ ਕਦਰਾਂ—ਕੀਮਤਾਂ ਦਾ ਟਾਕਰਾ ਕਰਨ ਵਿਚ ਕੋਈ ਹਰਜ਼ ਨਹੀਂ ਹੁੰਦਾ।

ਧਾਰਮਿਕ ਪੁੱਠ

ਪ੍ਰਾਚੀਨ ਓਲੰਪਿਕ ਖੇਡਾਂ ਧਾਰਮਿਕ ਰਹੁਰੀਤੀ ਦਾ ਹੀ ਇਕ ਹਿਸਾ ਸਨ। ਸਰਵ—ਸ਼ਕਤੀਮਾਨ ਜ਼ੀਅਸ ਦੇਵਤਾ ਨੂੰ ਰੀਝਾਉਣ ਲਈ ਜਿਹੜਾ ਉਤਸਵ ਰਚਾਇਆ ਜਾਂਦਾ ਸੀ,ਇਹ ਖੇਡਾਂ ਉਸੇ ਦਾ ਹੀ ਇਕ ਅੰਗ ਹੁੰਦੀਆਂ ਹਨ। ਇਸ ਗੱਲ ਨੇ ਖੇਡਾਂ ਨੂੰ ਧਾਰਮਿਕ ਰੀਤੀਆਂ ਵਾਂਗ ਹੀ ਪਾਕ ਅਤੇ ਸਾਫ ਰੱਖਿਆ। ਚੁਣੇ ਗਏ ਖਿਡਾਰੀ ਅਤੇ ਜੱਜ ਮੰਦਰਾਂ ਵਿਚ ਪੁੱਜਕੇ ਪਹਿਲਾਂ ਪੂਜਾ—ਪਾਠ ਕਰਿਆ ਕਰਦੇ ਸਨ ਅਤੇ ਜ਼ੀਅਸ ਦੇਵਤੇ ਅੱਗੇ ਕਿਸੇ ਕਿਸਮ ਦੀ ਅਵੱਗਿਆ ਨਾ ਕਰਨ ਦੀ ਸਹੁੰ ਚੁੱਕਦੇ ਸਨ। ਇਸ ਭੈਅ ਦਾ ਉਨ੍ਹਾਂ ਦੇ ਮਨਾਂ ਉਪਰ ਏਨਾ ਗਹਿਰਾ ਪ੍ਰਭਾਵ ਸੀ ਕਿ ਖੇਡਾਂ ਵਿਚ ਕਿਸੇ ਗਲਤ ਗੱਲ ਦਾ ਕੋਈ ਖਦਸ਼ਾ ਹੀ ਨਹੀਂ ਹੁੰਦਾ ਸੀ। ਓਲੰਪਿਕ ਇਤਿਹਾਸ ਇਸ ਤੱਥ ਦੀ ਬੜੀ ਵਧੀਆ ਸ਼ਾਹਦੀ ਭਰਦਾ ਹੈ

ਜਿਹੜਾ ਖਿਡਾਰੀ ਨਿਰੰਤਰ ਤਿੰਨ ਵਾਰੀ ਜ਼ੈਤੂਨੀ ਤਾਜ ਪਹਿਣ ਲੈਂਦਾ ਉਸ ਦਾ ਬੁੱਤ ਬਣਕੇ ਸਟੇਡੀਅਮ ਵਿਚ ਸਤਿਕਾਰ ਵਜੋਂ ਲਾ ਲਿਆ ਜਾਂਦਾ। ਕਈ ਇਨ੍ਹਾਂ ਖਿਡਾਰੀਆਂ ਦੀਆਂ ਵਾਰਾਂ ਲਿਖਦੇ। ਪਰ ਜਿਹੜੇ ਖਿਡਾਰੀ ਖੇਡ ਨਿਯਮਾਂ ਦੀ ਉਲੰਘਣਾ ਕਰਦੇ ਉਨ੍ਹਾਂ ਨੂੰ ਅਜਿਹੀ ਸਜ਼ਾ ਮਿਲਦੀ ਕਿ ਕਈ ਪੀੜ੍ਹੀਆਂ ਯਾਦ ਰੱਖਦੀਆਂ। ਉਨ੍ਹਾਂ ਦੇ ਹਾਸੋਹੀਣੇ ਬੁੱਤ (ਜੇਨਜ਼) ਬਣਾਕੇ ਸਟੇਡੀਅਮ ਦੇ ਬਾਹਰ ਰੱਖ ਦਿੱਤੇ ਜਾਂਦੇ ਤਾਂ ਜੋ ਦਰਸ਼ਕ ਉਨ੍ਹਾਂ ਦਾ ਮਜ਼ਾਕ ਉਡਾ ਸਕਣ। ਦੋਸਤੋ! ਜਿਹੜੀ ਗੱਲ ਮੈਂ ਦੱਸਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਪ੍ਰਾਚੀਨ ਓਲੰਪਿਕਸ ਦੇ ਗਿਆਰਾਂ ਸਦੀਆਂ ਦੇ ਇਤਿਹਾਸ ਵਿਚ ਕੇਵਲ ਤੇਰਾਂ ਜੇਨਜ਼ ਹੀ ਸਥਾਪਿਤ ਹੋਏ ਸਨ,ਭਾਵ ਇਕ ਸਦੀ ਵਿਚ ਕੇਵਲ ਔਸਤਨ 1.2 ਅਥਲੀਟ ਨੇ ਹੀ ਕਿਸੇ ਨਿਯਮ ਦੀ ਉਲੰਘਣਾ ਕੀਤੀ ਹੋਵੇਗੀ।

ਖਿਡਾਰੀਆਂ ਦੀ ਚੋਣ ਬਹੁਤ ਮੁਸ਼ਕਿਲ ਕਾਰਜ ਸੀ। ਦਸ ਦਸ ਮਹੀਨੇ ਆਪਣੇ ਨਗਰ—ਰਾਜਾਂ ਵਿਚ ਕਰੜਾ ਅਭਿਆਸ ਕਰਨ ਪਿਛੋਂ ਅਥਲੀਟ ਐਲਿਸ (ਓਲੰਪਿਕ ਵਾਦੀ ਦਾ ਮੁੱਖ ਨਗਰ) ਪੁੱਜਕੇ ਜੱਜਾਂ ਸਾਹਮਣੇ ਪੇਸ਼ ਹੁੰਦੇ। ਹਰ ਅਥਲੀਟ ਪਹਿਲਾਂ ਇਹ ਸਹੁੰ ਚੁੱਕਦਾ ਕਿ 'ਉਹ ਯੂਨਾਨ ਦੇਸ਼ ਦਾ ਆਜ਼ਾਦ ਸ਼ਹਿਰੀ ਹੈ ਅਤੇ ਯੂਨਾਨੀ ਦੇਵੀ ਦੇਵਤਿਆਂ ਦੀ ਉਪਾਸਨਾ ਕਰਦਾ ਹੈ'। ਏਥੇ ਲਗਪਗ ਇਕ ਮਹੀਨਾ ਜੱਜਾਂ ਦੀ ਦੇਖ—ਰੇਖ ਹੇਠਾਂ ਖਿਡਾਰੀ ਦੀ ਟ੍ਰੇਨਿੰਗ,ਮਾਲਿਸ਼ ਅਤੇ ਭੋਜਨ ਨੂੰ ਨਿਯੰਤ੍ਰਿਤ ਕੀਤਾ ਜਾਂਦਾ। ਬੜਾ ਕਰੜਾ ਅਨੁਸ਼ਾਸਨੀ ਦੌਰ ਹੁੰਦਾ ਸੀ। ਅਨੁਸ਼ਾਸਨਹੀਣਤਾ ਉਕਾ ਬਰਦਾਸ਼ਤ ਨਹੀਂ ਸੀ ਕੀਤੀ ਜਾਂਦੀ। ਕੋੜੇ ਅਤੇ ਸ਼ੁਸ਼ਕਾਂ ਮਾਰਨ ਤੱਕ ਨੌਬਤ ਆ ਸਕਦੀ ਸੀ

ਏਥੇ ਹੀ ਬੱਸ ਨਹੀਂ ਸੀ ਹੁੰਦੀ। ਖਿਡਾਰੀਆਂ ਨੂੰ ਓਲੰਪਿਕ ਦਹਿਲੀਜ਼ ਵਿਚ ਪ੍ਰਵੇਸ਼ ਕਰਨ ਲਈ ਅਜੇ ਇਕ ਹੋਰ ਕਠਿਨ ਪੜਾਅ ਵਿਚੋਂ ਲੰਘਣਾ



ਯੂਨਾਨ ਵਿਚ ਪਿਛਲੇ ਸਮੇਂ ਜੇਤੂ ਖਿਡਾਰੀਆਂ ਨੂੰ ਸੋਨੇ-ਚਾਂਦੀ ਦੇ ਤਮਗਿਆਂ ਦੀ ਬਜਾਏ ਫੁੱਲਾਂ-ਪੱਤਿਆਂ ਦਾ ਬਣਿਆ ਤਾਜ ਪਹਿਨਾਇਆ ਜਾਂਦਾ ਸੀ।

ਪੈਂਦਾ ਸੀ। ਓਲੰਪਿਕ ਮਰਿਆਦਾ ਦੀ ਸਹੁੰ ਚੁੱਕਣ ਪਿਛੋਂ ਇਕ ਅਧਿਕਾਰੀ ਵਾਰੀ ਵਾਰੀ ਖਿਡਾਰੀ ਦਾ ਨਾਂ ਲੈਂਦਾ ਅਤੇ ਦੂਜਾ ਸਹਾਇਕ ਅਧਿਕਾਰੀ ਖਿਡਾਰੀ ਦੀਆਂ ਖੇਡਾਂ ਦਾ ਐਲਾਨ ਕਰਦਾ ਅਤੇ ਫਿਰ ਉਸ ਦੇ ਸਿਰ ਉਪਰ ਹੱਥ ਰੱਖਕੇ ਸਟੇਡੀਅਮ ਵਿਚ ਘੁੰਮਾਂਦਾ ਅਤੇ ਨਾਲ ਨਾਲ ਪੁੱਛਦਾ ਜਾਂਦਾ... 'ਕੀ ਕੋਈ ਦਰਸ਼ਕ ਇਸ ਖਿਡਾਰੀ ਉਪਰ ਅਪਰਾਧੀ ਹੋਣ ਦਾ ਆਰੋਪ ਲਗਾਂਦਾ ਹੈ ? ਕੀ ਇਸ ਦੇ ਦਾਸ ਹੋਣ ਦਾ ਸਬੂਤ ਦਿੱਤਾ ਜਾ ਸਕਦਾ ਹੈ ? ਕੀ ਕੋਈ ਇਸ ਦੇ ਭੈੜੇ ਹੋਣ ਦਾ ਸਬੂਤ ਦਿੱਤਾ ਜਾ ਸਕਦਾ ਹੈ ? ਕੀ ਕੋਈ ਇਸ ਦੇ ਭੈੜੇ ਚੱਲਣ ਦੀ ਜਾਣਕਾਰੀ ਦੇਂਦਾ ਹੈ ?' ਜਦੋਂ ਲੋਕਾਂ ਵਲੋਂ ਪਾਕਦਾਮਨੀ ਦਾ ਪੂਰਾ ਪੂਰਾ ਸਰਟੀਫਿਕੇਟ ਪ੍ਰਾਪਤ ਹੋ ਜਾਂਦਾ ਹੈ ਤਾਂ ਹੀ ਉਹ ਖਿਡਾਰੀ ਖੇਡਾਂ ਵਿਚ ਭਾਗ ਲੈਣ ਦੇ ਯੋਗ ਹੋ ਜਾਂਦਾ ਸੀ। ਕੇਵਲ ਉਹੀ ਖਿਡਾਰੀ ਨਿੱਤਰਕੇ ਬਾਹਰ ਆਉਂਦੇ ਸਨ,ਜਿਨ੍ਹਾਂ ਦੇ ਦਾਮਨ ਮੈਲੇ ਨਹੀਂ ਸਨ ਹੁੰਦੇ।

ਕੇਵਲ ਜ਼ੈਤੂਨੀ ਟਹਿਣੀ

ਏਨੀ ਘਾਲਣਾ ਅਤੇ ਮੌਤ ਵਰਗੀਆਂ ਖੇਡਾਂ (ਪੈਂਕਰਸ਼ਨ,ਜਿਸ ਵਿਚ ਮੁੱਕੇਬਾਜ਼ੀ ਅਤੇ ਘੋਲ ਦਾ ਸੁਮੇਲ ਹੁੰਦਾ ਸੀ) ਵਿਚ ਹਿਸਾ ਲੈਣ ਤੋਂ ਪਿਛੋਂ ਕੇਵਲ ਇਕੋ ਚੈਂਪੀਅਨ ਖਿਡਾਰੀ ਨੂੰ ਹੀ ਇਨਾਮ ਪ੍ਰਾਪਤ ਹੁੰਦਾ ਸੀ। ਇਹ ਇਨਾਮ ਸੋਨੇ ਜਾਂ ਚਾਂਦੀ ਦੇ ਮੈਡਲ ਨਹੀਂ ਸਨ ਹੁੰਦੇ ਸਗੋਂ ਕੇਵਲ ਜ਼ੈਤੂਨੀ ਟਹਿਣੀ ਅਤੇ ਪੱਤਿਆਂ ਦਾ ਇਕ ਤਾਜ ਹੁੰਦਾ ਸੀ। ਇਸ ਤਾਜ ਦੀ ਪ੍ਰਾਪਤੀ ਯੂਨਾਨ ਦਾ ਇਕ ਗੌਰਵਮਈ ਸਤਿਕਾਰ ਮੰਨਿਆ ਜਾਂਦਾ ਸੀ।

ਇਸ ਜ਼ੈਤੂਨੀ ਮੁਕਟ ਨੂੰ ਪਹਿਨਣ ਲਈ ਮਕਦੂਨੀਆ ਦਾ ਸ਼ਾਹ ਸਿਕੰਦਰ ਤਰਸਦਾ ਮਰ ਗਿਆ। ਉਸ ਨੇ ਦੋ ਵਾਰੀ ਓਲੰਪਿਕ ਖੇਡਾਂ ਵਿਚ ਭਾਗ ਲਿਆ ਪਰ ਜਿੱਤ ਨਸੀਬ ਨਾ ਹੋਈ। ਯੂਨਾਨ ਦੇ ਮਹਾਨ ਦਾਰਸ਼ਨਿਕ ਅਫਲਾਤੂਨ ਨੇ ਵੀ ਘੋਲਾਂ ਵਿਚ ਹਿਸਾ ਲਿਆ ਪਰ ਇਸ ਮੁਕਟ ਦਾ ਮਾਣ ਨਾ ਮਿਲਿਆ।

ਖੇਡਾਂ ਦੀ ਸੱਚੀ ਅਤੇ ਸੁੱਚੀ ਭਾਵਨਾ ਦਾ ਅਨੁਮਾਨ ਤੁਸੀਂ ਏਥੋਂ ਵੀ ਲਗਾ ਸਕਦੇ ਹੋ ਕਿ ਓਲੰਪਿਕ ਖੇਡਾਂ ਦੇ ਮਹੀਨੇ ਯੂਨਾਨ ਦੇ ਨਗਰ—ਰਾਜਾਂ ਦੀਆਂ ਜੰਗਾਂ ਅਤੇ ਯੁੱਧ ਸਮਾਪਤ ਹੋ ਜਾਂਦੇ ਸਨ। ਜਦੋਂ ਵੀ ਵਿਸ਼ੇਸ਼ ਦੂਤਾਂ ਰਾਹੀਂ ਓਲੰਪਿਕ ਖੇਡਾਂ ਵਿਚ ਭਾਗ ਲੈਣ ਦਾ ਸੰਦੇਸ਼ ਪੁੱਜਦਾ ਤਾਂ ਨਗਰ—ਰਾਜਾਂ ਵਿਚਾਲੇ ਸ਼ਾਂਤੀ ਦੀ ਅਸਥਾਈ ਸੰਧੀ ਹੋ ਜਾਂਦੀ। ਤਲਵਾਰਾਂ ਅਤੇ ਭਾਲੇ ਓਥੇ ਹੀ ਜ਼ਮੀਨ ਵਿਚ ਦੱਬ ਦਿੱਤੇ ਜਾਂਦੇ। ਸਾਰਾ ਯੂਨਾਨ ਅਮਲ ਅਤੇ ਸ਼ਾਂਤੀ ਦੇ ਮਾਹੌਲ ਵਿਚ ਜਿਉਂ ਰਿਹਾ ਹੁੰਦਾ। ਓਲੰਪਿਕ ਵਾਦੀ ਵਿਚ ਕਿਸੇ ਨੂੰ ਵੀ ਕੋਈ ਹਥਿਆਰ ਲਿਜਾਣ ਦੀ ਆਗਿਆ ਨਹੀਂ ਸੀ ਹੁੰਦੀ।

ਇਨ੍ਹਾਂ ਯੂਨਾਨੀ ਗਿਆਨਵਾਨਾਂ ਦਾ ਕਹਿਣਾ ਹੈ ਕਿ ਭਾਵੇਂ ਪ੍ਰਾਚੀਨ ਓਲੰਪਿਕ ਖੇਡਾਂ ਦੀ ਪੁਨਰ—ਸੁਰਜੀਤੀ ਕਰ ਲਈ ਗਈ ਹੈ ਪਰ ਇਕ ਗੱਲ ਜਿਸ ਦੀ 20ਵੀਂ ਸਦੀ ਦੀਆਂ ਖੇਡਾਂ ਵਿਚ ਮੁੜ ਸੁਰਜੀਤੀ ਨਹੀਂ ਹੋ ਸਕੀ ਉਹ ਹੈ 'ਓਲੰਪਿਕ ਖੇਡਾਂ ਦੀ ਸਪਿਰਿਟ' ਜਿਸ ਭਾਵਨਾ ਅਤੇ ਉਦੇਸ਼ ਨਾਲ ਇਹ ਖੇਡਾਂ ਕਰਵਾਈਆਂ ਜਾਂਦੀਆਂ ਸਨ,ਉਸ ਭਾਵਨਾ ਦੀ ਵਾਸਤਵਿਕਤਾ ਅਲੋਪ ਹੋ ਗਈ ਹੈ। -ਚੰਨ

ਤਰਕਸ਼ੀਲ ਨੇ 'ਪ੍ਰੇਤ' ਦਾ ਡਰ ਕੱਢਿਆ

ਮੁਕਤਸਰ — ਤਰਕਸ਼ੀਲ ਸੁਸਾਇਟੀ ਦੀ ਇਕਾਈ ਲੱਖੇਵਾਲੀ ਦੇ ਕੁਝ ਮੈਂਬਰਾਂ ਨੇ ਬਲਾਕ ਲੰਬੀ ਦੇ ਪਿੰਡ ਬੀਦੋਵਾਲੀ ਦੇ ਗਰੀਬ ਪਰਿਵਾਰ ਵਿਚੋਂ ਅਖੌਤੀ ਚੇਲਿਆਂ ਦੁਆਰਾ ਪਾਏ ਗਏ 'ਪ੍ਰੇਤ' ਦੇ ਡਰ ਨੂੰ ਵਿਗਿਆਨਕ ਢੰਗ ਨਾਲ ਦੂਰ ਕੀਤਾ। ਉਸ ਪਰਿਵਾਰ ਦੀ ਲੜਕੀ ਨੂੰ ਉਸ ਦੀ ਮਰ ਚੁੱਕੀ ਭੈਣ ਦਾ 'ਪ੍ਰੇਤ' ਤੰਗ ਕਰਦਾ ਸੀ। ਤਰਕਸ਼ੀਲਾਂ ਨੇ ਉਸ ਲੜਕੀ ਦੇ ਮਨ ਵਿਚੋਂ ਵਿਗਿਆਨਕ ਢੰਗ ਨਾਲ ਪ੍ਰੇਤ ਦਾ ਡਰ ਕੱਢ ਦਿੱਤਾ ਅਤੇ 'ਅਖੌਤੀ ਪ੍ਰੇਤ' ਦੇ ਡਰ ਨਾਲ ਬਿਮਾਰ ਲੜਕੀ ਨੂੰ ਨੌਂ ਬਰ ਨੌਂ ਕੀਤਾ। ਤਰਕਸ਼ੀਲਾਂ ਨੇ ਲੜਕੀ ਦੇ ਗਲੇ ਵਿਚ ਅਖੌਤੀ ਚੇਲਿਆਂ ਦੁਆਰਾ ਪਵਾਏ ਗਏ ਤਵੀਤ ਵੀ ਲੁਹਾ ਦਿਤੇ।

ਸੁਸਾਇਟੀ ਦੇ ਸਕੱਤਰ ਰਾਮ ਸਵਰਨ ਸਿੰਘ 'ਆਜ਼ਾਦ' ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਚਾਨਕ ਅੱਗ ਲੱਗਣ, ਇੱਟਾਂ ਰੋੜੇ ਡਿੱਗਣ, ਕਸਰ ਹੋਣ ਜਾਂ ਹੋਰ ਭੂਤ-ਪ੍ਰੇਤ ਨਾਲ ਸਬੰਧਤ ਘਟਨਾ ਵਿਚ 'ਅਖੌਤੀ ਬਾਬਿਆਂ' ਕੋਲ ਜਾਣ ਦੀ ਬਜਾਏ ਨਜ਼ਦੀਕੀ ਤਰਕਸ਼ੀਲ ਸੁਸਾਇਟੀ ਨਾਲ ਸੰਪਰਕ ਕਰਨ ਤਾਂ ਜੋ ਸਮਾਜ ਵਿਚ ਫੈਲਾਏ ਗਏ ਅੰਧਵਿਸ਼ਵਾਸਾਂ ਨੂੰ ਖਤਮ ਕੀਤਾ ਜਾ ਸਕੇ।

ਦੇਗ ਤੇਗ ਫਤਿਹ ॥

ੴ ਵਾਹਿਗੁਰੂ ਜੀ ਕੀ ਫਤਿਹ ॥

ਪੰਥ ਕੀ ਜੀਤ ॥


"ਕੋਊ ਭਯੋ ਮੁੰਡੀਆ ਸੰਨਿਆਸੀ, ਕੋਊ ਜੋਗੀ ਭਯੋ ਕੋਊ ਬ੍ਰਹਮਚਾਰੀ, ਕੋਊ ਜਤੀਅਨ ਮਾਨਬੋ ॥
ਹਿੰਦੂ ਔ ਤੁਰਕ ਕੋਊ, ਰਾਫਜ਼ੀ ਇਮਾਮ ਸਾਫੀ, ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥

(ਗੁਰੂ ਗੋਬਿੰਦ ਸਿੰਘ ਜੀ)

ਆਓ, ਸਾਧ ਸੰਗਤ ਜੀ, ਗੁਰਦੁਆਰਾ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ ਲਈ ਸਰਬ ਸਾਂਝਾ ਕੇਂਦਰ ਬਣਾਈਏ!




MALKIT SINGH MUTTI
ਮਲਕੀਤ ਸਿੰਘ ਮੁਤੀ
TREASURER—ਖਜ਼ਾਨਚੀ
522 - 7167




SARWAN SINGH DEOL
ਸਰਵਨ ਸਿੰਘ ਦਿਉਲ
SECRETARY- ਸਕੱਤਰ
524 - 4175



GURDEV SINGH DEOL
ਗੁਰਦੇਵ ਸਿੰਘ ਦਿਉਲ
PRESIDENT—ਪ੍ਰਧਾਨ
588 - 4369



BEANT SINGH SEKHON
ਬਿਅੰਤ ਸਿੰਘ ਸੇਖੋਂ
VICE PRESIDENT—ਮੀਤ ਪ੍ਰਧਾਨ
588 - 0749



GURDEV SINGH DHALIWAL
ਗੁਰਦੇਵ ਸਿੰਘ ਧਾਲੀਵਾਲ
VICE SECRETARY—ਮੀਤ ਸੱਕਤਰ
524 - 6061

ਖਾਲਸਾ ਦਿਵਾਨ ਸੁਸਾਇਟੀ ਨਿਊਵੈਸਟਮਿਨਸਟਰ ਦੇ ਗੁਰੂ ਘਰ ਦੀਆਂ ਸਮੁੱਚੀਆਂ ਸਿਖ ਸੰਗਤਾਂ ਦੀ ਪ੍ਰੇਰਨਾ ਨਾਲ ਸੱਭ ਸੰਗਤਾਂ ਦੇ ਸਰਬ ਸਾਂਝੇ ਸੇਵਾਦਾਰ, ਭਾਈ ਗੁਰਦੇਵ ਸਿੰਘ ਦਿਉਲ ਦੀ ਪ੍ਰਧਾਨਗੀ ਹੇਠ ਆਪ ਸੱਭ ਸੰਗਤਾਂ ਵਲੋਂ ਸੇਵਾ ਲਈ ਹਾਜ਼ਰ ਹਨ।

ਖਾਲਸਾ ਪੰਥ ਦੇ ਬੋਲ ਬਾਲੇ ਸਾਰੇ ਸੰਸਾਰ ਵਿੱਚ ਉਚੇ ਕਰਨ ਲਈ, ਕਨੇਡਾ ਵਿੱਚ ਸਿਖਾਂ ਦਾ ਵਕਾਰ ਮੁੜ ਬਹਾਲ ਕਰਨ ਲਈ, ਗੁਰਦੁਆਰਾ ਸਾਹਿਬ ਦਾ ਪ੍ਰਬੰਧ ਨਿਮ੍ਰਤਾ ਅਤੇ ਸੇਵਾ ਭਾਵਨਾ ਨਾਲ ਨਿਭਾਉਣ ਲਈ, ਕੌਮ ਵਿੱਚ ਪਾਈਆਂ ਗਈਆਂ ਵੰਡੀਆਂ ਦੂਰ ਕਰਕੇ ਸਦ ਭਾਵਨਾ ਮੁੜ ਬਹਾਲ ਕਰਨ ਲਈ, ਲੋਕਲ ਸਿਖ ਕਮਿਊਨਿਟੀ ਵਿੱਚੋਂ ਆਪਸੀ ਈਰਖਾ ਅਤੇ ਲੜਾਈ ਫਸਾਦ ਦੀਆਂ ਕਾਰਵਾਈਆਂ ਹਟਾਉਣ ਲਈ, ਸਮੁੱਚੇ ਤੌਰ ਉਪਰ ਸਾਰੇ ਸੰਸਾਰ ਵਿੱਚ ਸਿੱਖਾਂ ਦੀ ਚੜ੍ਹਦੀਕਲਾ ਕਰਨ ਹਿਤ ਸਾਂਝੇ ਉਪਰਾਲੇ ਕਰਨ ਲਈ ਆਪ ਸੱਭ ਸੰਗਤਾਂ ਦੇ ਸਾਂਝੇ ਉਮੀਦਵਾਰ ਨੂੰ ਵੋਟ ਪਾ ਕੇ ਕਾਮਯਾਬ ਬਣਾਉ।



BACHAN SINGH GURAM
ਬਚਨ ਸਿੰਘ ਗੁਰਮ
MEMBER—ਮੈਂਬਰ
270 - 4607



SANTOKH SINGH BASRA
ਸੰਤੋਖ ਸਿੰਘ ਬਸਰਾ
VICE TREASURER—ਮੀਤ ਖਜ਼ਾਨਚੀ
524 - 8271

ਸ੍ਰ ਗੁਰਦੇਵ ਸਿੰਘ ਦਿਉਲ ਤੇ ਉਸ ਦੇ ਸਾਥੀਆਂ ਨੂੰ ਵੋਟ ਪਾ ਕੇ ਕਾਮਯਾਬ ਬਣਾਉ



BHAG SINGH SANDHU
ਭਾਗ ਸਿੰਘ ਸੰਧੂ
MEMBER— ਮੈਂਬਰ
324 - 2510



GAJJAN SINGH RAI
ਗੱਜਨ ਸਿੰਘ ਰਾਏ
MEMBER—ਮੈਂਬਰ
525 - 6893

ਵੋਟ ਪਾਉਣ ਦਾ ਸਮਾਂ ਅਤੇ ਪਤਾ

ਖਾਲਸਾ ਦਿਵਾਨ ਸੁਸਾਇਟੀ ਨਿਊਵੈਸਟਮਿਨਸਟਰ (ਗੁਰਦੁਆਰਾ ਸਾਹਿਬ ਸੁਖਸਾਗਰ) ਦੀ ਚੋਣ ਪਹਿਲੀ ਫਰਵਰੀ 1987 ਦਿਨ ਐਤਵਾਰ ਨੂੰ ਸਵੇਰੇ ਅੱਠ ਵਜੇ ਤੋਂ ਸ਼ਾਮ ਦੇ ਛੇ ਵਜੇ ਤੱਕ ਗੁਰਦੁਆਰਾ ਸਾਹਿਬ ਦੇ ਡਾਈਨਿੰਗ ਹਾਲ ਵਿੱਚ ਹੋ ਰਹੀ ਹੈ।



HARNEK SINGH THIND
ਹਰਨੇਕ ਸਿੰਘ ਥਿੰਦ
MEMBER—ਮੈਂਬਰ
589 - 4830



TARLOK SINGH BAINS
ਤਰਲੋਕ ਸਿੰਘ ਬੈਂਸ
MEMBER AUDIT COMMITTEE
ਮੈਂਬਰ ਔਡਿਟ ਕਮੇਟੀ
521 - 1787



BALBIR SINGH BAHT
ਬਲਵੀਰ ਸਿੰਘ ਬਾਠ
MEMBER AUDIT COMMITTEE
ਮੈਂਬਰ ਔਡਿਟ ਕਮੇਟੀ
937 - 5388



SARBEN SINGH CHANDI
ਸਰਬਨ ਸਿੰਘ ਚੰਦੀ
MEMBER AUDIT COMMITTEE
ਮੈਂਬਰ ਔਡਿਟ ਕਮੇਟੀ
594 - 9476



GURDEV SINGH GILL
ਗੁਰਦੇਵ ਸਿੰਘ ਗਿੱਲ
MEMBER—ਮੈਂਬਰ
939 - 6246

ਜ਼ਰੂਰੀ ਨੋਟ - ਵੋਟ ਪਾਉਣ ਆਉਣ ਸਮੇਂ ਆਪਣਾ ਮੈਂਬਰਸ਼ਿਪ ਦਾ ਕਾਰਡ ਅਤੇ ਕਾਰਡ ਉਪਰ ਜੋ ਤੁਹਾਡੀ ਆਡੈਂਟੀਫੀਕੇਸ਼ਨ ਭਰੀ ਹੋਈ ਹੈ, ਨਾਲ ਜ਼ਰੂਰ ਲੈ ਕੇ ਆਉਣਾ ਜੀ।

ੴ ਵਾਹਿਗੁਰੂ ਜੀ ਕੀ ਫਤਹਿ

ਕੂੜ ਨਿਖੁੱਟੇ ਨਾਨਕਾ ਓੜਕ ਸੱਚ ਸਹੀ

ਖਾਲਸਾ ਦਿਵਾਨ ਸੁਸਾਇਟੀ ਨਿਊਵੈਸਟਮਿਨਸਟਰ ਦੇ ਨਵੇਂ ਮੈਂਬਰਾਂ ਸੇਵਾ ਵਿਖੇ

ਅਪੀਲ

ਪਿਆਰੀ ਸਾਧ ਸੰਗਤ ਜੀਓ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਪਰਵਾਨ ਕਰਨੀ

ਬੇਨਤੀ ਹੈ ਕਿ ਖਾਲਸਾ ਦਿਵਾਨ ਸੁਸਾਇਟੀ ਨਿਊਵੈਸਟਮਿਨਸਟਰ ਦੀ ਪ੍ਰਬੰਧਕ ਕਮੇਟੀ ਦੀ ਚੋਣ ਪਹਿਲੀ ਫਰਵਰੀ ਦਿਨ ਐਤਵਾਰ ਨੂੰ ਹੋ ਰਹੀ ਹੈ। ਇਹ ਚੋਣ ਪਹਿਲਾਂ 14 ਦਸੰਬਰ ਨੂੰ ਹੋਣੀ ਸੀ, ਕਾਰਨ ਇਹ ਬਣਿਆ ਕਿ 1986 ਦੇ ਪ੍ਰਧਾਨ ਸਾਹਿਬ ਨੇ ਸੁਸਾਇਟੀ ਦੇ ਬਾਈਲਾਜ਼ ਦੀ ਗਲਤ ਇੰਟ੍ਰਪ੍ਰੂਟੇਸ਼ਨ ਅਤੇ ਆਪ ਦੀ ਐਗਜੈਕਟਿਵ ਪਾਵਰ ਦੀ ਫੁੱਲ ਵਰਤੋਂ ਕਰਕੇ ਦੂਜੀ ਧਿਰ ਦੇ ਪ੍ਰਧਾਨ ਨੂੰ ਅਲੈਕਸ਼ਨ ਤੋਂ ਪਹਿਲਾਂ ਹੀ ਸਸਪੈਂਡ ਕਰ ਦਿੱਤਾ ਅਤੇ ਸਾਰੇ ਮੈਂਬਰਾਂ ਨੂੰ ਚਿੱਠੀਆਂ ਕੱਢ ਦਿੱਤੀਆਂ ਕਿ ਮੈਂ ਬਿਨਾ ਮੁਕਾਬਲਾ ਉਪਰੋਕਤ ਸੁਸਾਇਟੀ ਦਾ ਪ੍ਰਧਾਨ ਬਣ ਗਿਆ ਹਾਂ ਜੋ ਕਿ ਦੂਜੀ ਧਿਰ ਨਾਲ ਨਿਰਾ-ਧੱਕਾ ਸੀ। ਤਾਂ ਫਿਰ ਦੂਜੀ ਧਿਰ ਨੂੰ ਇਨਸਾਫ ਲੈਣ ਲਈ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ, ਇਸ ਦੇ ਫਲ ਸਰੂਪ ਉਹੀ ਅਲੈਕਸ਼ਨ ਹੁਣ ਪਹਿਲੀ ਫਰਵਰੀ ਨੂੰ ਦੋਨਾ ਧਿਰਾਂ ਵਿਚਕਾਰ ਹੋ ਰਹੀ ਹੈ। ਸੋ ਸਾਡੀ (ਦੂਜੀ ਧਿਰ) ਦੀ ਸਾਰੇ ਨਵੇਂ ਮੈਂਬਰਾਂ ਅੱਗੇ ਬੇਨਤੀ ਹੈ ਕਿ ਸਾਨੂੰ ਵੋਟਾਂ ਪਾ ਕੇ ਕਾਮਯਾਬ ਕਰੋ ਤਾਂ ਕਿ ਗੁਰੂ ਘਰ ਦੇ ਅਗਾਊ ਪ੍ਰਬੰਧ ਨੂੰ ਠੀਕ ਕੀਤਾ ਜਾ ਸਕੇ।

ਸੰਗਤਾਂ ਦੇ ਧਿਆਨ ਯੋਗ

ਪਿਛਲੇ ਕਈ ਸਾਲਾਂ ਤੋਂ ਖਾਲਸਾ ਦਿਵਾਨ ਸੁਸਾਇਟੀ ਨਿਊਵੈਸਟਮਿਨਸਟਰ ਦੀਆਂ ਚੋਣਾ ਵਿੱਚ ਵੋਟਾਂ ਗਲਤ ਤਰੀਕੇ ਨਾਲ ਬਣਾਈਆਂ ਜਾਂਦੀਆਂ ਹਨ। ਜਿਵੇਂ ਕਿ ਆਪ ਜੀ ਨੂੰ ਭਲੀ ਪਰਕਾਰ ਪਤਾ ਹੀ ਹੈ ਕਿ ਹਰ ਮੈਂਬਰ ਨੂੰ ਮੈਂਬਰ ਬਨਣ ਲਈ ਮੈਂਬਰ ਫਾਰਮ ਗੁਰੂ ਘਰ ਵਿਚ ਹਾਜ਼ਰ ਹੋ ਕੇ ਭਰਨੇ ਪੈਂਦੇ ਹਨ। ਪਰ ਮੌਕੇ ਦੇ ਪ੍ਰਧਾਨ ਆਪਣੀ ਤੀਖਣ ਬੁੱਧੀ ਦਾ ਸਬੂਤ ਦੇਣ ਲਈ ਅਤੇ ਅੱਗੋਂ ਲਈ ਪ੍ਰਧਾਨਗੀ ਪਦ ਨੂੰ ਜੱਫਾ ਮਾਰੀ ਰੱਖਣ ਲਈ ਮੈਂਬਰ ਸ਼ਿਪ ਫਾਰਮ ਲੋਕਾਂ ਦੇ ਘਰਾਂ ਵਿਚ ਜਾ ਕੇ ਰਸੂਖ ਵਜੋਂ ਭਰਵਾਏ ਜਾਂਦੇ ਹਨ ਜੋ ਸੁਸਾਇਟੀ ਦੇ ਪ੍ਰਬੰਧ ਦੇ ਹਿਤ ਵਿਚ ਨਹੀਂ ਹੈ ਅਤੇ ਗੁਰਮਤ ਦੇ ਉਲਟ ਹੈ। ਅਸੀਂ(ਦੂਜੀ ਧਿਰ) ਇਸ ਬੇਅਸੂਲੇ ਕੰਮ ਵਿੱਚ ਰੋਕ ਲਾਉਣੀ ਚਾਹੁੰਦੇ ਹਾਂ। ਇਹ ਕੰਮ ਮੈਂਬਰਾਂ ਦੇ ਸਹਿਯੋਗ ਨਾਲ ਹੀ ਹੋ ਸਕਦਾ ਹੈ। ਇਸ ਲਈ ਆਪ ਜੀ ਦਾ ਸਹਿਯੋਗ ਲੋੜਦੇ ਹਾਂ। ਅਸੀਂ ਲੋੜਦੇ ਹਾਂ ਕਿ ਅੱਗੋਂ ਲਈ ਗੁਰੂ ਘਰ ਦੇ ਪ੍ਰਬੰਧ ਲਈ ਜੋ ਸੇਵਾਦਾਰਾਂ ਦੀ ਚੋਣ ਹੋਵੇ ਉਸ ਲਈ ਮੈਂਬਰ ਠੀਕ ਕੰਸਟੀਚੂਸ਼ਨ ਦੀ ਰੂ ਨਾਲ ਬਣਾਏ ਜਾਣ। ਕੋਈ ਧਿਰ ਜਿੱਤੇ ਕੋਈ ਧਿਰ ਹਾਰੇ ਕੋਈ ਗੱਲ ਨਹੀਂ। ਪਰ ਜਦੋਂ ਲਗਾਤਾਰ ਇਕ ਧਿਰ ਆਪਦਾ ਸੁਸਾਇਟੀ ਦੇ ਪ੍ਰਬੰਧ ਉਪਰ ਕਬਜ਼ਾ ਰੱਖਣ ਲਈ ਮੈਂਬਰ ਫਾਰਮ ਘਰੀਂ ਜਾ ਕੇ ਭਰਾਂਉਂਦੇ ਹਨ ਇਹ ਅਤੀ ਦੁੱਖ ਦਾਇਕ ਹੈ। ਹੋਰ ਤਾਂ ਹੋਰ ਵੋਟਰ ਲਿਸਟ ਵੀ ਸਾਨੂੰ ਬਗੈਰ ਫੂਨ ਨੰਬਰ ਦੇ ਦਿੱਤੀ ਹੈ। ਜੋ ਕਿ ਗੈਰ ਵਾਜਬ ਹੈ।

ਅਸੀਂ ਗੁਰੂ ਘਰ ਦੇ ਨਾਲ ਲਗਦੀ ਪ੍ਰਾਪਰਟੀ ਵਿੱਚ ਕਮਿਊਨਿਟੀ ਵਿੱਚ ਕਮਿਊਨਿਟੀ ਦੀਆਂ ਸਹੂਲਤਾਂ ਲਈ ਡਵੈਲਪਮੈਂਟ ਕਰਨੀ ਮੰਗਦੇ ਹਾਂ ਜੋ ਕਿ ਆਪ ਜੀ ਦੀ ਰਾਏ ਦੇ ਨਾਲ ਹੋਵੇਗਾ।

ਅਸੀਂ ਚਾਹੁੰਦੇ ਹਾਂ ਕਿ ਗੁਰੂ ਘਰ ਦੀ ਸਟੇਜ ਤੋਂ ਨਿਰੋਲ ਗੁਰਬਾਣੀ ਅਤੇ ਗੁਰਮਤ ਦੇ ਅਨੁਸਾਰ ਹੀ ਪਰਚਾਰ ਕੀਤਾ ਜਾਵੇ ਜੋ ਕਿ ਸਾਡੀ ਕਮਿਊਨਿਟੀ ਦੀ ਆਉਣ ਵਾਲੀ ਪੀੜ੍ਹੀ ਲਈ ਬਹੁਤ ਜ਼ਰੂਰੀ ਹੈ ਅਤੇ ਸਿੱਖ ਜਗਤ ਵਿੱਚ ਅਮਨ ਅਤੇ ਏਕਤਾ ਲਈ ਜੂਝਦੇ ਰਹਾਂਗੇ।

ਅਸੀਂ ਇਕਰਾਰ ਕਰਦੇ ਹਾਂ ਕਿ ਗੁਰੂ ਘਰ ਦੀ ਆਮਦਨ ਖਰਚ ਦਾ ਵੇਰਵਾ ਹਰ ਮਹੀਨੇ ਮੈਂਬਰਾਂ ਨੂੰ ਚਿੱਠੀਆਂ ਰਾਹੀਂ ਦਿੱਤਾ ਜਾਵੇਗਾ। ਅਤੇ ਸਲਾਨਾ ਰਿਪੋਰਟ ਅਖਬਾਰਾਂ ਰਾਹੀਂ ਸਾਰੀ ਸੰਗਤ ਨੂੰ ਪਹੁੰਚਾਇਆ ਜਾਵੇਗਾ।

ਅੰਤ ਵਿੱਚ ਅਸੀਂ ਆਸ ਕਰਦੇ ਹਾਂ ਕਿ ਸਾਰੇ ਮੈਂਬਰ ਸਾਡਾ ਸਾਥ ਦੇਣਗੇ ਅਤੇ ਵੋਟਾਂ ਪਾ ਕੇ ਕਾਮਯਾਬ ਕਰਨਗੇ ਅਤੇ ਪੰਥ ਦੀ ਏਕਤਾ ਕਰਾਉਣ ਵਿੱਚ ਹਿਸਾ ਪਾਉਣ ਗੇ।

ਧੰਨਵਾਦ ਸਹਿਤ

ਅਸੀਂ ਹਾਂ ਆਪ ਜੀ ਦੇ ਸੇਵਾਦਾਰ

ਗੁਰਦੇਵ ਸਿੰਘ ਦਿਉਲ ਅਤੇ ਸਲੇਟ

PAID BY GURDEV SINGH DEOL ELECTION COMPANING COMMITTEE



ਧਰਮ ਤੇ ਫ਼ਲਸਫ਼ਾ

ਗੁਰੂ ਗੋਬਿੰਦ ਸਿੰਘ ਮਾਰਗ

ਰਾਮ ਸਿੰਘ ਢਿੱਲੋਂ ਸਰੀ(ਗੋਰਾਇਆ)

ਚੇਂਜ ਇਜ਼ ਦਾ ਲਾ ਆਫ ਨੇਚ੍ਰ(ਤਬਦੀਲੀ ਕੁਦਰਤ ਦਾ ਨਿਯਮ (ਅਸੂਲ) ਹੈ ਅਤੇ ਵਰਾਇਟੀ ਇਜ਼ ਦਾ ਐਸੈਂਨਸ ਆਫ ਲਾਈਫ (ਰੰਗਾ-ਰੰਗੀ ਜ਼ਿੰਦਗੀ ਦੀ ਖੁਸ਼ਬੋ ਹੈ)

ਸਵੇਰ ਹੁੰਦੀ ਹੈ,ਦੁਪੈਹਰ ਹੋ ਜਾਂਦੀ ਹੈ,ਸ਼ਾਮ ਪੈ ਜਾਂਦੀ ਹੈ ਤੇ ਫੇਰ ਹਨ੍ਹੇਰ-ਘੁੱਪ ਰਾਤ;ਏਸੇ ਤਰ੍ਹਾਂ ਕਦੀ ਸਿਆਲ ਕਦੀ ਗਰਮੀ,ਕਦੀ ਬਸੰਤ ਰੁੱਤ ਤੇ ਕਦੀ ਪੱਤ-ਝੜ ।

ਸਿਖਿਜ਼ਮ ਦੁਨੀਆਂ ਦੇ ਚੰਦ ਉਘੇ ਮਜ਼੍ਹਬਾਂ ਵਿਚੋਂ ਇਕ ਹੈ। ਬੇਸ਼ੱਕ ਏਸ ਮੱਤ ਦੀ ਉਮਰ ਵੀ ਮਸਾਂ ਪੌਣੇ ਛੇ ਸੌ ਸਾਲ ਹੀ ਹੈ ਤੇ ਇਸ ਸ਼੍ਰੇਣੀ ਦੀ ਗਿਣਤੀ ਵੀ ਬੜੀ ਥੋੜੀ ਹੈ ਪਰ ਇਹ ਮਜ਼ਬ ਬੜਾ ਜਗਤ-ਪ੍ਰਸਿਧ ਹੈ ।

ਜਾਪਦਾ ਏਹ ਮੱਤ ਵੀ ਕੁਦਰਤੀ ਅਸੂਲ ਤੇ ਹੀ ਆਧਾਰਤ ਹੈ ।

ਗੁਰੂ ਨਾਨਕ ਦੇਵ ਜੀ(ਏਸ ਸੰਪ੍ਰਦਾ ਦੇ ਬਾਨੀ)ਤੋਂ ਗੁਰੂ ਅਰਜਨ ਦੇਵ ਜੀ ਭਾਵ ਪੰਜਵੀਂ ਗੱਦੀ ਤਕ,ਏਸ ਮਤ ਦਾ ਪ੍ਰਚਾਰ,ਕੇਵਲ ਈਸ਼ਵਰ-ਭਗਤੀ,ਭ੍ਰਾਤ੍ਰੀ-ਪਿਆਰ,ਏਕ ਪਿਤਾ ਏਕਸ ਕੇ ਬਾਰਕ,ਜ਼ਾਤਪਾਤ,ਰੰਗ ਨਸਲ ਦੇ ਬੰਧਨਾਂ ਤੋਂ ਮੁਕਤ ਭਾਵ ਵਹਿਮਾਂ-ਫਾਥੀ ਜਨਤਾ ਨੂੰ ਪ੍ਰਚਾਰ ਦਵਾਰਾ,ਇਕ ਓਸ ਪ੍ਰਮਾਤਮਾ ਨਾਲ ਲਿਵ ਜੋੜ,ਓਹਦਾ ਸਿਮ੍ਰਨ ਕਰਦਿਆਂ ਦਸਾਂ ਨੌਹਾਂ ਦੀ ਕਿਰਤ ਵਿਚ ਵਿਸ਼ਵਾਸ਼ ਰੱਖਦਿਆਂ ਪ੍ਰਵਾਰ ਪਾਲਣਾਂ ਸੀ ਤੇ ਸਤਿਗੁਰਾਂ ਗ੍ਰਿਸ਼ਤ-ਆਸ਼ਰਮ ਨੂੰ ਹਰ ਪ੍ਰਕਾਰ ਦੇ ਤੀਰਥਾਂ ਨਾਲੋਂ ਉਚਾ ਤੇ ਸੁੱਚਾ ਦੱਸਿਆ ।

ਗੁਰੂ ਅਰਜਨ ਦੇਵ ਜੀ ਦੇ ਸਪੁੱਤਰ,ਗੁਰੂ ਹਰਗੋਬਿੰਦ ਜੀ ਨੂੰ ਏਸ ਭਗਤੀ ਮਾਰਗ ਵਿਚ ਤਬਦੀਲੀ ਲਿਔਣੀ ਪਈ ਭਾਵ ਏਸ ਈਸ਼ਵਰ ਭਗਤੀ ਦੇ ਨਾਲ ਤਲਵਾਰ ਵੀ ਧਾਰਨ ਕਰਨੀ ਪਈ ਜੇਹੜੀ ਕਿ ਪਹਿਲੇ 5 ਨਾਨਕਾਂ ਸਮੇਂ ਬਿਲਕੁਲ ਹੀ ਵਿਵ੍ਰਜਤ ਤੇ ਅਸੰਭਵ ਸੀ

ਗੁਰੂ ਹਰਗੋਬਿੰਦ ਜੀ ਨੇ ਹਰਮਿੰਦਰ ਦੇ ਲਾਗੇ ਅਕਾਲ ਤਖਤ ਬਣਾਇਆ ਜਿਥੇ ਬੈਠ ਓਹ ਕਚੇਹਰੀ ਲੌਂਦੇ ਤੇ ਪਰਜਾ ਦੀਆਂ ਫਰਿਆਦਾਂ ਸੁਣਦੇ ਤੇ ਉਨ੍ਹਾਂ ਨੂੰ ਇਨਸਾਫ ਬਖਸ਼ਦੇ,ਏਸੇ ਲਈ ਓਹ ਮੀਰੀ(ਬਾਦਸ਼ਾਹਤ) ਅਤੇ ਪੀਰੀ(ਮਜ਼੍ਹਬੀ-ਆਗੂ) ਸਦਵੌਂਦੇ ਹਨ । ਉਨ੍ਹਾਂ ਆਪਣੀ ਰਿਹਾਇਸ਼ ਵੀ ਉਥੇ ਨਾ ਰੱਖੀ ਤੇ ਜੇਹੜੀਆਂ ਉਨ੍ਹਾਂ ਨੂੰ ਦੋ ਲੜਾਈਆਂ ਲੜਨੀਆਂ ਪਈਆਂ ਓਹ ਵੀ ਉਨ੍ਹਾਂ ਬੜੀ ਦੂਰ ਜਾ ਕੇ ਲੜੀਆਂ ਤਾਂਕਿ ਓਸ ਅਕਾਲ ਤਖਤ ਦੀ ਪਵਿਤ੍ਰਤਾ ਕਾਇਮ ਰਹਿ ਸਕੇ ।

ਸੱਤਵੀਂ,ਅੱਠਵੀਂ ਤੇ ਨੌਵੀਂ ਪਾਤਸ਼ਾਹੀਆਂ ਵੀ ਮੁੜ ਓਸੇ ਭਗਤੀ ਮਾਰਗ ਦਾ ਹੀ ਪ੍ਰਚਾਰ ਆਪਣੇ ਸਿਖਾਂ ਨੂੰ ਕੀਤਾ। ਬੇਸ਼ੱਕ ਨੌਵੇਂ ਪਾਤਸ਼ਾਹ ਜੀ ਨੂੰ (ਗੁਰੂ ਤੇਗ ਬਹਾਦਰ ਜੀ) ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰਨ ਲਈ ਆਪਣੇ ਸੀਸ ਦੀ ਕੁਰਬਾਨੀ ਦੇਣੀ ਪਈ ਪਰ ਉਨ੍ਹਾਂ ਸ਼ਾਂਤਮਈ ਨਾ ਤਿਆਗੀ ਤੇ ਇਕ ਲਫਜ਼ ਵੀ ਆਪਣੇ ਸਿੱਖਾਂ ਨੂੰ ਬਦਲਾ-ਲਊ-ਭਾਵਨਾ ਭਾਵ ਹਿੰਸਾ ਦਾ ਨਾ ਪ੍ਰਚਾਰਿਆ ਅਤੇ ਸੌ ਫੀ ਸਦੀ ਆਪਣੇ ਬਾਬਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੂਰਨਿਆਂ ਤੇ ਚਲਦਿਆਂ ਇਕ ਅਦੁਤੀ ਮਿਸਾਲ ਕਾਇਮ ਕੀਤੀ ।

ਦਸਵੇਂ ਪਾਤਸ਼ਾਹ ਜੀ ਨੇ ਆਨੰਦਪੁਰ ਸਾਹਿਬ ਵਿਖੇ ਬੜਾ ਵੱਡਾ ਵਿਦਿਅਕ ਕੇਂਦਰ ਖੋਲ੍ਹਿਆ ਜਿਥੇ ਉਰਦੂ,ਫਾਰਸੀ,ਸੰਸਕ੍ਰਿਤ ਆਦਿ ਦੇ ਭਾਈ ਨੰਦ ਲਾਲ ਜੀ ਵਰਗੇ ਉਚਯ ਕੋਟੀ ਦੇ ਕਵੀ ਤੇ ਵਿਦਵਾਨ ਰਹਿੰਦੇ ਸਨ । ਜੇਹੜੇ ਸਿੱਖਾਂ ਨੂੰ ਵਿਦੱਯਾ ਪੜ੍ਹੌਂਦੇ ਸਨ ਤੇ ਹੁਨਰ ਕਲਾਕਾਰ ਸ਼ਸਤ੍ਰ-ਵਿਦੱਯਾ ਦੀ ਟ੍ਰੇਨਿੰਗ ਵੀ ਦਿੰਦੇ ਸਨ । ਇਹ ਫੇਰ ਸਿੱਖ-ਮੱਤ ਵਿਚ ਬੜੀ ਵੱਡੀ ਚੇਂਜ ਸੀ ਇਕ ਮਾਹਰਕੇ ਦੀ ਤਬਦੀਲੀ ਸੀ ।

ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਉਮਰ ਹੀ ਪਹਾੜੀ ਰਾਜਿਆਂ ਤੇ ਮੁਗਲ ਹਕੂਮਤ ਦੇ ਖਿਲਾਫ ਯੁੱਧਾਂ ਵਿਚ ਹੀ ਗੁਜ਼ਰੀ। ਗੁਰੂ ਜੀ ਦੇ ਬੇਸ਼ੁਮਾਰ ਸੂਰਬੀਰ ਯੋਧੇ,ਆਰ-ਪ੍ਰਵਾਰ,ਘਰਘਾਟ,ਸ਼ਾਨੋਸ਼ੌਕਤ,

ਠਾਠਬਾਠ ਸਭ ਕੁਝ ਏਸ ਲੜਾਈ ਦੀ ਭੇਂਟ ਚੜ੍ਹਿਆ। ਗੁਰੂ ਜੀ ਨੂੰ ਪ੍ਰਵਾਰ ਸਮੇਤ ਅਨੰਦਗੜ੍ਹ ਕਿਲ੍ਹਾ ਆਦਿ ਛੱਡਣਾ ਪਿਆ। ਹਨ੍ਹੇਰੀ ਰਾਤ,ਕਹਿਰਾਂ ਦੀ ਬਾਰਸ਼ ਤੇ ਝੱਖੜ,ਗੁਰੂ ਜੀ ਅਪਣੇ ਬਚੇ-ਖੁਚੇ ਸਾਥੀ,ਪ੍ਰਵਾਰ ਤੇ ਚਾਰੇ ਸਾਹਿਬਜ਼ਾਦਿਆਂ ਸਮੇਤ,ਠਾਠਾਂ ਮਾਰਦੀ ਸਰਸਾ ਨਦੀ ਨੂੰ ਪਾਰ ਕੀਤਾ। ਛੋਟੇ ਸਾਹਿਬਜ਼ਾਦੇ ਤੇ ਮਾਤਾ ਜੀ ਨਦੀ ਪਾਰ ਤਾਂ ਕਰ ਗਏ ਪਰ ਆਪਸ ਵਿਚ ਵਿਛੜ ਗਏ(ਹਨ੍ਹੇਰੇ ਕਾਰਨ)

ਗੁਰੂ ਜੀ ਚਮਕੌਰ ਕਸਬੇ ਇਕ ਹਵੇਲੀ ਵਿਚ ਜਾ ਬਿਰਾਜੇ ।



ਜਾਬਰ ਮੁਸਲਿਮ ਸੈਨਾ ਜਿਨ੍ਹਾਂ ਦੀ ਗਿਣਤੀ ਵੀ ਅਥਾਹ ਸੀ ਤੇ ਜਿਨ੍ਹਾਂ ਕੋਲ ਲੜਾਈ ਦਾ ਸਾਜ਼ੋ-ਸਾਮਾਨ ਵੀ ਬੇਅੰਤ ਸੀ,ਓਸ ਹਵੇਲੀ ਦੁਆਲੇ ਘੇਰਾ ਜਾਘੱਤਿਆ । ਗੁਰੂ ਜੀ ਦੇ ਸਾਰੇ ਸਾਥੀ ਤੇ ਦੋਵੇਂ ਵੱਡੇ ਸਾਹਿਬਜ਼ਾਦੇ ਵੀ ਓਸੇ ਲੜਾਈ ਦੀ ਭੇਂਟ ਚੜ੍ਹੇ ਤੇ ਗੁਰੂ ਜੀ ਆਪ ਰਾਤ ਦੇ ਹਨ੍ਹੇਰੇ ਓਸ ਹਵੇਲੀ ਤੋਂ ਬਾਹਰ ਨਿੱਕਲ ਗਏ ਤੇ ਕਿਸੇ ਪਠਾਣ ਮਿਤ੍ਰ ਦੇ ਘਰ ਪਨਾਹ ਲਈ ਤੇ ਹੌਲੀ ਹੌਲੀ ਮੁਕਤਸਰ ਵਲ ਚਲੇ ਗਏ ਤੇ ਓਥੇ ਥੋੜੇ ਬਹੁਤੇ ਹੋਰ ਸਿੰਘ ਇਕੱਠੇ ਕਰ,ਪਿਛਾ ਕਰਦੇ ਆ ਰਹੇ ਮੁਸਲਿਮ ਫੌਜ ਨਾਲ ਆਖਰੀ ਲੜਾਈ ਲੜੀ ਉਪ੍ਰੰਤ ਦੱਖਣ ਵੱਲ ਨਾਂਦੇੜ ਜਾ ਉਪੜੇ ।

ਗੁਰੂ ਜੀ ਨੂੰ ਗੋਦਾਵਰੀ ਦਰਿਆ ਦੇ ਕੰਢੇ ਇਹ ਥਾਂ ਬੜੀ ਸੋਹਣੀ ਲੱਗੀ ਤੇ ਓਥੇ ਗੁਰੂ ਜੀ ਦੀ ਮੁਲਾਕਾਤ ਬਾਬੇ ਬੰਦੇ ਨਾਲ ਵੀ ਹੋਈ। ਗੁਰੂ ਜੀ ਨੇ ਬਾਬੇ ਬੰਦੇ ਨੂੰ ਕੁਝ ਹਦਾਇਤਾਂ ਦੇਕੇ ਪੰਜਾਬ ਵੱਲ ਤੋਰ ਦਿੱਤਾ ਤੇ ਆਪ ਆਖਰੀ ਦਮ ਤਕ ਓਥੇ ਹੀ ਰਹੇ ।

ਗੁਰੂ ਜੀ ਨਾਲ ਓਥੇ ਥੋੜੇ ਜੇਹੇ ਸਿੰਘ ਤੇ ਦੋ ਕੁ ਪਠਾਣ ਅੰਗ੍ਰਰੱਖਿਯਕ ਸਨ । ਗੁਰੂ ਜੀ ਦੇ ਇਕ ਬਾਡੀਗਾਰਡ ਗੁਲ ਖਾਂ ਪਠਾਣ ਦੇ ਪਿਤਾ ਨੂੰ ਗੁਰੂ ਜੀ ਨੇ ਕਰਤਾਰਪੁਰ ਦੀ ਲੜਾਈ ਵਿਚ ਮਾਰਿਆ ਸੀ। ਪਤਾ ਨਹੀਂ ਕਿਉਂ ਉਹ ਗੁਲ ਖਾਂ ਪਠਾਣ ਭੜਕ ਪਿਆ ਤੇ ਓਹਨੇ ਆਪਣੇ ਪਿਤਾ ਦਾ ਬਦਲਾ ਲੈਣ ਲਈ,ਗੁਰੂ ਜੀ ਤੇ,ਜਦ ਓਹ ਸੁਖ-ਆਸਣ ਸਨ,ਤਲਵਾਰ ਦਾ ਵਾਰ ਕਰ ਦਿੱਤਾ।ਬੇਸ਼ੱਕ ਗੁਰੂ ਜੀ ਤੇ ਉਨ੍ਹਾਂ ਦੇ ਸਿੱਖਾਂ ਓਸ ਗੁਲ ਖਾਂ ਨੂੰ ਤਾਂ ਮਾਰ ਮੁਕਾਇਆ ਪਰ ਗੁਰੂ ਜੀ ਦਾ ਓਹ ਘਾਇਲ ਜ਼ਖਮ ਆਖਰ ਜਾਨ-ਲੇਵਾ ਸਾਬਤ ਹੋਇਆ।

ਓਸ ਗੁਲ ਖਾਂ ਦੀ ਕੁਲ ਦੇ ਪਠਾਣ,ਗੁਲ ਖਾਂ ਨੂੰ,ਨਮਕ-ਹਰਾਮ,ਵਿਸਾਹ-ਘਾਤੀ ਆਖ,ਥੂ ਥੂ ਕਰਦੇ ਕਾਫਿਰ ਆਖਦੇ ਹਨ,ਕਿਉਂ ਜੋ ਓਹਨੇ ਆਪਣੀ ਡਿਊਟੀ ਦਾ ਨਾਜਾਇਜ਼ ਫਾਇਦਾ ਲਿਆ ਤੇ ਮੁਸਲਿਮ ਪਠਾਣ-ਕੁਲ ਨੂੰ ਜ਼ਲੀਲ ਕਰਦਿਆਂ,ਇਕ ਨਾ ਭੁਲ ਸਕਣ ਵਾਲਾ ਕਾਲਾ ਦਾਗ ਲਾਇਆ ।

ਗੁਰੂ ਗੋਬਿੰਦ ਸਿੰਘ ਜੀ ਨੇ,ਆਖਰੀ ਸਮੇਂ ਜੋ ਸਿੱਖਾਂ ਨੂੰ ਹੁਕਮਨ-ਆਦੇਸ਼ ਦਿਤਾ,ਓਹ ਉਨ੍ਹਾਂ ਦੀ ਜ਼ਿੰਦਗੀ ਦੇ ਤਲਖ ਲੜਾਈ-ਤਜਰਬੇ ਤੇ ਆਧਾਰਤ ਸੀ। ਉਨ੍ਹਾਂ ਪਹਿਲੀਆਂ ਪਾਤਸ਼ਾਹੀਆਂ ਤੇ ਭਗਤਾਂ ਦੇ ਅੰਕਤ ਫੁਰਮਾਨਾਂ ਤੇ ਗੂੜ੍ਹਾ ਗੌਰ ਕਰਕੇ ਤੇ ਅਪਣੀ ਦਿਬ-ਦ੍ਰਿਸ਼ਟੀ ਨੂੰ ਓਸ ਇਲਾਹੀ ਜੋੜ ਨਾਲ ਜੋੜ,ਓਹਦਾ ਸਾਰਅੰਸ਼,ਥੋੜੇ ਜੇਹੇ ਲਫਜ਼ਾਂ ਵਿਚ ਅਪਣੇ ਸਿੱਖਾਂ ਨੂੰ ਦੱਸਿਆ ਤੇ ਉਨ੍ਹਾਂ ਅਗੋਂ ਸਰਬੱਤ ਖਾਲਸੇ ਤਕ ਉਪੜਦਾ ਕੀਤਾ ਕਿ,"ਮੇਰੇ ਪਿਛੋਂ ਅਗੋਂ ਤੁਹਾਡਾ ਸਿੱਖਾਂ ਦਾ ਕੋਈ ਦੇਹ-ਧਾਰੀ ਗੁਰੂ ਨਹੀਂ ਹੋਵੇਗਾ ਅਤੇ ਤੁਹਾਡਾ ਪੱਕਾ ਤੇ ਸਦੀਵੀ ਗੁਰੂ,ਆਦਿ ਗ੍ਰੰਥ ਹੋਵੇਗਾ। ਤੁਸੀਂ ਕਿਸੇ ਆਪਸੀ ਅੜਚਨ ਸਮੇਂ ਜੇ ਕੋਈ ਮੇਰਾ ਫੈਸਲਾ ਲੈਣਾ ਹੋਵੇਗਾ ਤਾਂ ਤੁਸੀਂ ਏਸ ਪਵਿਤ੍ਰ ਗ੍ਰੰਥ ਦੇ ਪੰਨਿਆਂ ਵਿਚੋਂ ਫੋਲਕੇ ਲਭ ਸਕੋਗੇ ਅਤੇ ਓਹ ਮੇਰੇ ਸਿੱਖਾਂ ਲਈ ਆਖਰੀ ਤੇ ਅਡੋਲ ਫੈਸਲਾ ਹੋਵੇਗਾ।"

ਦਸਵੇਂ ਗੁਰੂ ਜੀ ਦਾ,ਗੁਰ-ਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪਣ ਦਾ ਸਪਸ਼ਟ ਭਾਵ,ਸਿਖੀ ਵਿਚ ਆਖਰੀ ਤੇ ਸਦੀਵੀ ਤਬਦੀਲੀ ਲਿਆਉਣ ਦੀ ਭਾਵ ਸਿੱਖਾਂ ਦੀ ਯੁੱਧ-ਸੋਚਣੀ ਵਿਚ ਮੁੜ ਆਪਣੇ ਪੜਦਾਦੇ ਗੁਰੂ ਅਰਜਨ ਦੇਵ ਜੀ ਤਕ ਉਪਦੇਸ਼ੀ ਈਸ਼ਵਰ-ਭਗਤੀ ਵੱਲ ਪਹਾੜ ਜੇਡੀ ਚੇਂਜ ਹੈ ਸੀ,ਕਿਉਂ ਜੋ ਏਸ ਪਵਿੱਤਰ ਪੁਸਤਕ ਦੇ 1430 ਪੰਨਿਆਂ ਵਿਚ ਬਿਨਾਂ ਇਮਤਿਹਾਜ਼ ਮਜ਼ਬ੍ਹ,ਰੰਗ ਨਸਲ,ਭ੍ਰਾਤ੍ਰੀ ਪਿਆਰ,ਅਮਨ ਹਉਮੈ-ਤਿਆਗ,ਕੁਰਬਾਨੀ ਦਿਆਲਤਾ,ਖਿਮਾਂ,

ਨਾਮ-ਸਿਮਰਨ,ਭਾਵ ਸਾਰੀ ਸਰਿਸ਼ਟੀ ਦੀ ਮਨੁੱਖਤਾ ਨੂੰ ਇਕ ਟੱਬਰ ਦੇ ਪਿਆਰ-ਰਿਸ਼ਤੇ ਵਿਚ ਪਰੋ ਗੰਢਣ ਤੋਂ ਹੈ ।

ਦਸਵੇਂ ਪਾਤਸ਼ਾਹ ਜੇ ਅੱਗੋਂ ਆਪਣੇ ਸਿੱਖਾਂ ਨੂੰ ਯੁੱਧ-ਨੀਤੀ ਅਪਣਾਈ ਰੱਖਣ ਦਾ ਆਦੇਸ਼ ਦੇਣਾ ਹੁੰਦਾ ਤਾਂ ਓਹ ਨਿਸ਼ਚੇ ਹੀ ਗੁਰ-ਗੱਦੀ,ਆਦਿ-ਗ੍ਰੰਥ ਦੀ ਬਜਾਏ ਆਪਣੇ ਲਿਖੇ,ਦਸਮ-ਗ੍ਰੰਥ ਨੂੰ ਸੌਂਪਦੇ ਜੇਹੜਾ ਨਿਰਾ ਸੂਰਬੀਰਤਾ ਦੀਆਂ ਵਾਰਾਂ ਨਾਲ ਭਰਿਆ ਪਿਆ ਹੈ। ਏਥੋਂ ਤਕ ਕਿ ਜਦ ਉਨ੍ਹਾਂ ਆਦਿ ਗ੍ਰੰਥ ਵਿਚ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪਾਈ,ਉਨ੍ਹਾਂ ਰਹਿਤ-ਨਾਮਾ ਜਾਂ ਅੰਮ੍ਰਿਤ-ਛਕਣ ਦੀ ਸ਼ਰਤ ਵੀ ਗੁਰਸਿੱਖ ਲਈ ਏਸ ਵਿਚ ਦਰਜ ਨਾ ਕੀਤੀ। ਸਪਸ਼ਟ ਹੈ ਕਿ,ਏਸ ਬਾਣੀ ਦੇ ਅਥਾਹ ਸਮੁੰਦਰ ਨੂੰ,ਹਰ ਪ੍ਰਕਾਰ ਦੇ ਰੇਖ-ਭੇਖ ਤੋਂ ਆਜ਼ਾਦ ਰੱਖਿਆ ਤਾਂ ਕਿ ਹਰ ਜਾਤ-ਪਾਤ ਅਤੇ ਸੋਚਣੀ ਦੇ,ਦੇਸੀ ਅਤੇ ਪ੍ਰਦੇਸੀ,ਸ਼ਰਧਾਲੂ,ਕਿਸੇ ਪ੍ਰਕਾਰ ਦੇ ਬੰਧਨਾਂ ਵਿਚ ਬੱਝਣ ਤੋਂ ਬਗੈਰ,ਇਕ ਪਰਿਵਾਰ ਦੇ ਵਿਅਕਤੀ ਬਣ ਆਪਣੀ ਆਤਮਿਕ-ਸ਼ੁਧੀ ਲਈ ਵਰਤ ਸਕਣ ।

ਆਓ! ਅੱਜ ਆਪਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਫੁੱਲ ਚੜ੍ਹਾਉਂਦੇ,ਐਸ ਗੁਰੂ ਤੇ ਮੁਕੰਮਲ ਈਮਾਨ ਲਿਆਈਏ; ਨਾ ਹਿੰਸਾ ਪਰਚਾਰੀਏ,ਨਾ ਹਿੰਸਾ ਸੁਣੀਏ,ਨਾ ਹਿੰਸਾ ਤੇ ਵਿਸ਼ਵਾਸ ਕਰੀਏ। ਇਹ ਸਿਖਿਜ਼ਮ ਵਿਚ ਆਖਰੀ ਤੇ ਸਦੀਵੀ ਤਬਦੀਲੀ ਹੈ ਜੇਹੜੀ ਹਰ ਸਿੱਖ ਲਈ ਅਪਨਾਉਣੀ ਉਹਦੀ ਆਪਣੀ ਜਾਨ ਜਿੰਨੀ ਹੀ ਪਿਆਰੀ ਹੈ।

ਬਾਦਲ ਦਲ ਦੀ ਕਨਵੈਨਸ਼ਨ ਵਿਚ ਵੱਖਵਾਦੀ ਨਹੀਂ ਸੱਦੇ ਜਾਣਗੇ

ਪਟਿਆਲਾ— ਅਕਾਲੀ ਦਲ (ਬਾਦਲ)ਵਲੋਂ 10 ਫਰਵਰੀ ਨੂੰ ਅੰਮ੍ਰਿਤਸਰ ਮੰਜੀ ਸਾਹਿਬ ਵਿਖੇ ਆਯੋਜਿਤ ਕੀਤੀ ਜਾਣ ਵਾਲੀ ਵਿਸ਼ਵ ਸਿੱਖ ਕਨਵੈਨਸ਼ਨ 'ਚ 200 ਤੋਂ ਵੱਧ ਵਿਅਕਤੀਆਂ ਤੇ ਜਥੇਬੰਦੀਆਂ ਨੂੰ ਬਰਤਾਨੀਆ,ਅਮਰੀਕਾ ਤੇ ਕੈਨੇਡਾ ਸਮੇਤ ਵਿਦੇਸ਼ਾਂ ਤੋਂ ਸੱਦਿਆ ਜਾਵੇਗਾ ।

ਵਿਸ਼ਵ ਸਿੱਖ ਸੰਮੇਲਨ ਦੀ ਸੰਗਠਨ ਕਮੇਟੀ ਦੇ ਚੇਅਰਮੈਨ ਤੇ ਅਕਾਲੀ ਦਲ (ਬਾਦਲ) ਵਿਧਾਇਕ ਪਾਰਟੀ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਅਨੁਸਾਰ ਹੁਣ ਤਕ ਅਕਾਲੀ ਦਲ (ਲੌਂਗੋਵਾਲ) ਸਮੇਤ 32 ਜਥੇਬੰਦੀਆਂ ਨੂੰ ਸੱਦਾ ਪੱਤਰ ਭੇਜੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਨੂੰ ਨਹੀਂ ਸਗੋਂ ਉਪ ਪ੍ਰਧਾਨ ਨੂੰ ਸੱਦਾ ਪੱਤਰ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਸੁਰਜੀਤ ਸਿੰਘ ਬਰਨਾਲਾ ਨੂੰ 'ਸਿੱਖ' ਨਹੀਂ ਸਮਝਦੀ ਤੇ ਉਸ ਨੂੰ ਪੰਥ ਵਿਚੋਂ 'ਛੇਕੇ' ਜਾਣ ਦੀ ਮੰਗ ਕੀਤੀ ਹੈ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਸਪਸ਼ਟ ਕੀਤਾ ਕਿ ਵੱਖਵਾਦ ਦੇ ਹਮਾਇਤੀ ਡਾ:ਜਗਜੀਤ ਸਿੰਘ ਚੌਹਾਨ ਜਾਂ ਉਨ੍ਹਾਂ ਦੀ ਸੋਚ ਦੇ ਬੰਦਿਆਂ ਨੂੰ ਇਸ ਸੰਮੇਲਨ ਵਿਚ ਨਹੀਂ ਸੱਦਿਆ ਗਿਆ। ਉਨ੍ਹਾਂ ਕਿਹਾ ਕਿ ਸਿਰਫ ਉਨ੍ਹਾਂ ਜਥੇਬੰਦੀਆਂ ਨੂੰ ਬੁਲਾਇਆ ਜਾਵੇਗਾ ਜਿਹੜੀਆਂ ਭਾਰਤੀ ਸੰਵਿਧਾਨ ਵਿਚ ਵਿਸ਼ਵਾਸ ਰੱਖਦੀਆਂ ਹਨ ।

ਸ੍ਰੀ ਅਮਰਿੰਦਰ ਸਿੰਘ ਨੇ ਹੋਰ ਕਿਹਾ ਕਿ ਅਕਾਲ ਤਖਤ ਦਾ ਜਥੇਦਾਰ ਨਿਯੁਕਤ ਕਰਨ ਦਾ ਅਧਿਕਾਰ ਸਿਰਫ ਸ਼੍ਰੋਮਣੀ ਕਮੇਟੀ ਨੂੰ ਹੀ ਹੈ ਤੇ ਇਸ ਦੇ ਵਿਚ ਕਿਸੇ ਕਿਸਮ ਦਾ ਕੋਈ ਝਗੜਾ ਨਹੀਂ। ਇਹ ਜਵਾਬ ਉਨ੍ਹਾਂ ਨੇ ਇਹ ਸਵਾਲ ਪੁੱਛੇ ਜਾਣ 'ਤੇ ਦਿੱਤਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਗੁਰਜੀਤ ਸਿੰਘ ਧੜਾ) ਨੇ ਕਿਹਾ ਹੈ ਕਿ ਭਾਵੇਂ ਉਨ੍ਹਾਂ ਨੂੰ ਪ੍ਰੋ.ਦਰਸ਼ਨ ਸਿੰਘ ਰਾਗੀ ਦੀ ਅਕਾਲ ਤਖਤ ਦੇ ਜਥੇਦਾਰ ਵਜੋਂ ਨਿਯੁਕਤੀ ਤੇ ਕੋਈ ਇਤਰਾਜ਼ ਨਹੀਂ,ਫਿਰ ਵੀ ਸਰਬੱਤ ਖਾਲਸਾ ਵਲੋਂ ਗੁਰਦੇਵ ਸਿੰਘ ਮਾਨੋਚਾਹਲ ਨੂੰ ਅਕਾਲ ਤਖਤ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਸੀ। ਇਸ ਲਈ ਪ੍ਰੋ.ਦਰਸ਼ਨ ਸਿੰਘ ਨੂੰ ਸਰਬੱਤ ਖਾਲਸਾ ਦੀ ਮਨਜ਼ੂਰੀ ਲੈਣੀ ਚਾਹੀਦੀ ਹੈ ।

ਪੰਜਾਬ ਦੇ ਵਜ਼ੀਰਾਂ ਵੱਲੋਂ ਕੀਤੀ ਕੁਰਪਸ਼ਨ ਦੀ ਜਾਂਚ ਹੋਣ ਲੱਗੀ

ਚੰਡੀਗੜ੍ਹ — ਪੰਜਾਬ ਦੀ ਮੌਜੂਦਾ ਬਰਨਾਲਾ ਸਰਕਾਰ ਵਿਚ ਰਹਿ ਚੁੱਕੇ ਮੰਤਰੀਆਂ, ਕੁਝ ਮੌਜੂਦਾ ਕੈਬਨਿਟ ਅਤੇ ਰਾਜ ਮੰਤਰੀਆਂ ਅਤੇ ਬਾਦਲ ਅਕਾਲੀ ਦਲ ਦੇ ਕੁਝ ਨੇਤਾਵਾਂ ਵਲੋਂ ਬਣਾਈਆਂ ਜਾਇਦਾਦਾਂ ਦੀ ਕੁਝ ਕੇਂਦਰੀ ਗੁਪਤ ਏਜੰਸੀਆਂ ਜਾਂਚ ਕਰ ਰਹੀਆਂ ਹਨ। ਇਸ ਦੀ ਭਿਣਕ ਸ਼ਾਇਦ ਬਰਨਾਲਾ ਸਰਕਾਰ ਨੂੰ ਵੀ ਨਹੀਂ। ਇਕ ਸਰਕਾਰੀ ਗੁਪਤ ਏਜੰਸੀ ਦੇ ਅਧਿਕਾਰੀ ਤੋਂ ਪਤਾ ਲੱਗਾ ਹੈ ਕਿ ਕੋਈ 10 ਦੇ ਕਰੀਬ ਸਾਬਕ ਤੇ ਮੌਜੂਦਾ ਮੰਤਰੀਆਂ ਅਤੇ ਕੁਝ ਸਿਰਕੱਢ ਅਕਾਲੀ ਨੇਤਾਵਾਂ ਦੀ ਜਾਂਚ ਸਰਗਰਮੀ ਨਾਲ ਹੋ ਰਹੀ ਹੈ। ਸਮਝਿਆ ਜਾਂਦਾ ਹੈ ਕਿ ਇਨ੍ਹਾਂ ਨੇ ਲੱਖਾਂ ਰੁਪਏ ਦੀਆਂ ਬੇਨਾਮੀ ਜਾਇਦਾਦਾਂ ਬਣਾਈਆਂ ਹਨ। ਹਾਲਾਂ ਕਿ ਮੰਤਰੀ ਬਣਨ ਤੋਂ ਪਹਿਲਾਂ ਜਾਂ ਅਕਾਲੀ ਦਲ ਵਿਚ ਆਉਣ ਤੋਂ ਪਹਿਲਾਂ ਉਨ੍ਹਾਂ ਪਾਸ ਆਮਦਨ ਦਾ ਕੋਈ ਸਾਧਨ ਵੀ ਨਹੀਂ ਸੀ।

ਦੱਸਿਆ ਗਿਆ ਹੈ ਕਿ ਪੰਜਾਬ ਦੀਆਂ ਕੁਝ ਸਿਆਸੀ ਪਾਰਟੀਆਂ ਦੇ ਨੇਤਾਵਾਂ ਤੇ ਕੁਝ ਅਕਾਲੀ ਵਰਕਰਾਂ ਵਲੋਂ ਕੁਝ ਮੰਤਰੀਆਂ ਅਤੇ ਅਕਾਲੀ ਨੇਤਾਵਾਂ ਵਿਰੁੱਧ ਭ੍ਰਿਸ਼ਟਾਚਾਰ ਅਤੇ ਨਜਾਇਜ਼ ਜਾਇਦਾਦਾਂ ਬਨਾਉਣ ਦੇ ਇਲਜ਼ਾਮਾਂ ਵਾਲੇ ਦੋਸ਼-ਪੱਤਰ ਕੇਂਦਰ ਸਰਕਾਰ ਦੇ ਕੁਝ ਮੰਤਰੀਆਂ ਨੂੰ ਪੁਜੇ ਹਨ। ਇਨ੍ਹਾਂ ਮੰਗ ਪੱਤਰਾਂ ਅਤੇ ਮੰਗ ਪੱਤਰਾਂ ਵਿਚ ਦਿੱਤੇ ਗਏ ਵੇਰਵਿਆਂ ਦੇ ਆਧਾਰ ਉਤੇ ਹੀ ਇਨ੍ਹਾਂ ਗੁਪਤ ਏਜੰਸੀਆਂ ਨੇ ਆਪਣੀ ਜਾਂਚ ਪੜਤਾਲ ਸ਼ੁਰੂ ਕੀਤੀ ਹੈ। ਦੱਸਿਆ ਗਿਆ ਹੈ ਕਿ ਮੰਤਰੀਆਂ ਦੇ ਜਿਹੜੇ ਦੋਸ਼-ਪੱਤਰ ਕੇਂਦਰ ਸਰਕਾਰ ਨੂੰ ਭੇਜੇ ਗਏ ਹਨ, ਉਨ੍ਹਾਂ ਵਿਚ ਕੁਝ ਦਸਤਾਵੇਜ਼ੀ ਸਬੂਤ ਵੀ ਵੇਰਵੇ ਸਹਿਤ ਭੇਜੇ ਗਏ ਹਨ। ਮੁਹਾਲੀ ਵਿਚ ਕੁਝ ਮੰਤਰੀਆਂ ਦੀਆਂ ਬੇਨਾਮੀ ਬਣ ਰਹੀਆਂ ਕੋਠੀਆਂ ਦਾ ਵੀ ਇਨ੍ਹਾਂ ਮੰਗ ਪੱਤਰਾਂ ਵਿਚ ਜ਼ਿਕਰ ਕੀਤਾ ਗਿਆ ਹੈ।

ਜਾਪਾਨ 'ਚ 10 ਲੱਖ ਮਜ਼ਦੂਰ ਬੇਰੁਜ਼ਗਾਰ

ਟੋਕੀਓ — ਜਾਪਾਨ ਵਿਚ ਮਾਈਕਰੋ ਇਲੈਕਟਰਾਨਿਕਸ ਦੀ ਵੱਡੀ ਪੱਧਰ ਤੇ ਵਰਤੋਂ ਕਰਨ ਕਾਰਨ ਦੇਸ਼ ਵਿਚ ਬੇਰੁਜ਼ਗਾਰਾਂ ਦੀ ਗਿਣਤੀ ਵਧਣ ਦਾ ਖਤਰਾ ਪੈਦਾ ਹੋ ਗਿਆ ਹੈ। ਜਾਪਾਨ ਦੇ ਮਜ਼ਦੂਰ ਲੀਡਰਾਂ ਅਨੁਸਾਰ ਇਸ ਸਿਸਟਮ ਦੇ ਲਾਗੂ ਹੋਣ ਨਾਲ ਮਜ਼ਦੂਰਾਂ ਦੀ ਵੱਡੀ ਗਿਣਤੀ ਵਿਚ ਛਾਂਟੀ ਹੋਵੇਗੀ। ਇਸ ਛਾਂਟੀ ਨੂੰ ਰੋਕਣ ਲਈ ਮਜ਼ਦੂਰ ਜਥੇਬੰਦੀਆਂ ਵਲੋਂ ਮੁਹਿੰਮ ਚਲਾਈ ਜਾ ਰਹੀ ਹੈ। ਇਨ੍ਹਾਂ ਅਨੁਸਾਰ ਇਸ ਸਮੇਂ ਦੇਸ਼ ਵਿਚ 6 ਕਰੋੜ ਮਜ਼ਦੂਰ ਹਨ ਜਿਨ੍ਹਾਂ ਵਿਚੋਂ ਦਸ ਲੱਖ ਬੇਰੁਜ਼ਗਾਰ ਹਨ ਬਾਕੀਆਂ ਵਿਚੋਂ ਚਾਰ ਕਰੋੜ 30 ਲੱਖ ਤਨਖਾਹਦਾਰ ਮੁਲਾਜ਼ਮ ਹਨ। ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ 1980 ਵਿਚ ਦੋ ਫੀਸਦੀ ਸੀ ਜੋ 1984 ਵਿਚ ਵਧ ਕੇ 2.7 ਫੀਸਦੀ ਹੋ ਗਈ।


ਪਗੜੀ ਮਹਿੰਗੀ ਪਈ

ਲੰਡਨ — ਇਥੋਂ ਦਾ ਇਕ ਮੁੰਡਾ ਹੈਲਮੇਟ ਪਾਉਣ ਸਬੰਧੀ ਕਾਨੂੰਨ ਦੀ ਉਲੰਘਣਾ ਕਾਰਨ ਹੋਣ ਵਾਲੇ ਜ਼ੁਰਮਾਨੇ ਤੋਂ ਬਚਣ ਲਈ ਅਦਾਲਤ ਵਿਚ ਪਗੜੀ ਬੰਨ੍ਹ ਕੇ ਆ ਗਿਆ ਅਤੇ ਦਾਅਵਾ ਕੀਤਾ ਕਿ ਉਹ ਸਿੱਖ ਹੈ, ਇਸ ਲਈ ਉਸ 'ਤੇ ਹੈਲਮੇਟ ਵਾਲਾ ਕਾਨੂੰਨ ਲਾਗੂ ਨਹੀਂ ਹੁੰਦਾ। ਪਰ ਲਗਭਗ 8000 ਸਿੱਖਾਂ ਨੇ ਅਦਾਲਤ ਦੇ ਬਾਹਰ ਮੁਜ਼ਾਹਰਾ ਕਰਕੇ ਉਸ ਨੂੰ ਆਪਣਾ ਜੁਰਮ ਮੰਨਣ ਅਤੇ ਜੁਰਮਾਨਾ ਅਦਾ ਕਰਨ ਲਈ ਮਜਬੂਰ ਕਰ ਦਿੱਤਾ। ਜੌਹਨ ਗਰੇ ਨਾਮੀ ਇਸ ਮੁੰਡੇ ਨੇ ਦਾਅਵਾ ਕੀਤਾ ਕਿ ਉਸ ਨੇ ਸਿੱਖ ਹੋਣ ਦੀ ਗੱਲ ਮਜ਼ਾਕ ਵਜੋਂ ਕਹੀ ਸੀ ਪਰ ਮੈਜਿਸਟਰੇਟ ਨੇ ਉਸ ਦੇ ਮਜ਼ਾਕ ਨੂੰ ਮਜ਼ਾਕ ਵਜੋਂ ਨਹੀਂ ਲਿਆ ਅਤੇ ਉਸ ਨੂੰ ਜ਼ੁਰਮਾਨੇ ਦੇ ਨਾਲ ਨਾਲ 42 ਪੌਂਡ ਦੀ ਰਕਮ ਅਦਾਲਤੀ ਕਾਰਵਾਈ ਦੇ ਖਰਚੇ ਵਜੋਂ ਅਦਾ ਕਰਨ ਦਾ ਆਦੇਸ਼ ਦਿੱਤਾ।

ਸੰਤ ਭਿੰਡਰਾਂਵਾਲੇ ਦੇ ਭਰਾ ਨੂੰ ਗ੍ਰਿਫਤਾਰ ਕਰਨ 'ਤੇ ਚਿਤਾਵਨੀ

ਕੋਟਕਪੂਰਾ — ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵੱਡੇ ਭਾਈ ਕੈਪਟਨ ਹਰਚਰਨ ਸਿੰਘ ਰੋਡੇ ਨੂੰ ਤੀਜੀ ਵੇਰ ਫਿਰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਮੁੜ ਗ੍ਰਿਫਤਾਰੀ ਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸੀਨੀਅਰ ਆਗੂਆਂ ਭਾਈ ਸਤਵਿੰਦਰ ਸਿੰਘ ਭੋਲਾ, ਭਾਈ ਚਮਕੌਰ ਸਿੰਘ ਰੋਡੇ ਤੇ ਭਾਈ ਕੁਲਵੰਤ ਸਿੰਘ ਖੁਖਰਾਣਾ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਫੈਡਰੇਸ਼ਨ ਆਗੂਆਂ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਕੈਪਟਨ ਨੂੰ ਪਹਿਲੀ ਵੇਰ 6.11.86 ਨੂੰ ਉਨ੍ਹਾਂ ਦੇ ਪਿੰਡ ਰੋਡੇ ਤੋਂ ਗ੍ਰਿਫਤਾਰ ਕੀਤਾ ਗਿਆ। ਬਾਅਦ ਵਿਚ ਉਨ੍ਹਾਂ 'ਤੇ ਕੌਮੀ ਸੁਰੱਖਿਆ ਐਕਟ ਲਾ ਕੇ ਨਜ਼ਰਬੰਦ ਕਰ ਦਿਤਾ ਗਿਆ। ਸਲਾਹਕਾਰ ਬੋਰਡ ਨੇ ਸੁਣਵਾਈ ਉਪਰੰਤ 1.12.86 ਨੂੰ ਨਜ਼ਰਬੰਦੀ ਰੱਦ ਕਰ ਦਿੱਤੀ ਅਤੇ ਉਨ੍ਹਾਂ ਨੂੰ ਉਸੇ ਦਿਨ ਬਠਿੰਡਾ ਪੁਲਸ ਨੇ ਗੁਰਦੁਆਰਾ ਹਾਜੀ ਰਤਨ ਵਿਚ ਇਤਰਾਜ਼ਯੋਗ ਭਾਸ਼ਨ ਦੇਣ ਦੇ ਦੋਸ਼ ਵਿਚ ਮੁੜ ਗ੍ਰਿਫਤਾਰ ਕਰ ਲਿਆ ਤੇ ਅਦਾਲਤ ਨੇ 5 ਜਨਵਰੀ ਤੱਕ ਜੁਡੀਸ਼ਲ ਰਿਮਾਂਡ ਦੇ ਦਿੱਤਾ। ਉਪਰੰਤ 5 ਜਨਵਰੀ ਨੂੰ ਜ਼ਮਾਨਤ ਮਨਜ਼ੂਰ ਹੋ ਜਾਣ 'ਤੇ ਪਟਿਆਲਾ ਪੁਲੀਸ ਵਲੋਂ ਪਿੰਡ ਹਰਪਾਲਪੁਰ ਵਿਚ ਭਾਸ਼ਨ ਦੇਣ ਦੇ ਦੋਸ਼ ਵਿਚ ਫਿਰ ਗ੍ਰਿਫਤਾਰ ਕਰ ਲਿਆ ਗਿਆ।

ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਸਰਕਾਰ ਹਾਰੇ ਹੋਏ ਜੁਆਰੀਏ ਵਾਂਗ ਘਟੀਆ ਹਰਕਤਾਂ 'ਤੇ ਉਤਰ ਆਈ ਹੈ। ਉਨ੍ਹਾਂ ਚਿਤਾਵਨੀ ਦਿਤੀ ਕਿ ਸਰਕਾਰ ਇਨ੍ਹਾਂ ਹਰਕਤਾਂ ਤੋਂ ਬਾਜ਼ ਆਵੇ ਨਹੀਂ ਤਾਂ ਇਸ ਦੇ ਖਤਰਨਾਕ ਨਤੀਜੇ ਨਿਕਲਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਹਰਕਤਾਂ ਨਾਲ ਸਿੱਖਾਂ ਦਾ ਅਦਾਲਤਾਂ ਤੋਂ ਵਿਸ਼ਵਾਸ਼ ਖਤਮ ਹੁੰਦਾ ਜਾ ਰਿਹਾ ਹੈ ਜੋ ਕਿ ਦੇਸ਼ ਲਈ ਘਾਤਕ ਸਿੱਧ ਹੋਵੇਗਾ।



ਸਾਹਿਤ ਤੇ ਕਲਾ



ਕਹਾਣੀ

ਮੂਰਤੀ ਤੇ ਮਨੁੱਖ

ਅਨਿਤਾ ਪਦਮ

ਗੱਡੀ ਦੇ ਦੂਜੇ ਦਰਜੇ ਦੇ ਡੱਬੇ ਵਿਚ ਕਾਫੀ ਭੀੜ ਸੀ। ਹਰ ਸਟੇਸ਼ਨ 'ਤੇ ਭੀੜ ਵਧਦੀ ਜਾ ਰਹੀ ਸੀ। ਉਸ ਭੀੜ ਵਿਚ ਦਿਲ ਘਬਰਾ ਰਿਹਾ ਸੀ। ਬੜਾ ਅਕੇਵੇਂ ਭਰਿਆ ਸਫਰ ਸੀ । ਹਰ ਕਿਸੇ ਦੇ ਚਿਹਰੇ 'ਤੇ ਅਕੇਵਾਂ ਵੇਖਿਆ ਜਾ ਸਕਦਾ ਸੀ ਪਰ ਫੇਰ,ਇਕ ਸਟੇਸ਼ਨ 'ਤੇ ਡੱਬੇ ਵਿਚ ਇਕ ਅਜਿਹਾ ਬੰਦਾ ਸਵਾਰ ਹੋਇਆ ਕਿ ਉਹ ਅਕੇਵਾਂ ਗਾਇਬ ਹੋ ਗਿਆ। ਹਰ ਕੋਈ ਬੜੀ ਦਿਲਚਸਪੀ ਨਾਲ ਉਸ ਬੰਦੇ ਨੂੰ ਵੇਖਣ ਲੱਗਾ । ਖਾਸ ਦਿਲਚਸਪੀ ਉਸ ਦੇ ਹੱਥ ਵਿਚ ਫੜੀ ਹੋਈ ਉਸ ਥਾਲੀ ਕਰ ਕੇ ਸੀ,ਜਿਸ ਵਿਚ ਗਾਂਧੀ ਜੀ ਦੀ ਮੂਰਤੀ ਰੱਖੀ ਹੋਈ ਸੀ ।

ਹੋਰਨਾਂ ਬੰਦਿਆਂ ਦੇ ਉਲਟ,ਉਸ ਬੰਦੇ ਨੂੰ ਸੀਟ ਹਾਸਲ ਕਰਨ ਵਿਚ ਕੋਈ ਤਕਲੀਫ ਨਹੀਂ ਹੋਈ। ਡੱਬੇ ਵਿਚ ਚੜ੍ਹਨ 'ਤੇ ਉਹ ਕੁਝ ਹੀ ਅੱਗੇ ਵਧਿਆ ਸੀ ਕਿ ਇਕ ਬੰਦੇ ਨੇ ਉਸ ਨੂੰ ਬੈਠਣ ਲਈ ਥੋੜ੍ਹੀ ਜਿਹੀ ਥਾਂ ਦੇ ਦਿੱਤੀ । ਉਹ ਬਿਨ੍ਹਾਂ ਕਿਸੇ ਉਤਾਵਲ ਦੇ ਬੜੇ ਸਹਿਜ-ਭਾਵ ਨਾਲ ਬੈਠ ਗਿਆ ਤੇ ਉਸ ਨੇ ਬੜੀ ਨਿਰਮਾਣਤਾ ਨਾਲ ਉਸ ਬੰਦੇ ਦਾ ਧੰਨਵਾਦ ਕੀਤਾ ।

ਮੂਰਤੀ ਵਾਲੀ ਥਾਲੀ ਉਸ ਨੇ ਆਪਣੇ ਗੋਡਿਆਂ 'ਤੇ ਟਿਕਾਈ ਹੋਈ ਸੀ। ਉਹ ਚਾਂਦੀ ਦੀ ਚਮਕਦੀ ਹੋਈ ਥਾਲੀ ਸੀ,ਜਿਸ ਦੇ ਕੰਢੇ ਦੀ ਪੂਰੀ ਗੋਲਾਈ 'ਤੇ 'ਰਾਮ ਰਾਮ' ਲਿਖਿਆ ਹੋਇਆ ਸੀ ਅਤੇ ਥਾਲੀ ਦੇ ਵਿਚਕਾਰ ਜੋ ਮੂਰਤੀ ਰੱਖੀ ਹੋਈ ਸੀ,ਉਹ ਚਮਕਦੇ ਹੋਏ ਤਾਂਬੇ ਦੀ ਬਣੀ ਹੋਈ ਲਗਦੀ ਸੀ। ਗਾਂਧੀ ਜੀ ਦੀ ਅਜਿਹੀ ਮੂਰਤੀ ਮੈਂ ਪਹਿਲਾਂ ਕਦੇ ਨਹੀਂ ਸੀ ਵੇਖੀ। ਉਨ੍ਹਾਂ ਦੀ ਜ਼ਿੰਦਗੀ ਦੀ ਪੂਰੀ ਸਾਦਗੀ ਤੇ ਅਨੰਤ ਸ਼ਾਂਤੀ ਉਸ ਮੂਰਤੀ ਤੋਂ ਝਲਕਦੀ ਸੀ। ਉਸ ਦੇ ਗਲ ਵਿਚ ਪੰਜ-ਸੱਤ ਸੂਤੀ ਧਾਗਿਆਂ ਦੀ ਮਾਲਾ ਪਾਈ ਹੋਈ ਸੀ ।

ਉਸ ਬੰਦੇ ਦੇ ਵੀ ਚਿਹਰੇ 'ਤੇ ਸਾਦਗੀ ਅਤੇ ਸ਼ਾਂਤੀ ਸੀ । ਉਹ ਅਧਖੜ ਉਮਰ ਦਾ ਲਗਦਾ ਸੀ। ਉਸ ਨੇ ਮੋਟੇ ਖੱਦਰ ਦਾ ਕੁਰਤਾ ਪਾਇਆ ਹੋਇਆ ਸੀ ਅਤੇ ਉਸ ਤੋਂ ਵੀ ਮੋਟੇ ਖੱਦਰ ਦੀ ਧੋਤੀ ਬੰਨ੍ਹੀ ਹੋਈ ਸੀ ।

ਉਸ ਦੇ ਆਸ ਪਾਸ ਬੈਠੇ ਲੋਕ ਕਦੇ ਉਸ ਨੂੰ ਵੇਖਦੇ ਸਨ,ਕਦੇ ਉਸ ਦੀ ਮੂਰਤੀ ਨੂੰ ।

ਕੁਝ ਹੀ ਚਿਰ ਪਿਛੋਂ ਉਹ ਬੰਦਾ ਲੋਕਾਂ ਨਾਲ ਗੱਲਾਂ ਕਰਨ ਲੱਗਾ। ਉਸ ਦੀ ਸ਼ਾਂਤ,ਗੰਭੀਰ ਆਵਾਜ਼ ਸੀ ਅਤੇ ਉਹ ਨਾਪੇ-ਤੋਲੇ ਲਫਜ਼ਾਂ ਵਿਚ ਬੋਲ ਰਿਹਾ ਸੀ । ਉਸ ਦਾ ਗੱਲਾਂ ਕਰਨ ਦਾ ਅੰਦਾਜ਼ ਬਹੁਤ ਪ੍ਰਭਾਵਸ਼ਾਲੀ ਸੀ ।

"ਮੈਂ ਕੌਣ ਹਾਂ?"ਇਕ ਸਵਾਲ ਦੇ ਜਵਾਬ ਵਿਚ ਉਸ ਨੇ ਕਿਹਾ,"ਇਹ ਤਾਂ ਮੈਂ ਖੁਦ ਹੀ ਜਾਣ ਨਹੀਂ ਪਾਇਆ ਹਾਂ । ਉਂਜ,ਸਾਦਾ ਜਿਹਾ ਜਵਾਬ ਹੈ ਇਸ ਸਵਾਲ ਦਾ ਕਿ ਮੈਂ ਇਕ ਮਨੁੱਖ ਹਾਂ ।ਪਰ ਕੀ ਮੈਂ ਸਚਮੁੱਚ ਮਨੁੱਖ ਹਾਂ? ਕੀ ਮੈਂ ਸੱਚਮੁੱਚ ਮਨੁੱਖ ਕਹਾਉਣ ਦਾ ਹੱਕਦਾਰ ਹਾਂ? ਇਹ ਆਪਣੇ ਆਪ ਵਿਚ ਬਹੁਤ ਵੱਡਾ ਤੇ ਗਹਿਰਾ ਸਵਾਲ ਹੈ। ਮੈਂ ਵੀ ਖੁਦ ਤੋਂ ਕਈ ਵਾਰ ਇਹ ਸਵਾਲ ਪੁੱਛਿਆ ਹੈ ਪਰ ਸਹੀ ਜਵਾਬ ਨਹੀਂ ਪਾ ਸਕਿਆ ਹਾਂ ।

ਉਹ ਬਿੰਦ ਕੁ ਲਈ ਚੁੱਪ ਹੋ ਗਿਆ ਤੇ ਮੁਸਕਰਾਇਆ । ਉਸ ਦੀ ਮੁਸਕਰਾਹਟ ਬੜੀ ਪਿਆਰੀ ਸੀ ਤੇ ਉਸ ਵਿਚ ਹਲਕਾ ਜਿਹਾ ਵਿਅੰਗ ਸੀ ਉਹ ਜਿਵੇਂ ਖੁਦ 'ਤੇ ਮੁਸਕਰਾਇਆ ਸੀ ਤਦ ਉਸ ਨੇ ਇਕ ਨਜ਼ਰ ਮੂਰਤੀ ਵਲ ਵੇਖਿਆ ਤੇ ਫੇਰ ਲੋਕਾਂ ਵੱਲ ਨਜ਼ਰ ਚੁੱਕ ਕੇ ਕਿਹਾ;

"ਖੈਰ,ਅੰਦਰੋਂ ਮੈਂ ਕਿਥੋਂ ਤਕ ਮਨੁੱਖ ਹਾਂ ਤੇ ਕਿਥੋਂ ਤਕ ਨਹੀਂ ਹਾਂ,ਇਸ ਦਾ ਜਵਾਬ ਦੇਣਾ ਬਹੁਤ ਔਖਾ ਏ। ਪਰ ਹਾਂ,ਬਾਹਰੋਂ ਮੈਂ ਪੂਰੀ ਤਰ੍ਹਾਂ ਮਨੁੱਖ ਹੀ ਵਿਖਾਈ ਦਿੰਦਾ ਹਾਂ । ਤੇ ਮੇਰਾ ਖੱਦਰ ਦਾ ਲਿਬਾਸ ਇਸ ਗੱਲ ਦੀ ਗਵਾਹੀ ਹੈ ਕਿ ਮੈਂ ਕਾਂਗਰਸੀ ਹਾਂ । ਆਪਣੀ ਜਵਾਨੀ ਦੇ ਦਿਨਾਂ ਤੋਂ ਹੀ ਮੈਂ ਕਾਂਗਰਸੀ ਹਾਂ । ਪਰ ਮੈਂ ਪੁਰਾਣਾ ਕਾਂਗਰਸੀ ਹਾਂ-ਆਜ਼ਾਦੀ ਤੋਂ ਪਹਿਲਾਂ ਦਾ ਕਾਂਗਰਸੀ,ਜਿਸ ਦੀ ਗਾਂਧੀ ਜੀ ਨੇ ਕਲਪਨਾ ਕੀਤੀ ਸੀ ਅਤੇ ਜਿਸ ਦਾ ਉਹ ਖੁਦ ਇਕ ਆਦਰਸ਼ ਰੂਪ ਸਨ । ਇਕ ਕਾਂਗਰਸੀ ਦੀ ਹੈਸੀਅਤ ਵਿਚ ਮੈਂ ਮੁਲਕ ਦੀ ਆਜ਼ਾਦੀ ਦੀ ਮਹਾਨ ਲੜਾਈ ਵਿਚ ਮਾਮੂਲੀ ਜਿਹਾ ਹਿਸਾ ਪਾਇਆ ਸੀ ਤੇ ਦੋ ਵਾਰ ਜੇਲ੍ਹ ਵੀ ਕੱਟੀ ਸੀ । ਉਨ੍ਹੀਂ ਦਿਨੀਂ ਮੈਂ ਆਪਣੇ ਦਿਲ ਵਿਚ 'ਸੁਤੰਤਰ ਭਾਰਤ'ਦਾ ਸੁਪਨਾ ਵੇਖ ਰਿਹਾ ਸੀ ਤੇ ਉਸ ਨੂੰ ਅਸਲੀਅਤ ਦਾ ਰੂਪ ਦੇਣਾ ਚਾਹੁੰਦਾ ਸਾਂ । ਆਦਮੀ ਦੇ ਦਿਲ ਵਿਚ ਮਹਾਨ ਸੁਪਨਾ ਹੋਵੇ,ਤਾਂ ਉਹ ਗੋਲੀਆਂ ਦਾ ਸਾਹਮਣਾ ਵੀ ਕਰ ਸਕਦਾ ਹੈ,ਭਗਤ ਸਿੰਘ ਵਾਂਗ ਫਾਂਸੀ ਦੇ ਫੰਦੇ ਨੂੰ ਵੀ ਚੁੰਮ ਸਕਦਾ ਹੈ । ਅਖੀਰ,ਮੁਲਕ ਆਜ਼ਾਦ ਹੋ ਗਿਆ ਪਰ ਉਹ ਸੁਪਨਾ ਹਾਲੀ ਤਕ ਪੂਰੀ ਤਰ੍ਹਾਂ ਸਾਕਾਰ ਨਹੀਂ ਹੋ ਪਾਇਆ ਹੈ । ਉਹ ਜਿਵੇਂ ਵਿਚਕਾਰ ਹੀ ਟੁੱਟ ਕੇ ਅਧੂਰਾ ਰਹਿ ਗਿਆ ਹੈ । ਕਾਸ਼ ਅੱਜ ਬਾਪੂ ਜਿਉਂਦੇ ਹੁੰਦੇ ।

ਉਸ ਨੇ ਲੋਕਾਂ ਵਲੋਂ ਨਜ਼ਰ ਹਟਾ ਕੇ ਬੜੀ ਉਦਾਸ ਨਜ਼ਰ ਨਾਲ ਗਾਂਧੀ ਜੀ ਦੀ ਮੂਰਤੀ ਵੱਲ ਵੇਖਿਆ ਤੇ ਕੁਝ ਚਿਰ ਉਸੇ ਤਰ੍ਹਾਂ ਵੇਖਦਾ ਰਿਹਾ। ਲੋਕਾਂ 'ਤੇ ਉਸ ਦਾ ਡੂੰਘਾ ਪ੍ਰਭਾਵ ਪੈ ਰਿਹਾ ਸੀ। ਕੁਝ ਹੀ ਚਿਰ ਵਿਚ ਉਸ ਨੇ ਉਨ੍ਹਾਂ ਦੇ ਦਿਲਾਂ ਵਿਚ ਆਪਣੇ ਲਈ ਸ਼ਰਧਾ ਜਗਾ ਲਈ ਸੀ।

"ਤਾਂ ਕੀ ਉਹ ਸੁਪਨਾ ਹੁਣ ਪੂਰੀ ਤਰ੍ਹਾਂ ਸਾਕਾਰ ਨਹੀਂ ਹੋ ਪਾਏਗਾ?" ਕਿਸੇ ਨੇ ਪੁੱਛਿਆ ।

"ਕਿਉਂ ਨਹੀਂ ਹੋ ਪਾਏਗਾ । ਜ਼ਰੂਰ ਸਾਕਾਰ ਹੋਵੇਗਾ । ਉਸ ਲਈ ਮੁੜ ਕੇ ਕੁਰਬਾਨੀ ਦੀ ਲੋੜ ਹੈ । ਗਾਂਧੀ ਜੀ ਭਾਵੇਂ ਸਰੀਰਕ ਰੂਪ ਵਿਚ ਅੱਜ ਸਾਡੇ ਵਿਚਕਾਰ ਨਹੀਂ ਹਨ,ਪਰ ਉਨ੍ਹਾਂ ਦੀ ਆਤਮਾ ਹਾਲੀ ਵੀ ਜਿਉਂਦੀ ਹੈ ਤੇ ਮੁਲਕ 'ਚ ਭਟਕ ਰਹੀ ਹੈ । ਉਹੀ ਲੋਕਾਂ ਦੀ ਸੁੱਤੀ ਹੋਈ ਚੇਤਨਾ ਨੂੰ ਜਗਾਏਗੀ,ਤੇ ਤਦ ਮੁਲਕ ਇਕ ਨਵਾਂ ਪਾਸਾ ਪਰਤੇਗਾ । ਜਿਸ ਦਿਨ ਹਰ ਆਦਮੀ ਗਾਂਧੀ ਜੀ ਵਾਂਗ ਆਪਣੀ ਧਰਤੀ ਦਾ,ਜੋ ਕਿ ਮਾਂ ਹੈ,ਸੱਚਾ ਸਪੂਤ ਬਣ ਜਾਏਗਾ ਉਸ ਦਿਨ ਭਾਰਤ ਵਿਚ ਇਕ ਨਵੀਂ ਆਜ਼ਾਦੀ ਆਏਗੀ,ਤੇ ਇਸ ਮੁਲਕ ਵਿਚ ਸਚਮੁੱਚ ਦੁੱਧ ਘਿਓ ਦੀਆਂ ਨਦੀਆਂ ਵਗਣ ਲਗਣਗੀਆਂ ।"

"ਦੁੱਧ-ਘਿਓ ਦੀਆਂ ਨਦੀਆਂ ! ਹਾ...ਹਾ...ਹਾ" ਥੱਲੇ ਬੈਠੇ ਇਕ ਬੰਦੇ ਨੇ ਕਿਹਾ ਤੇ ਪਾਗਲਾਂ ਵਾਂਗ ਹੱਸਿਆ । "ਦੁੱਧ ਘਿਓ ਦੀਆਂ ਨਦੀਆਂ!ਮੈਂ ਉਨ੍ਹਾਂ ਵਿਚ ਨਹਾਵਾਂਗਾ । ਹਾ...ਹਾ...ਹਾ..."

ਸਾਰਿਆਂ ਦੀ ਨਜ਼ਰ ਉਸ ਬੰਦੇ ਵੱਲ ਗਈ । ਉਸ ਨੇ ਪਾਟੇ-ਪੁਰਾਣੇ ਕੱਪੜੇ ਪਾਏ ਹੋਏ ਸਨ ਤੇ ਉਹ ਬਹੁਤ ਗੰਦਾ ਵਿਖਾਈ ਦੇ ਰਿਹਾ ਸੀ। ਉਸ ਦੇ ਚਿਹਰੇ,ਧੌਣ ਅਤੇ ਹੱਥਾਂ 'ਤੇ ਮੈਲ ਜੰਮੀ ਹੋਈ ਸੀ। ਉਹ ਪਾਗਲ ਲਗਦਾ ਸੀ।

ਮੂਰਤੀ ਵਾਲਾ ਬੰਦਾ ਵੀ ਉਸ ਨੂੰ ਵੇਖ ਰਿਹਾ ਸੀ। ਉਸ ਦੀਆਂ ਅੱਖਾਂ ਵਿਚ ਤਰਸ ਦਾ ਭਾਵ ਸੀ ਅਤੇ ਨਾਲ ਹੀ ਇਕ ਸੰਸਾ ਵੀ,ਜਿਵੇਂ ਉਸ ਨੂੰ ਉਸ ਬੰਦੇ ਦੇ ਪਾਗਲ ਹੋਣ ਬਾਰੇ ਸ਼ੱਕ ਹੋਵੇ ।

ਤਦੇ ਸਾਹਮਣਲੀ ਸੀਟ 'ਤੇ ਬੈਠੀ ਤੀਵੀਂ ਦੀ ਗੋਦ ਵਿਚਲਾ ਬੱਚਾ ਮੂਰਤੀ ਨੂੰ ਫੜਨ ਲਈ ਉਲਰਿਆ । ਤੀਵੀਂ ਨੇ ਉਸ ਨੂੰ ਰੋਕਿਆ,ਪਰ ਉਹ ਫੇਰ ਉਲਰਿਆ । ਉਸੇ ਵੇਲੇ ਮੂਰਤੀ ਵਾਲੇ ਬੰਦੇ ਨੇ ਵੀ ਹੱਥ ਅੱਗੇ ਵਧਾ ਕੇ ਉਸਨੂੰ ਰੋਕਣਾ ਚਾਹਿਆ ਅਤੇ ਗੋਡਿਆਂ 'ਤੇ ਰੱਖੀ ਥਾਲੀ ਨੂੰ ਆਪਣੇ ਵੱਲ ਸਰਕਾਇਆ ।

ਉਹ ਪਾਗਲ ਹਾਲੀ ਵੀ ਆਪਣੇ ਖਿਆਲਾਂ ਵਿਚ ਦੁੱਧ-ਘਿਓ ਦੀਆਂ ਨਦੀਆਂ ਨੂੰ ਵੇਖਦਾ ਹੋਇਆ ਉਨ੍ਹਾਂ ਵਿਚ ਨਹਾਉਣ ਤੇ ਚੁੱਭੀਆਂ ਲਾਉਣ ਦੀਆਂ ਗੱਲਾਂ ਕਰਦਾ ਹੋਇਆ ਬਹੁਤ ਖੁਸ਼ ਨਜ਼ਰ ਆ ਰਿਹਾ ਸੀ।

ਮੂਰਤੀ ਵਾਲੇ ਬੰਦੇ ਦਾ ਧਿਆਨ ਉਸ ਵੱਲ ਵੀ ਸੀ ਅਤੇ ਬੱਚੇ ਵੱਲ ਵੀ ਜੋ ਲਲਚਾਈਆਂ ਹੋਈਆਂ ਨਜ਼ਰਾਂ ਨਾਲ ਮੂਰਤੀ ਵੱਲ ਵੇਖ ਰਿਹਾ ਸੀ।

ਇਕ ਵਾਰ ਫੇਰ ਜਦ ਬੱਚਾ ਮੂਰਤੀ ਵੱਲ ਵਧਿਆ ਤਾਂ ਉਸ ਬੰਦੇ ਨੇ ਉਸ ਦੀ ਮਾਂ ਨੂੰ ਕਿਹਾ, "ਭੈਣ,ਇਸ ਨੂੰ ਰਤਾ ਸਾਂਭ ਕੇ ਰੱਖ। ਇਸ ਨੂੰ ਕੋਈ ਖਿਡੌਣਾ ਜਾਂ ਹੋਰ ਚੀਜ਼ ਦੇ,ਤਾਂ ਜੋ ਇਸ ਮੂਰਤੀ ਵਲੋਂ ਇਸ ਦਾ ਧਿਆਨ ਹਟੇ। ਇਹ ਮੂਰਤੀ ਗਾਂਧੀ ਜੀ ਦੀ ਹੈ,ਸਿਰਫ ਇਸ ਕਰ ਕੇ ਹੀ ਨਹੀਂ,ਉਂਜ ਵੀ ਬਹੁਤ ਕੀਮਤੀ ਹੈ । ਮੈਂ ਇਸ ਨੂੰ ਕਈ ਮਹੀਨਿ ਆਂ ਦੀ ਮਿਹਨਤ ਨਾਲ ਬਣਾਇਆ ਹੈ।

ਜੇ ਇਸ ਨੂੰ ਵੇਚਾਂ ਤਾਂ ਬਹੁਤ ਵੱਡੀ ਕੀਮਤ ਪਾ ਸਕਦਾ ਹਾਂ। ਤੁਹਾਡੇ 'ਚੋਂ ਕਿਸੇ ਸੱਜਣ ਨੂੰ ਮੂਰਤੀ-ਕਲਾ ਦੀ ਪਰਖ ਹੋਵੇ ਤਾਂ ਇਸ ਦੀ ਕੀਮਤ ਦਾ ਅੰਦਾਜ਼ਾ ਲਾ ਸਕਦਾ ਹੈ। ਪਰ ਮੈਂ ਇਸ ਨੂੰ ਵੇਚਾਂਗਾ ਨਹੀਂ,ਕਿਉਂਕਿ ਇਹ ਗਾਂਧੀ ਜੀ ਨੂੰ ਵੇਚਣ ਵਾਲੀ ਗੱਲ ਹੋਵੇਗੀ । ਉਂਜ,ਅੱਜ ਮੁਲਕ ਵਿਚ ਬਹੁਤ ਸਾਰੇ ਅਜਿਹੇ ਲੋਕ ਹਨ,ਜੋ ਕਈ ਤਰੀਕਿਆਂ ਨਾਲ ਗਾਂਧੀ ਜੀ ਨੂੰ ਵੇਚ ਰਹੇ ਹਨ,ਆਪਣੀ ਧਰਤੀ ਮਾਂ ਨੂੰ ਵੇਚ ਰਹੇ ਹਨ। ਮੈਂ ਜੋ ਗਾਂਧੀ ਜੀ ਦੀਆਂ ਮੂਰਤੀਆਂ ਬਣਾਉਂਦਾ ਹਾਂ ਤਾਂ ਆਪਣੀ ਕਲਾਤਮਕ ਭੁੱਖ ਪੂਰੀ ਕਰਨ ਲਈ ਜਾਂ ਫੇਰ ਗਾਂਧੀ ਜੀ ਤੋਂ ਪ੍ਰੇਰਨਾ ਪਾਉਣ ਲਈ। ਉਂਜ ਮੈਂ ਆਪਣਾ ਢਿੱਡ ਭਰਨ ਲਈ ਹੋਰ ਵੀ ਕਈ ਕਿਸਮ ਦੀਆਂ ਮੂਰਤੀਆਂ ਬਣਾਉਂਦਾ ਹਾਂ। ਨਾਲ ਹੀ,ਗਾਂਧੀ ਜੀ ਦੀ ਮੂਰਤੀ 'ਤੇ ਵੀ ਕੰਮ ਕਰਦਾ ਰਹਿੰਦਾ ਹਾਂ ।

ਜਦ ਉਹ ਪੂਰੀ ਹੋ ਜਾਂਦੀ ਹੈ ਤਾਂ ਉਹ ਤੋਹਫੇ ਵਜੋਂ ਕਿਸੇ ਸੰਸਥਾ ਨੂੰ ਦੇ ਦਿੰਦਾ ਹਾਂ ਜੋ ਸਹੀ ਅਰਥਾਂ ਵਿਚ ਗਾਂਧੀ ਜੀ ਦੇ ਆਦਰਸ਼ਾਂ 'ਤੇ ਤੁਰਨ ਵਾਲੀ ਹੋਵੇ ।"

"ਇਹ ਮੂਰਤੀ ਤੁਸੀਂ ਕਿਥੇ ਲੈ ਕੇ ਜਾ ਰਹੇ ਹੋ?"ਕਿਸੇ ਨੇ ਪੁੱਛਿਆ।

"ਇਹ ਮੈਂ ਬੰਬਈ ਲੈ ਕੇ ਜਾ ਰਿਹਾ ਹਾਂ। ਉਥੇ ਕਸਤੂਰਬਾ ਜੀ ਗਾਂਧੀ ਜੀ ਦੀ ਧਰਮ ਪਤਨੀ ਦੇ ਨਾਂ 'ਤੇ ਤੀਵੀਆਂ ਦੀ ਇਕ ਸੰਸਥਾ ਨੇ ਇਕ ਸਕੂਲ 'ਕਸਤੂਰਬਾ ਬਾਲਕਾ ਵਿਦਿਆਪੀਠ' ਦੀ ਸਥਾਪਨਾ ਕੀਤੀ ਹੈ। ਉਸੇ ਨੂੰ ਭੇਟ ਕਰਨ ਲਈ ਇਹ ਮੂਰਤੀ ਲੈ ਕੇ ਜਾ ਰਿਹਾ ਹਾਂ। ਮੇਰਾ ਖਿਆਲ ਹੈ ਕਿ ਜਿਹੜਾ ਵੀ ਵਿਦਿਆਰਥੀ ਇਸ ਨੂੰ ਵੇਖੇਗਾ ਇਸ ਤੋਂ ਨਵੀਂ ਪ੍ਰੇਰਨਾ ਹਾਸਲ ਕਰੇਗਾ ।"

"ਦੁੱਧ-ਘਿਓ ਦੀਆਂ ਨਦੀਆਂ...ਹਾ-ਹਾ-ਹਾ..."ਥੱਲੇ ਬੈਠਾ ਪਾਗਲ ਆਪਣੇ ਹੀ ਖਿਆਲਾਂ ਵਿਚ ਗਵਾਚਾ ਹੋਇਆ ਕਹਿ ਰਿਹਾ ਸੀ। ਪਰ ਹੁਣ ਉਹ ਉਚੀ ਆਵਾਜ਼ ਵਿਚ ਨਹੀਂ ਸੀ ਬੋਲ ਰਿਹਾ ।

ਮੂਰਤੀ ਵਾਲੇ ਬੰਦੇ ਦੀ ਨਜ਼ਰ ਵਿਚ ਉਸ ਲਈ ਹੁਣ ਤਰਸ ਨਹੀਂ,ਸਿਰਫ ਸੰਸਾ ਸੀ । ਉਸ ਵੱਲ ਵੇਖ ਕੇ ਉਸ ਦੇ ਸ਼ਾਂਤ ਚਿਹਰੇ 'ਤੇ ਕਦੇ ਕਿਸੇ ਵੇਲੇ ਤਲਖੀ ਜਿਹੀ ਆਉਂਦੀ ਸੀ ।

ਸ਼ਾਮ ਹੋ ਗਈ ਸੀ । ਮੂਰਤੀ ਵਾਲਾ ਬੰਦਾ ਗਾਂਧੀ ਜੀ ਦਾ ਮਨਪਸੰਦ ਭਜਨ ਗਾਉਣ ਲੱਗਾ; "ਵੈਸ਼ਨਵਜਨ ਤੋ ਤੇਨੇ ਕਹੀਏ ਜੇ ਪੀੜ ਪਰਾਈ ਜਾਨੇ ਰੇ ।"ਉਸ ਦੇਨਾਲ ਬਾਕੀ ਸਾਰੇ ਜਣੇ ਵੀ ਗਾਉਣ ਲੱਗੇ ।

ਗੱਡੀ ਬੰਬਈ ਦੇ ਇਲਾਕੇ ਵਿਚ ਦਾਖਲ ਹੋ ਚੁੱਕੀ ਸੀ । ਲੋਕ ਆਪਣਾ ਆਪਣਾ ਸਮਾਨ ਸਾਂਭਦੇ ਹੋਏ ਉਤਰਨ ਦੀਆਂ ਤਿਆਰੀਆਂ ਕਰ ਰਹੇ ਸਨ ।

ਬੋਰਵਿਲੀ ਨਾ ਦੇ ਸਟੇਸ਼ਨ 'ਤੇ ਗੱਡੀ ਖੜ੍ਹੀ ਹੋਈ,ਤਾਂ ਕੁਝ ਲੋਕ ਉਤਰੇ ।

ਮੂਰਤੀ ਵਾਲਾ ਬੰਦਾ ਸ਼ਾਂਤ ਭਾਵ ਨਾਲ ਬੈਠਾ ਰਿਹਾ ।


ਤੁਸੀਂ ਕਿਥੇ ਉਤਰੋਂਗੇ?"ਕਿਸੇ ਨੇ ਉਸ ਨੂੰ ਪੁੱਛਿਆ ।

"ਬੰਬੇ ਸੈਂਟਰਲ" ।

ਦਾਦਰ ਸਟੇਸ਼ਨ ਆਉਣ 'ਤੇ ਅੱਧੇ ਤੋਂ ਜ਼ਿਆਦਾ ਲੋਕ ਉਤਰ ਗਏ ।

ਬਾਕੀ ਪੰਨਾ 26 'ਤੇ

ਦਹਿਸ਼ਤਪਸੰਦਾਂ ਦਾ ਪਿੱਛਾ ਨਾ ਕੀਤਾ-ਖਬਰ



ਚਲੋ ਸਰਕਾਰੀ ਪੈਟਰੋਲ ਤਾਂ ਬਚ ਗਿਆ

ਨਜ਼ਮ

ਹਨੇਰਾ

ਸੁਖਵਿੰਦਰ ਕੰਬੋਜ਼

ਮੈਂ ਜਿਸ ਹਨ੍ਹੇਰੇ ਦੀ ਗੱਲ ਕਰਦਾ ਹਾਂ
ਉਹ ਇਥੇ ਹੀ ਕਿਤੇ
ਪੰਜਾਂ ਪਾਣੀਆਂ ਦੀ ਧਰਤ ਤੇ
ਇਸ ਪਿਛਲੇ ਦਹਾਕੇ ਜਿਹੇ 'ਚ ਉਗਿਆ ਹੈ
ਉਂਜ ਭਾਰਤ ਦੇ ਰੰਗੀਨ ਤੱਟਾਂ ਤੇ
ਇਸ ਹਨ੍ਹੇਰੇ ਦੇ ਬੀਜ
ਗਾਂਧੀ ਤੇ ਹੈਡਗਵਾਰ ਨੇ ਜਥੇਬੰਦ ਰੂਪ 'ਚ ਬੀਜੇ ਸਨ
ਇਸ ਹਨ੍ਹੇਰੇ ਦੀ ਪਾਠਸ਼ਾਲਾ 'ਚ ਪੜ੍ਹਦੇ ਬਾਲਕ
ਇਤਿਹਾਸ ਦੀ ਗਰਕ ਰਹੀ ਦਲਦਲਾਹ ਫਾਥੇ ਹਨ
ਜਾਂ ਫਿਰ ਹਨ੍ਹੇਰੀ ਰਾਤ 'ਚ ਭਟਕੇ ਰਾਹੀ ਹਨ
ਜਿਨ੍ਹਾਂ ਦੇ ਬਚੇ ਖੁਚੇ ਹੰਕਾਰ ਨੂੰ
ਸਹਿਕ ਰਹੇ ਬਾਜ਼ਾਂ ਤੇ ਸੂਰਘ ਦੇ ਅਰਘ ਨੇ
ਅੰਤਾਂ ਦਾ ਖੁਆਰ ਕੀਤਾ ਹੈ
ਉਨ੍ਹਾਂ ਦੇ ਬਸਤੇ ਵਿਚ ਟੁੱਟ ਰਹੀ ਜਗੀਰਦਾਰੀ
ਦੀਆਂ ਮੋਰਨੀਆਂ ਹਨ
ਜਾਂ ਫਿਰ ਸਾਮਰਾਜੀ ਮੁਲਕਾਂ ਦਾ ਅਜ਼ਮਾਇਆ ਕੈਪਸੂਲ ਹੈ
ਜਿਸ ਅਧੀਨ ਤੀਸਰੀ ਦੁਨੀਆਂ ਦੇ
ਵਿਰੋਧਾਂ ਦੇ ਝੰਡਿਆਂ ਨੂੰ
ਧਰਮਾਂ ਵਿਚ ਵੰਡਿਆ ਜਾ ਸਕੇ
ਇਸ ਪਾਠਸ਼ਾਲਾ ਦੀਆਂ ਸਲੇਬਸ ਪੁਸਤਕਾਂ ਵਿਚ
ਭਾਈਚਾਰੇ ਦਾ ਰੌਂਅ ਨਹੀਂ
ਸਗੋਂ ਹਥਿਆਰਾਂ ਦੀ ਲੰਮੀ ਫਰਿਹਸਤ ਹੈ
ਪਰ ਹਨ੍ਹੇਰੇ ਦੇ ਗਾਡੀਵਾਨ ਸ਼ਾਇਦ ਨਹੀਂ ਜਾਣਦੇ
ਹਥਿਆਰ ਤੇ ਬਲਦੇ ਟਾਇਰ ਕਦੇ ਨਹੀਂ ਮਾਰ ਸਕਣਗੇ
ਮਨੁੱਖ ਦਾ ਸਦੀਆਂ ਬਲਦਾ ਵਿਸ਼ਵਾਸ
ਇਹ ਹਨ੍ਹੇਰਾ ਬੋਦੀ ਵਾਲਾ ਤਾਰਾ ਹੈ
ਜੋ ਅੰਨ੍ਹੀ ਸ਼ਰਧਾ ਦੇ ਅੰਬਰ ਤੇ ਚੜ੍ਹਿਆ ਹੈ
ਮਨੁੱਖ ਦਾ ਸੂਰਮਾ ਲਹੂ
ਕਦੋਂ ਤੀਕ ਇਸ ਹਨ੍ਹੇਰੇ ਤੋਂ ਡਰਿਆ ਰਹੂ
ਪਲਾਂ ਨੂੰ ਸਦੀ 'ਚ ਅਮਰ ਕਰਨ ਵਾਲਾ ਆਦਮ
ਕਦੋਂ ਤੀਕ ਡਰਿਆ ਜਿਹਾ ਬਾਣੀਆ ਬਣਿਆ ਰਹੂ
ਕਦੇ ਤਾਂ ਸੱਚ ਦਾ ਸੂਰਜ ਚੜ੍ਹੂ
ਜੋ ਸੀਤ ਨ੍ਹੇਰੇ ਦੀ ਸਾਜ਼ਿਸ ਨੂੰ ਮਾਤ ਪਾਊ
ਆਸ ਦੀ ਇਸੇ ਫੁੱਲਕਾਰੀ 'ਚ ਬੈਠਾ ਮੈਂ
ਲਗਾਤਾਰ ਲਿਖ ਰਿਹਾ ਹਾਂ

ਅਮਨ ਦੀ ਘੁੱਗੀ

ਸਟੀਫਨ ਗਿੱਲ

ਕਦੋਂ ਤੋਂ ਮੈਂ ਸੁਣ ਰਿਹਾ ਹਾਂ
ਅਮਨ ਦੀ ਘੁੱਗੀ ਛੇਤੀ ਛਡੀ ਜਾਏਗੀ
ਤੇ ਇਸ ਨੂੰ ਬਚਾਉਣ ਲਈ
ਗੱਡੀਆਂ ਜਾ ਰਹੀਆਂ ਨੇ ਤੋਪਾਂ
ਉਡਾਏ ਗਏ ਨੇ ਇੰਜ਼ਣ ਜਨਾਜ਼ਿਆਂ ਤੇ
ਗਿਧਾਂ ਛੱਡੀਆਂ ਨੇ ਮੌਤ ਦੀਆਂ
ਰੋਬਾਟ ਬਣ ਰਹੇ ਨੇ ਪਿਆਸੇ
ਖੇਡ ਰਹੇ ਨੇ ਖਿਡਾਰੀ ਅੱਗਾਂ ਨਾਲ
ਜ਼ੁਲਮ ਦਾ ਨਚਾਇਆ ਜਾ ਰਿਹਾ ਹੈ ਬੰਦਰ(ਜਾਨਵਰ)

ਕਦ ਤੋਂ ਮੈਂ ਸੁਣ ਰਿਹਾ ਹਾਂ
ਅਮਨ ਦੀ ਘੁੱਗੀ ਛੇਤੀ ਛੱਡੀ ਜਾਏਗੀ
ਤੇ ਇਸ ਨੂੰ ਉਡਾਨ ਲਈ
ਜਾ ਚੁੱਕੇ ਨੇ ਕੀਤੇ ਕਤਲ ਕਈ
ਲੁੱਟਿਆ ਹੈ ਬਹੁਤੀਆਂ ਦਾ ਸਹਾਰਾ
ਕਈ ਅੰਨ੍ਹੇ ਤੇ ਲੂਲੇ ਹੋਏ ਨੇ
ਕਈ ਖਾਬ ਖਤਮ ਹੋਏ ਨੇ
ਖਾਲੀ ਹੋਈਆਂ ਨੇ ਗੋਦਾਂ ਮਾਵਾਂ ਦੀਆਂ
ਕੀਤਾ ਹੈ ਕੁਰਬਾਨ ਅੱਜ ਦਾ ਅਰਾਮ

ਕਦ ਤੋਂ ਮੈਂ ਸੁਣ ਰਿਹਾ ਹਾਂ
ਅਮਨ ਦੀ ਘੁੱਗੀ ਛੇਤੀ ਛੱਡੀ ਜਾਏਗੀ
ਤੇ ਇਸ ਨੂੰ ਜਗਾਉਣ ਲਈ
ਜੇ ਥੋੜੀ ਤਰੱਕੀ ਹੋਰ ਕਰੀਏ
ਜੇ ਨਫਰਤਾਂ ਨਾਲ ਘਰ ਸਜਾਈਏ
ਕੁਝ ਨਿਊਨ ਬੰਬ ਹੋਰ ਬਣਾਈਏ
ਨਿਊਨ ਦੀ ਕੁਝ ਗੱਲ ਖਿਲਾਈਏ
ਜੇ ਧੂੰਏਂ ਵਿਚ ਤੋੜ ਦੇਣ ਇਨਸਾਨ ਆਪਣਾ ਦਮ
ਕਰ ਦੇ ਸ਼ਰੇ ਬਜ਼ਾਰ ਕਲ੍ਹ ਆਪਣੇ ਨੂੰ ਨਿਲਾਮ
ਜੇ ਜ਼ਮੀਨ ਸਭ ਨੂੰ ਜ਼ਿੰਦਾ ਖਾ ਜਾਏ
ਘੁੱਗੀ ਹੋ ਜਾਵੇਗੀ ਹਮੇਸ਼ਾ ਲਈ ਅਜ਼ਾਦ

ਪੰਨਾ 5 ਦੀ ਬਾਕੀ

ਫੇਰ,ਜਦ ਗੱਡੀ ਤੁਰੀ ਤਾਂ ਮੈਂ ਆਪਣੇ ਕੋਲ ਦੋ ਨਵੇਂ ਮੁਸਾਫਰਾਂ ਨੂੰ ਬੈਠਦਿਆਂ ਵੇਖਿਆ। ਲੋਕਲ ਗੱਡੀ ਦੀ ਥਾਂ ਉਨ੍ਹਾਂ ਦਾ ਉਸ ਗੱਡੀ ਵਿਚ ਸਵਾਰ ਹੋਣਾ ਕੁਝ ਅਜੀਬ ਜਿਹਾ ਲੱਗਾ। ਮੂਰਤੀ ਵਾਲੇ ਬੰਦੇ ਨੂੰ ਵੇਖ ਕੇ ਹੈਰਾਨੀ ਹੋਈ ਹੋਵੇਗੀ,ਕਿਉਂਕਿ ਉਸ ਦੇ ਚਿਹਰੇ ਦਾ ਭਾਵ ਬਦਲਿਆ ਹੋਇਆ ਸੀ। ਉਸ 'ਤੇ ਘਬਰਾਹਟ ਦਾ ਭਾਵ ਵੀ ਸੀ। ਤਦੇ ਉਹ ਜਿਵੇਂ ਉਤਰਨ ਦੀ ਤਿਆਰੀ ਕਰਦਾ ਹੋਇਆ ਉਠਿਆ। ਪਰ ਉਨ੍ਹਾਂ ਦੋ ਨਵੇਂ ਬੰਦਿਆਂ ਨੇ ਉਸ ਨੂੰ ਰੋਕਦਿਆਂ ਕਿਹਾ,"ਰਤਾ ਠਹਿਰੋ। ਬਾਂਬੇ ਸੈਂਟਰਲ ਹਾਲੀ ਨਹੀਂ ਆਇਆ ਹੈ।"

ਹੁਣ ਉਸ ਬੰਦੇ ਦੇ ਚਿਹਰੇ 'ਤੇ ਹੋਰ ਵੀ ਜ਼ਿਆਦਾ ਘਬਰਾਹਟ ਆਈ ਤੇ ਉਨ੍ਹਾਂ ਬੰਦਿਆਂ ਵੱਲ ਲਾਪਰਵਾਹੀ ਵਿਖਾਉਂਦਿਆਂ ਉਹ ਅੱਗੇ ਵਧਿਆ ਤਦੇ ਉਨ੍ਹਾਂ ਬੰਦਿਆਂ 'ਚੋਂ ਇਕ ਨੇ ਉਸਨੂੰ ਬਾਹੋਂ ਫੜਦਿਆਂ ਬੈਠਾ ਲਿਆ

"ਏਨੀ ਕਾਹਲੀ ਕਿਉਂ? ਅਸੀਂ ਆਏ ਹਾਂ ਤੁਹਾਨੂੰ ਲੈਣ।"

"ਤੁਸੀਂ ਕੌਣ ਹੋ?"ਉਸ ਨੇ ਗੁੱਸੇ ਨਾਲ ਪੁੱਛਿਆ।

ਉਨ੍ਹਾਂ 'ਚੋਂ ਇਕ ਬੰਦੇ ਨੇ ਆਪਣੀ ਜੇਬ 'ਚੋਂ ਇਕ ਕਾਰਡ ਕੱਢ ਕੇ ਉਸ ਨੂੰ ਵਿਖਾਇਆ। ਉਹ ਖੁਫੀਆ ਪੁਲੀਸ ਦਾ ਬੰਦਾ ਸੀ।

ਲੋਕ ਭਾਵੇਂ ਉਤਰਨ ਲਈ ਉਤਾਵਲੇ ਸਨ ਪਰ ਉਸ ਵੇਲੇ ਉਹ ਅਚਾਨਕ ਰੁਕ ਗਏ ਅਤੇ ਆਪਸ ਵਿਚ ਘੁਸਰ-ਮੁਸਰ ਕਰਨ ਲੱਗੇ। ਫੇਰ,ਕੁਝ ਹੀ ਚਿਰ ਵਿਚ ਉਥੇ ਉਨ੍ਹਾਂ ਦੀ ਭੀੜ ਲੱਗ ਗਈ।

"ਸੱਚੇ ਕਾਂਗਰਸੀਆਂ ਨੂੰ ਅੱਜ ਵੀ ਪੁਲੀਸ ਫੜ ਰਹੀ ਹੈ।"ਕਿਸੇ ਨੇ ਕਿਹਾ।

"ਸੱਚੇ ਕਾਂਗਰਸੀਆਂ ਨੂੰ ਨਹੀਂ"ਉਨ੍ਹਾਂ ਦੇ ਬੰਦਿਆਂ 'ਚੋਂ ਇਕ ਨੇ ਕਿਹਾ,"ਸਗੋਂ ਅਫੀਮ ਦਾ ਧੰਧਾ ਕਰਨ ਵਾਲਿਆਂ ਨੂੰ। ਗਾਂਧੀ ਜੀ ਦੀ ਇਹ ਮੂਰਤੀ ਅਫੀਮ ਦੀ ਬਣੀ ਹੋਈ ਹੈ।"

ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਦੀ ਵਿਸ਼ੇਸ਼ ਮੀਟਿੰਗ



ਫੋਟੋ ਵਿਚ : ਸਵਰਨ ਕੰਗ, ਕਰਮਜੀਤ ਗਰੇਵਾਲ, ਈਸ਼ਰ ਸਿੰਘ ਮੋਮਨ, ਦਰਸ਼ਨ ਗਿੱਲ, ਰਾਬਿੰਦਰ ਸਿੰਘ ਅਟਵਾਲ, ਸੰਤੋਖ ਗਿੱਲ ਤੇ ਮਾਦਪੁਰੀ

ਯੂਬਾ ਸਿਟੀ : ਪਿਛਲੇਰੇ ਹਫਤੇ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ 'ਕੈਨੇਡਾ ਦਰਪਣ' ਦੇ ਮੁਖ ਸੰਪਾਦਕ ਦਰਸ਼ਨ ਗਿੱਲ ਅਤੇ ਪ੍ਰਸਿੱਧ ਗਾਇਕ ਕਰਮਜੀਤ ਸਿੰਘ ਗਰੇਵਾਲ ਸ਼ਾਮਲ ਹੋਏ।

ਸਭਾ ਦੇ ਰੂਹੇ-ਰਵਾਂ ਜਸਪਾਲ ਸੂਸ ਦੀ ਹਿੰਮਤ ਕਾਰਨ ਥੋੜ੍ਹੇ ਨੋਟਿਸ ਉਤੇ ਹੀ ਇਸ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਈਸ਼ਰ ਸਿੰਘ ਮੋਮਨ ਨੇ ਆਪਣੀਆਂ ਗ਼ਜ਼ਲਾਂ ਪੇਸ਼ ਕੀਤੀਆਂ। ਰਾਬਿੰਦਰ ਸਿੰਘ ਅਟਵਾਲ ਨੇ ਕਹਾਣੀ, ਸੰਤੋਖ ਗਿੱਲ ਨੇ ਕਵਿਤਾਵਾਂ ਤੇ ਜਸਪਾਲ ਸੂਸ ਨੇ ਗੀਤ ਪੇਸ਼ ਕੀਤੇ। ਕਰਮਜੀਤ ਗਰੇਵਾਲ ਨੇ ਪੰਜਾਬੀ ਗੀਤਾਂ ਨਾਲ ਰੰਗ ਬੰਨ੍ਹਿਆ। ਦਰਸ਼ਨ ਗਿੱਲ ਨੇ ਆਪਣੀਆਂ ਨਵੀਆਂ ਨਜ਼ਮਾਂ ਪੇਸ਼ ਕੀਤੀਆਂ।

ਇਨਕਲਾਬੀ ਕਵੀ ਪਾਸ਼ ਅਮਰੀਕਾ ਵਿਚ



ਪੰਜਾਬੀ ਦੇ ਪ੍ਰਸਿੱਧ ਇਨਕਲਾਬੀ ਕਵੀ ਪਾਸ਼ ਅੱਜ ਕੱਲ੍ਹ ਕੈਲੇਫੋਰਨੀਆ ਵਿਚ ਹਨ। ਗੀਤਕਾਰ ਜਸਪਾਲ ਸੂਸ ਤੇ ਪੰਜਾਬੀ ਕਵੀ ਦਰਸ਼ਨ ਗਿੱਲ ਪਾਸ਼ ਹੋਰਾਂ ਨਾਲ

ਦੋ ਗ਼ਜ਼ਲਾਂ

ਹਰਭਜਨ ਸਿੰਘ ਹੁੰਦਲ

ਸਿਖਰ ਦੁਪਹਿਰੇ ਪੈਂਛੜ ਸੁਣਦੀ
ਕੰਧੋਂ ਪਾਰ ਹਨੇਰੇ ਦੀ।
ਜਾ ਕੇ ਕਿਹੜਾ ਖ਼ਬਰ ਲਿਆਵੇ
ਸਾਡੇ ਸੁਰਖ ਸਵੇਰੇ ਦੀ।

ਝੱਖੜ ਝੁੱਲੇ,ਤੀਲਾ ਤੀਲਾ
ਖਿੰਡਿਆ ਵਿੱਚ ਉਜਾੜਾਂ ਦੇ
ਕਸਕ ਕਲੇਜੇ ਪੈਂਦੀ ਰਹਿੰਦੀ
ਉਜੜੇ ਰੈਣ-ਬਸੇਰੇ ਦੀ

ਅਸੀਂ ਨਾ ਕੋਈ 'ਨਾਦਰ', 'ਨੀਰੂ'
ਸ਼ਹਿਰ ਜਲੇ ਤੇ ਖੁਸ਼ ਹੋਈਏ
ਸੰਝ ਸਵੇਰੇ,ਸੁੱਖ ਮਨਾਈਏ
ਵਿਹੜੇ ਤੇਰੇ,ਮੇਰੇ ਦੀ।

ਚਿਰ ਹੋਇਆ ਮਿੱਤਰਾਂ ਦਾ ਸਾਨੂੰ
ਸੁੱਖਸੁਨੇਹੜਾ ਨਾ ਆਇਆ
ਚੂਰੀ ਪਾਈ,ਕਾਂਗ ਉਡਾਏ
ਮੰਗੀਏ ਖ਼ੈਰ ਬਨੇਰੇ ਦੀ।

ਵਿਚ ਹਨੇਰੀ,ਕਿੰਝ ਇਕੱਲਾ
ਰਿਹਾ ਅਡੋਲ ਖਲੋਤਾ ਸੀ,
ਗਲੀ ਗਲੀ ਹੈ ਗੱਲਾਂ ਕਰਦੀ
ਗੁੱਲਮੋਹਰ ਦੇ ਜੇਰੇ ਦੀ।

ਸ਼ਬਦਾਂ ਦਾ ਵੀ ਰੰਗਾਂ ਵਾਂਗੂੰ
ਮੁੱਲ ਤਾਰਨਾ ਪੈਂਦਾ ਹੈ,
ਜੋ ਵੀ ਮੰਗਣ,ਝੋਲੀ ਪਾਈਂ
ਰੱਖੀ ਬਿੜਕ ਚੁਫੇਰੇ ਦੀ।

ਲਹੂ ਭਿੱਜੀ ਪੌਣ ਅੰਦਰ,ਗੀਤ ਰੋਇਆ,ਸਿਸਕਿਆ,
ਬੀਜਿਆ ਬਾਰੂਦ ਹੱਥੀਂ, ਫੁੱਲ ਕਿਥੋਂ ਉੱਗਿਆ।
ਮੰਨਿਆ ਤੂੰ ਨਿਕਲਿਆਂ ਏ,ਤਲੀ ਤੇ ਖੰਜਰ ਟਿਕਾ,
ਖੰਜਰਾਂ ਨੇ ਕਦ ਭਲਾ ਹੈ,ਨਕਸ਼ ਕੋਈ ਸਿਰਜਿਆ।
ਚਾਰ ਪੈੜਾਂ ਨਾਲ ਤੇਰੇ,ਜੇ ਕੋਈ ਵੀ ਚੱਲਿਆ,
ਵੇਖਿਆ ਜਾਂ ਕੋਲ ਹੋ ਕੇ,ਤਾਂ ਛਲੇਡਾ ਨਿੱਕਲਿਆ।
ਸੂਰਮਾ ਮਿਰਜ਼ਾ ਬੜਾ ਸੀ,ਮਾਣ ਤੀਰਾਂ ਤੇ ਬੜਾ,
ਬਿਨਾਂ ਵੀਰਾਂ,ਮਿੱਤਰਾਂ ਦੇ,ਜੰਡ ਹੇਠਾਂ ਟੁੱਕਿਆ।
ਤੇਰਿਆਂ ਸ਼ਬਦਾਂ ਚੋਂ ਲੱਭਾਂ,ਅਰਥ ਵਰਗੀ ਰੌਸ਼ਨੀ,
ਵਧ ਰਿਹਾ ਦੋਹਾਂ ਵਿਚਾਲੇ,ਹਰ ਘੜੀ ਕਿਉਂ ਫਾਸਲਾ।
ਨਕਸ਼ ਤੇਰੇ,ਸੁਪਨਿਆਂ ਦੇ ਰੰਗ ਨਾਲੋਂ ਵੱਖਰੇ,
ਜਿਵੇਂ ਸ਼ੀਸ਼ਾ ਫਰਸ਼ ਉਤੇ,ਡਿੱਗ ਹੋਵੇ ਤਿੜਕਿਆ।
ਰੌਸ਼ਨੀ ਨੂੰ ਕਤਲ ਕਰਨੇ ਦਾ ਭੁਲੇਖਾ ਖੂਬ ਹੈ!
ਰੌਸ਼ਨੀ ਜੋ ਕਤਲ ਕਰਦਾ,ਰਾਹ ਵਿਚਾਲੇ ਡਿੱਗਿਆ।

ਦੋਸ਼ੀ ਕੌਣ ਹੈ?

ਜਨਵਰੀ 1985

ਹਰਬੀਰ ਸਿੰਘ ਭੰਵਰ

ਹਰ ਗੁਰਸਿਖ ਪ੍ਰਵਾਰ। ਵਿਚ ਹਰ ਬੱਚਾ ਬੜਾ ਹੀ ਮਹਾਨ ਅਤੇ ਅਮੀਰ,ਵਿਰਸਾ ਲੈ ਕੇ ਜਨਮਦਾ ਹੈ।

ਦਸ ਗੁਰੂ ਸਾਹਿਬਾਨ,ਪੰਜ ਪਿਆਰੇ,ਚਾਰ ਸਾਹਿਬਜ਼ਾਦੇ,ਚਾਲੀ ਮੁਕਤੇ,ਹਠੀ ਜਪੀ,ਤਪੀ,ਜਿਹਨਾਂ ਨਾਮ ਜਪਿਆ,ਵੰਡ ਛਕਿਆ,ਤੇਗ ਚਲਾਈ,ਤੇਗ ਵਾਹੀ,ਦੇਖ ਕੇ ਅਣਡਿੱਠ ਕੀਤਾ,ਜਿਹਨਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ,ਬੰਦ-ਬੰਦ ਕਟਾਏ,ਖੋਪਰੀਆਂ ਲੁਹਾਈਆਂ,ਚਰਖੜੀਆਂ ਤੇ ਚੜ੍ਹੇ,ਆਰਿਆਂ ਨਾਲ ਚਿਰਾਏ ਗਏ,ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ,ਧਰਮ ਨਹੀਂ ਹਾਰਿਆ,ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ—ਹਰ ਸਿਖ ਬੱਚੇ ਵੀ ਵਿਰਾਸਤ ਸਨ।

ਛੋਟੇ ਹੁੰਦੇ ਸਾਂ ਤਾਂ ਆਪਣੇ ਵੱਡੇ ਵਡੇਰਿਆਂ ਤੋਂ ਕਹਾਣੀਆਂ ਕਥਾਵਾਂ ਸੁਣਦੇ ਸਾਂ ਕਿ ਕਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ,ਪਰ ਉਨ੍ਹਾਂ ਪਰਮਾਤਮਾ ਦੇ ਭਾਣੇ ਨੂੰ ਮਿਠਾ ਕਰਕੇ ਮੰਨਿਆ-ਕਿਵੇਂ ਕਸ਼ਮੀਰੀ ਪੰਡਤਾਂ ਦੀ ਫਰਿਆਦ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 'ਤਿਲਕ ਅਤੇ ਜੰਞੂ' ਦੀ ਰਾਖੀ ਲਈ ਆਪਣੀ ਮਹਾਨ ਸ਼ਹਾਦਤ ਦਿਤੀ ਅਤੇ 'ਹਿੰਦ ਦੀ ਚਾਦਰ'ਕਹਲਾਏ। ਸੁਣਦੇ ਸੀ ਕਿ ਕਿਵੇਂ ਦੋ ਮਾਸੂਮ ਜਿੰਦਾਂ-ਛੋਟੇ ਸਾਹਿਬਜ਼ਾਦਿਆਂ ਨੂੰ ਆਪਣਾ ਧਰਮ ਨਾ ਛੱਡਣ ਕਾਰਨ ਜਿੰਦਾ ਹੀ ਕੰਧ ਵਿਚ ਚਿਣਵਾ ਦਿੱਤਾ ਗਿਆ।

ਕਥਾਵਾਂ ਸੁਣਦੇ ਸਾਂ ਕਿ ਕਿਵੇਂ ਸਮੇਂ ਦੀ ਜ਼ਾਲਮ ਸਰਕਾਰ ਨੇ ਸਿੰਘਾਂ ਦੇ ਬੰਦ-ਬੰਦ ਕੱਟੇ,ਖੋਪਰੀਆਂ ਲਾਹੀਆਂ,ਉਨ੍ਹਾਂ ਨੂੰ ਆਰਿਆਂ ਨਾਲ ਚੀਰਿਆ-ਚਰਖੜੀਆਂ ਤੇ ਚਾੜ੍ਹਿਆ,ਬੱਚਿਆਂ ਦੇ ਟੁਕੜੇ ਟੁਕੜੇ ਕਰ ਕੇ ਮਾਵਾਂ ਦੇ ਗਲਾਂ ਵਿਚ ਪਾਏ। ਸਿੰਘਾਂ,ਦੇ ਸਿਰਾਂ ਦੇ ਮੁੱਲ ਪਾਏ ਗਏ-ਆਦਿ ਆਦਿ ਤੇ ਹੋਰ ਏਸੇ ਤਰ੍ਹਾਂ ਦੀਆਂ ਕਹਾਣੀਆਂ ਹਨ।

ਇਹ ਕਹਾਣੀਆਂ ਸੁਣ ਕੇ ਜਿਥੇ ਸੁੰਨ ਰਹਿ ਜਾਂਦੇ ਸਾਂ ਉਥੇ ਸੋਚਦੇ ਸੀ ਕਿ ਕੋਈ ਹੁਕਮਰਾਨ ਟੋਲਾ ਇਤਨਾ ਬੇ-ਦਰਦ ਹੋ ਸਕਦਾ ਹੈ?ਜ਼ਾਲਮ ਹੋ ਸਕਦਾ ਹੈ? ਕੀ ਮਨੁੱਖ ਇਤਨਾ ਦਰਿੰਦਾ ਹੋ ਸਕਦਾ ਹੈ ਜੋ ਦੂਜੇ ਮਨੁੱਖ ਨਾਲ ਇਸ ਤਰ੍ਹਾਂ ਵਹਿਸ਼ੀਆਨਾ ਵਰਤਾਉ ਕਰੇ,ਸਿਰਫ ਇਸ ਲਈ ਕਿ ਉਸਦਾ ਸਬੰਧ ਕਿਸੇ ਹੋਰ ਧਰਮ ਨਾਲ ਹੈ?

ਸੋਚਦੇ ਸਾਂ ਕਿ ਸਭ ਘਟਨਾਵਾਂ ਸੋਲ੍ਹਵੀਂ,ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੀਆਂ ਹਨ,ਜਦੋਂ ਦੇਸ਼ ਵਿਚ ਅਫਗਾਨ ਜਾਂ ਮੁਗਲ ਧਾੜਵੀਆਂ ਨੇ ਉਸ ਸਮੇਂ ਦੀ ਹਕੂਮਤ ਨੂੰ ਹਰਾ ਕੇ ਆਪਣਾ ਰਾਜ ਸਥਾਪਤ ਕਰ ਲਿਆ ਸੀ ਜਾਂ ਕੇਵਲ ਲੁੱਟ ਮਾਰ ਦੇ ਉਦੇਸ਼ ਨਾਲ ਭਾਰਤ ਤੇ ਹਮਲੇ ਕੀਤੇ ਜਾਂਦੇ ਸਨ। ਉਸ ਸਮੇਂ ਬਾਦਸ਼ਾਹਾਂ ਜਾਂ ਰਾਜਿਆਂ ਦਾ ਇਕ ਪੁਰਖੀ ਰਾਜ ਹੁੰਦਾ ਸੀ ਅਤੇ ਉਨ੍ਹਾਂ ਦੇ ਚਹੇਤੇ ਆਪਣੀਆਂ ਮਨ-ਮਾਨੀਆਂ ਕਰਦੇ ਹੁੰਦੇ ਸਨ।

ਪਰ ਇਸ ਤਰ੍ਹਾਂ ਦੀਆਂ ਵਹਿਸ਼ੀਆਨਾ ਅਤੇ ਜ਼ਾਲਮਾਨਾ ਘਟਨਾਵਾਂ 1984 ਦੌਰਾਨ ਅਸੀਂ ਖੁਦ ਵੇਖ ਸੁਣ ਲਈਆਂ ਹਨ,ਵੀਹਵੀਂ ਸਦੀ ਵਿੱਚ ਜਦੋਂ ਕਿ ਲਗਭਗ ਸਾਰੇ ਸੰਸਾਰ ਵਿਚੋਂ ਇਕ-ਪੁਰਖੀ ਬਾਦਸ਼ਾਹੀ ਰਾਜ ਖਤਮ ਹੋ ਚੁੱਕਾ ਹੈ-ਜਦੋਂ ਕਿ ਮਨੁੱਖ ਚੰਦਰਮਾ ਤੇ ਪੁੱਜ ਚੁੱਕਾ ਹੈ,ਵਿਦਿਆ ਦਾ ਇਤਨਾ ਪਸਾਰ ਹੋ ਚੁੱਕਾ ਹੈ,ਸਾਇੰਸ ਨੇ ਇਤਨੀ ਤਰੱਕੀ ਕਰ ਲਈ ਹੈ ਕਿ ਦਰਿਆਵਾਂ ਦੇ ਵਹਿਣ ਮੋੜ ਦਿਤੇ ਹਨ-ਹਰ ਪਿੰਡ ਵਿਚ ਟੈਲੀਵੀਜ਼ਨ ਪੁਜ ਚੁੱਕੇ ਹਨ—ਮਨੁੱਖ ਨੂੰ ਮਾਡਰਨ ਯੁੱਗ ਦੀਆਂ ਇਤਨੀਆਂ ਸਹੂਲਤਾਂ ਮਿਲ ਗਈਆਂ ਹਨ ਹੁਣ ਜਦੋਂ ਕਿ ਦੇਸ਼ ਆਜ਼ਾਦ ਹੋਇਆਂ 37 ਵਰ੍ਹੇ ਬੀਤ ਚੁੱਕੇ ਹਨ ਅਤੇ ਦੇਸ਼ ਵਿਚ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ-ਜਿਸ ਦਾ ਸੰਵਿਧਾਨ ਧਰਮ(ਨਿਰਪੱਖਤਾ)ਸੈਕੂਲਰ ਅਤੇ ਜਮਹੂਰੀਅਤ ਉਤੇ ਆਧਾਰਤ ਹੈ ਅਤੇ ਹਰ ਸ਼ਹਿਰੀ-ਭਾਵੇਂ ਕਿ ਉਹ ਕਿਸੇ ਵੀ ਧਰਮ,ਜਾਤ,ਫਿਰਕੇ ਕਿੱਤੇ ਜਾਂ ਇਲਾਕੇ ਦਾ ਹੋਏ-ਬਰਾਬਰ ਅਧਿਕਾਰ ਹਨ।

ਪੰਜਾਬ ਵਿਚ ਅਸੀਂ ਪਿਛਲੇ ਤਿੰਨ ਸਾਲਾਂ ਤੋਂ ਦੇਖ ਰਹੇ ਹਾਂ ਕਿ ਕਿਵੇਂ ਨਿਰਦੋਸ਼ ਸਿੰਘਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ-ਤਸੀਹੇ ਦਿਤੇ ਜਾ ਰਹੇ ਹਨ-ਝੂਠੇ ਪੋਲੀਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਜਾ ਰਿਹਾ ਹੈ-ਉਨ੍ਹਾਂ ਦੇ ਪ੍ਰੀਵਾਰਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਕਿਵੇਂ ਕਥਿਤ ਅਤਿਵਾਦੀਆਂ ਨੂੰ ਪਕੜਨ ਦੇ ਬਹਾਨੇ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਪਾਵਨ ਗੁਰਧਾਮਾਂ ਤੇ ਫੌਜੀ ਹਮਲਾ ਕੀਤਾ ਗਿਆ,ਨਿਰਦੋਸ਼ਾਂ ਨੂੰ ਸ਼ਹੀਦ ਕੀਤਾ ਗਿਆ।

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਦੁਖਦਾਈ ਮੌਤ ਪਿਛੋਂ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ (ਜਿਥੇ ਕਾਂਗਰਸ (ਆਈ) ਦਾ ਰਾਜ ਹੈ) ਵਿਚ ਜੋ ਘਟਨਾਵਾਂ ਹੋਈਆਂ ਹਨ, ਉਨ੍ਹਾਂ ਨੂੰ ਲੋਕਾਂ ਦੇ ਦੁਖ ਦਾ ਗੁਸਾ ਨਹੀਂ ਕਿਹਾ ਜਾ ਸਕਦਾ। ਇਹ ਹੁਕਮਰਾਨ ਪਾਰਟੀ ਦੀ ਸ਼ਹਿਰ ਉਤੇ ਪੋਲੀਸ ਅਤੇ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ 'ਸਿੱਖਾਂ ਨੂੰ ਸਬਕ ਸਿਖਾਉਣ ਲਈ' ਪੂਰੀ ਯੋਜਨਾਬੱਧ ਤਰੀਕੇ ਨਾਲ ਹੋਈਆਂ ਹਨ। ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਕ ਧਰਮ ਦੇ ਫਿਰਕੂ ਅਤੇ ਗੁੰਡਾ ਅੰਸਰਾਂ ਵਲੋਂ ਦੂਜੇ ਧਰਮ ਦੇ ਲੋਕਾਂ ਨੂੰ ਇਤਨੇ ਵੱਡੇ ਪੈਮਾਨੇ ਤੇ ਜਿੰਦਾ ਸਾੜਿਆ ਗਿਆ — ਕੋਹ ਕੋਹ ਕੇ ਮਾਰਿਆ ਗਿਆ। ਮਾਵਾਂ ਸਾਹਮਣੇ ਉਨ੍ਹਾਂ ਦੇ ਬੱਚਿਆਂ ਨੂੰ ਅੱਗ ਵਿਚ ਜਿੰਦਾ ਹੀ ਭੜਥੇ ਵਾਂਗੂ ਭੁੰਨ ਦਿੱਤਾ ਗਿਆ ਹੈ ਬੀਬੀਆਂ ਦੀ ਬੇਪਤੀ ਕੀਤੀ ਗਈ। ਇਹਨਾਂ ਘਟਨਾਵਾਂ ਨੇ ਮੁਗਲਾਂ ਨੂੰ ਵੀ ਮਾਤ ਪਾ ਦਿੱਤਾ ਹੈ — ਮੈਂ ਤਾਂ ਸਮਝਦਾ ਹਾਂ ਕਿ ਦੁਨੀਆਂ ਵਿਚ ਕਿਸੇ ਧਰਮ ਉਤੇ ਹੋਏ ਸਾਰੇ ਜ਼ੁਲਮਾਂ ਨੂੰ ਹੀ ਮਾਤ ਪਾ ਦਿੱਤਾ ਹੈ। 1947 ਵਿਚ ਦੇਸ਼ ਵੰਡ ਸਮੇਂ ਵੀ ਇਸ ਤਰ੍ਹਾਂ ਦਾ ਵਹਿਸ਼ੀਆਨਾ ਕਤਲੇਆਮ ਨਹੀਂ ਹੋਇਆ।

ਦਿੱਲੀ ਦੀਆਂ ਘਟਨਾਵਾਂ ਬਾਰੇ ਦੋ ਗੈਰ ਸਿਆਸੀ ਸੰਸਥਾਵਾਂ, ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ (ਜਿਨ੍ਹਾਂ ਵਿਚ ਸ਼ਾਇਦ ਇਕ ਮੈਂਬਰ ਵੀ ਸਿੱਖ ਨਹੀਂ) ਵਲੋਂ ਅਸਲੀਅਤ ਅਤੇ ਤੱਥਾਂ ਉਤੇ ਅਧਾਰਿਤ ਇਕ ਨਿਰਪੱਖ ਰੀਪੋਰਟ "ਹੂ ਇਜ਼ ਗਿਲਟੀ?" (ਦੋਸ਼ੀ ਕੌਣ ਹੈ?) ਜੋ ਅੰਗਰੇਜ਼ੀ ਵਿਚ 54 ਸਫੇ ਦੀ ਹੈ, ਦਾ ਸੰਖੇਪ ਸਾਰੰਸ਼ ਦੇ ਰਿਹਾ ਹਾਂ ਤਾਂ ਜੋ ਪਾਠਕ ਸਹੀ ਤੱਥਾਂ ਤੋਂ ਜਾਣੂ ਹੋ ਸਕਣ। ਇਹ ਰੀਪੋਰਟ ਚਸ਼ਮਦੀਦ ਗਵਾਹਾਂ, ਹਾਲਾਤ ਦੇ ਮੋੜ, ਪੀੜਤ ਵਿਅਕਤੀਆਂ ਫੌਜੀ ਅਧਿਕਾਰੀਆਂ, ਸਿਆਸੀ ਅਤੇ ਵਿਰੋਧੀ ਪਾਰਟੀਆਂ ਦੇ ਲੀਡਰਾਂ ਨਾਲ ਮੁਲਾਕਾਤਾਂ ਕਰਕੇ, ਅਖਬਾਰਾਂ ਦੀਆਂ ਰੀਪੋਰਟਾਂ ਅਤੇ ਦਿੱਲੀ ਦੇ ਵੱਖ ਵੱਖ ਫਸਾਦ ਗ੍ਰਸਤ ਇਲਾਕਿਆਂ ਵਿਚ ਸਾਂਝੀ ਟੀਮ ਨੇ ਦੌਰਾ ਕਰਕੇ ਤਿਆਰ ਕੀਤੀ ਹੈ। ਜਿਸ ਪਾਗਲਪਨ ਨੇ ਦਿੱਲੀ ਨੂੰ ਗ੍ਰਸ ਲਿਆ ਅਤੇ ਫਿਰਕੂ ਫਸਾਦ ਹੋਏ, ਬਾਰੇ ਵੇਰਵਾ ਹੈ, ਕਿਉਂਕਿ ਦੋਨੋਂ ਸੰਸਥਾਵਾਂ ਦਾ ਯਕੀਨ ਹੈ ਕਿ ਇਹ ਘਲੂਘਾਰਾ ਇਕ ਦਮ ਹੋਏ ਦੁੱਖ ਜਾਂ ਗਮ ਦਾ ਪ੍ਰਗਟਾਵਾ ਨਹੀਂ ਹੋ ਸਕਦਾ।

ਇਨ੍ਹਾਂ ਸਭ ਥਾਵਾਂ ਤੇ ਫਸਾਦਾਂ ਦਾ ਇਕੋ ਜਿਹਾ ਪੈਟਰਨ ਸੀ। ਪਹਿਲਾਂ ਇਹ ਅਫਵਾਹ ਕਿ ਸਿਖ ਖੁਸ਼ੀ ਵਿਚ ਮਠਿਆਈਆਂ ਵੰਡ ਰਹੇ ਹਨ। (ਲਗਭਗ ਕਿਤੇ ਵੀ ਕਿਸੇ ਨੂੰ ਸੱਚੀ-ਮੁੱਚੀ ਮਠਿਆਈ ਵੰਡਦਿਆਂ ਨਹੀਂ ਵੇਖਿਆ ਗਿਆ) ਦੂਜੀ ਇਹ ਅਫਵਾਹ ਕਿ ਪੰਜਾਬ ਤੋਂ ਹਿੰਦੂਆਂ ਦੀਆਂ ਲਾਸ਼ਾਂ ਨਾਲ ਭਰੀਆਂ ਗੱਡੀਆਂ ਪੁਰਾਣੀ ਦਿੱਲੀ ਦੇ ਰੇਲਵੇ ਸਟੇਸ਼ਨ ਤੇ ਪੁਜ ਗਈਆਂ ਹਨ ਅਤੇ ਤੀਜੀ ਕਿ ਪੀਣ ਵਾਲੇ ਪਾਣੀ ਵਿਚ ਜ਼ਹਿਰ ਪਾ ਦਿੱਤਾ ਗਿਆ ਹੈ। ਪੀ. ਯੂ. ਸੀ. ਐਲ., ਪੀ. ਯੂ. ਡੀ. ਆਰ. ਟੀਮਾਂ ਨੇ ਸੰਬੰਧਤ ਇਲਾਕਿਆਂ ਦਾ ਦੌਰਾ ਕਰਦਿਆਂ ਖੁਦ ਪੋਲੀਸ ਨੂੰ ਜੀਪਾਂ ਵਿਚ ਲਾਊਡ ਸਪੀਕਰ ਫਿਟ ਕਰਕੇ ਇਸ ਸੰਬੰਧੀ ਅਨਾਊਂਸਮੈਂਟ ਕਰਦਿਆਂ ਸੁਣਿਆ ਹੈ। (ਤਿੰਨ ਨਵੰਬਰ ਦੇ ਸਟੇਟਸਮੈਨ ਅਖਬਾਰ ਅਨੁਸਾਰ ਕੁਝ ਸਥਾਨਕ ਲੀਡਰ ਵੀ ਇਸੇ ਤਰ੍ਹਾਂ ਦੀ ਘੋਸ਼ਣਾ ਕਰਦੇ ਰਹੇ)। ਇਸ ਤਰ੍ਹਾਂ ਦੀ ਵਿਗੜੀ ਹੋਈ ਸਥਿਤੀ ਵਿਚ ਬਹੁਤੇ ਲੋਕ ਅਫਵਾਹਾਂ ਤੇ ਯਕੀਨ ਕਰ ਲੈਂਦੇ ਹਨ, ਜਿਸ ਨਾਲ ਸਥਿਤੀ ਹੋਰ ਵਿਗੜ ਜਾਂਦੀ ਹੈ।

ਕਤਲੇਆਮ ਦਿੱਲੀ ਦੇ ਮੁੜ ਵਸੇਬੇ ਦੇ ਇਲਾਕਿਆਂ—ਖਾਸ ਕਰ ਤ੍ਰਿਲੋਕਪੁਰੀ, ਸੁਲਤਾਨਪੁਰੀ ਅਤੇ ਮੰਗੋਲਪੁਰੀ ਵਿਚ ਹੋਇਆ, ਜਿਥੇ ਹਿੰਦੂ ਅਤੇ ਸਿੱਖਾਂ ਦੀ ਮਿਲਵੀਂ-ਜੁਲਵੀਂ ਵਸੋਂ ਹੈ ਅਤੇ ਉਹ ਫਸਾਦਾਂ ਤੋਂ ਪਹਿਲਾਂ ਸਦਭਾਵਨਾ ਨਾਲ ਰਹਿੰਦੇ ਸਨ। ਇਹ ਗੱਲ ਮਹੱਤਵਪੂਰਨ ਹੈ ਕਿ ਇਨ੍ਹਾਂ ਇਲਾਕਿਆਂ ਦੇ ਲੋਕ ਕਾਂਗਰਸ (ਆਈ) ਦੇ ਸਮਰਥਕ (ਭੀੜ) ਦੀ ਅਗਵਾਈ ਦਿੱਲੀ ਨਗਰ ਨਿਗਮ ਦੇ ਮੈਂਬਰ, ਕਾਂਗਰਸ ਦੇ ਮੈਂਬਰ

ਬਾਕੀ ਪੰਨਾ 29 'ਤੇ

ਪੰਨਾ 28 ਦੀ ਬਾਕੀ

ਪਾਰਲੀਮੈਂਟਾਂ, ਕਾਂਗਰਸ ਦੇ ਵਰਕਰ ਅਤੇ ਸਥਾਨਕ ਦਾਦੇ ਕਰ ਰਹੇ ਸਨ। ਪੁਲੀਸ ਜਾਂ ਖਾਮੋਸ਼ ਦਰਸ਼ਕ ਬਣੀ ਹੋਈ ਸੀ ਜਾਂ ਫਸਾਦੀਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਸ਼ਹਿ ਅਤੇ ਸਹਿਯੋਗ ਦੇ ਰਹੀ ਸੀ। ਹਥਿਆਰਬੰਦ ਫੋਰਸਾਂ ਦਾ ਰੋਲ ਨਾ-ਬਰਾਬਰ ਸੀ (ਉਹ ਕਿਥੇ ਸਨ ? ਅਤੇ ਕੇਂਦਰੀ ਗ੍ਰਹਿ ਮੰਤਰੀ ਪੀ. ਵੀ. ਨਰਸਿੰਮਹਾ ਰਾਓ ਕਿਥੇ ਸੀ?) ਇਸ ਤੋਂ ਪਹਿਲਾਂ ਮਾੜੀ ਜਿਹੀ ਗੱਲ ਤੋਂ ਹਥਿਆਰਬੰਦ ਫੋਰਸਾਂ ਨੂੰ ਬੁਲਾ ਲਿਆ ਜਾਂਦਾ ਸੀ।

ਕਿਤਨੇ ਲੋਕ ਮਾਰੇ ਗਏ ਹਨ, ਜਾਣ-ਬੁਝ ਕੇ ਪ੍ਰਵਾਹ ਨਹੀਂ ਕੀਤੀ ਗਈ। ਗੈਰ-ਸਰਕਾਰੀ ਸੂਤਰਾਂ ਅਨੁਸਾਰ ਪੰਜ ਹਜ਼ਾਰ ਮਾਰੇ ਗਏ ਹਨ। ਪੂਰਬੀ ਦਿੱਲੀ ਦੀ ਟਰਾਂਸ-ਯਮਨਾ ਵਿਖੇ ਮੁੜ-ਵਸੇਬਾ ਕਲੋਨੀ ਤ੍ਰਿਲੋਕਪੁਰੀ ਵਿਖੇ, ਇਹ ਕਿਹਾ ਜਾਂਦਾ ਹੈ ਕਿ ਕੇਵਲ 48 ਘੰਟਿਆਂ 400 ਸਿੱਖ ਜਿੰਦਾ ਸਾੜ ਦਿਤੇ ਗਏ ਹਨ। ਸਰਕਾਰ ਦੇ ਕਹਿਣ ਅਨੁਸਾਰ ਰੀਲੀਫ ਕੈਂਪਾਂ ਵਿਚ 20 ਹਜ਼ਾਰ ਸ਼ਰਨਾਰਥੀ ਹਨ। ਜਿਸ ਦੀ ਉਹ ਦੇਖ-ਭਾਲ ਕਰ ਰਹੀ ਹੈ। ਪ੍ਰੰਤੂ ਪੀ. ਯੂ. ਸੀ. ਐਲ. ਅਤੇ ਪੀ. ਯੂ. ਡੀ. ਆਰ. ਦੀ ਟੀਮ ਨੇ ਰੀਪੋਰਟ ਕੀਤਾ ਹੈ ਕਿ ਲਗਭਗ ਪੰਜਾਹ ਹਜ਼ਾਰ ਸ਼ਰਨਾਰਥੀ ਹਨ, ਜਿਨ੍ਹਾਂ ਦੀ ਦੇਖ-ਭਾਲ ਪ੍ਰਾਈਵੇਟ ਸੰਸਥਾਵਾਂ ਜਾਂ ਵਾਲੰਟੀਅਰ ਕਰ ਰਹੇ ਹਨ ਅਤੇ ਪ੍ਰਧਾਨ ਮੰਤਰੀ ਦੇ ਰੀਲੀਫ ਫੰਡ ਵਿਚੋਂ ਕੱਢਿਆ ਗਿਆ ਰੁਪਿਆ ਇਨ੍ਹਾਂ ਕੈਂਪਾਂ ਦੇ ਲੋਕਾਂ ਦੀ ਸਹਾਇਤਾ ਲਈ ਨਹੀਂ ਪੁਜਿਆ। ਇਸ ਤਰ੍ਹਾਂ ਦੀਆਂ ਉਦਾਹਰਣਾਂ ਮਿਲੀਆਂ ਹਨ ਕਿ ਪੀੜਤ ਲੋਕਾਂ ਨੇ ਮੈਂਬਰ ਪਾਰਲੀਮੈਂਟਾਂ ਜਾਂ ਸਿਆਸਤਦਾਨਾਂ ਵਲੋਂ ਲਿਆਂਦਾ ਖਾਣਾ ਨਹੀਂ ਖਾਧਾ, ਕਿਉਂਕਿ ਉਹ ਖੁਦ ਫਸਾਦ ਕਰਾਉਣ ਵਾਲੇ ਸਨ।

ਇਹ ਮੰਦ ਭਾਗਾਂ ਦੀ ਗੱਲ ਹੈ ਕਿ ਫਸਾਦ ਸਿਆਸੀ ਲੀਡਰਾਂ, ਪੁਲੀਸ ਅਤੇ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਹੋਏ।

ਇਸ ਰੀਪੋਰਟ ਦੇ ਅੰਤਕਾ-4 ਵਿਚ ਫਸਾਦ ਕਰਾਉਣ ਵਾਲੇ ਸਿਆਸਤਦਾਨਾਂ ਵਿਚ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਸ੍ਰੀ ਹਰਕ੍ਰਿਸ਼ਨ ਲਾਲ ਭਗਤ ਦਾ ਨਾਂ ਸਭ ਤੋਂ ਉਪਰ ਹੈ। ਉਸ ਨੇ ਫਸਾਦੀਆਂ ਨੂੰ ਪੁਲੀਸ ਦੀ ਹਿਰਾਸਤ 'ਚੋਂ ਛੁਡਵਾਇਆ। ਪੰਜ ਨਵੰਬਰ ਨੂੰ ਜਦੋਂ ਕੇਂਦਰੀ ਜ਼ਿਲਾ ਪੁਲੀਸ ਨੇ 300 ਤੋਂ ਵੱਧ ਸ਼ਰਾਰਤੀ ਅੰਸਰਾਂ ਨੂੰ ਪਕੜ ਲਿਆ, ਸ੍ਰੀ ਧਰਮ ਦਾਸ ਸ਼ਾਸਤਰੀ ਐਮ. ਪੀ. ਸਮੇਤ ਕਾਂਗਰਸ (ਆਈ) ਦੇ ਕਈ ਲੀਡਰਾਂ ਨੇ ਕਿਹਾ :—

'ਪੁਲੀਸ ਲੁਟਿਆ ਹੋਇਆ ਮਾਲ ਬਰਾਮਦ ਕਰ ਲਏ, ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਲੋੜ ਨਹੀਂ। ਉਹ ਦੋਸ਼ੀ ਨਹੀਂ ਹਨ।'

ਕਾਂਗਰਸ (ਆਈ) ਦੇ ਹੋਰ ਲੀਡਰਾਂ ਨੇ ਫਸਾਦੀਆਂ ਨੂੰ ਵੱਖ-ਵੱਖ ਇਲਾਕਿਆਂ ਦੀਆਂ ਵੋਟਰ ਲਿਸਟਾਂ ਦੇ ਕੇ ਸਿੱਖਾਂ ਦੇ ਮਕਾਨਾਂ ਅਤੇ ਦੁਕਾਨਾਂ ਦੀ ਪਛਾਣ ਕਰਕੇ ਉਕਸਾਇਆ। ਨਗਰ ਨਿਗਮ ਦੇ ਇਕ ਮੈਂਬਰ ਨੇ ਕਲਿਆਣਪੁਰੀ ਵਿਚ ਇਕ ਮੀਟਿੰਗ ਕੀਤੀ ਜਿਸ ਪਿਛੋਂ ਇਕ ਦਮ ਲੁੱਟ-ਮਾਰ ਅਤੇ ਸਾੜ-ਫੂਕ ਸ਼ੁਰੂ ਹੋ ਗਈ। ਚਸ਼ਮਦੀਦ ਗਵਾਹ ਦਸਦੇ ਹਨ ਕਿ ਉਸ ਨੇ ਇਸ ਕਤਲੋਗਾਰਤ ਦੀ ਖੁਦ ਅਗਵਾਈ ਕੀਤੀ।

ਕਾਂਗਰਸ (ਆਈ) ਦੇ ਇਕ ਹੋਰ ਐਮ. ਪੀ. ਜਗਦੀਸ਼ ਟਾਈਟਲਰ ਨੇ ਪੁਲੀਸ ਕਮਿਸ਼ਨਰ ਐਸ. ਸੀ. ਟੰਡਨ ਦੀ ਪ੍ਰੈਸ ਕਾਨਫਰੰਸ ਵਿਚ ਦਖਲ ਅੰਦਾਜ਼ੀ ਕੀਤੀ। ਇਕ ਪੱਤਰਕਾਰ ਨੇ ਰੀਪੋਰਟ ਕੀਤੀ ਕਿ ਟਾਈਟਲਰ ਨੇ ਕਮਿਸ਼ਨਰ ਨੂੰ ਕਿਹਾ, 'ਮੇਰੇ ਬੰਦਿਆਂ ਨੂੰ ਗ੍ਰਿਫਤਾਰ ਕਰਕੇ ਤੁਸੀਂ ਰੀਲੀਫ ਦੇ ਕੰਮ ਵਿਚ ਵਿਘਨ ਪਾ ਰਹੇ ਹੋ ?'

ਪੁਲੀਸ ਨੇ ਹਾਲਾਤ ਨੂੰ ਹੋਰ ਵੀ ਵਿਗਾੜਿਆ, ਵਿਸ਼ੇਸ਼ ਕਰਕੇ ਪਹਿਲੀ ਅਤੇ ਚਾਰ ਨਵੰਬਰ ਵਿਚਕਾਰਲੇ ਦਿਨਾਂ ਵਿਚ। ਜਾਂ ਤਾਂ ਪੁਲੀਸ ਖਾਮੋਸ਼ ਦਰਸ਼ਕ ਬਣੀ ਰਹੀ ਜਾਂ ਡਿਊਟੀ ਤੋਂ ਗੈਰ ਹਾਜ਼ਰ ਜਾਂ ਫਿਰ ਸਿੱਧੇ ਤੌਰ ਤੇ ਫਸਾਦਾਂ ਵਿਚ ਸ਼ਾਮਿਲ ਹੋਈ। ਸੁਲਤਾਨਪੁਰੀ, ਤ੍ਰਿਲੋਕਪੁਰੀ ਅਤੇ ਮੰਗੋਲਪੁਰੀ ਦੇ ਫਸਾਦਾਂ ਚੋਂ ਬਚੇ ਲੋਕਾਂ ਨੇ ਛਾਣ-ਬੀਣ ਕਰ ਰਹੀ ਟੀਮ ਨੂੰ ਦੱਸਿਆ ਕਿ ਪੁਲੀਸ ਨੇ ਆਪਣੀਆਂ ਜੀਪਾਂ ਵਿਚ ਫਸਾਦੀਆਂ ਨੂੰ ਪੈਟਰੋਲ ਅਤੇ ਡੀਜ਼ਲ ਦਿੱਤਾ। ਕਈ ਥਾਵਾਂ ਤੇ ਸਿਪਾਹੀਆਂ ਨੇ ਕੁਝ ਹਿੰਦੂ ਪਰਿਵਾਰ ਵਲੋਂ ਆਪਣੇ ਗਵਾਂਢੀ ਸਿੱਖ ਪਰਿਵਾਰਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਅਸਫਲ ਕਰ ਦਿੱਤੀਆਂ। ਇਕ ਸਿਪਾਹੀ ਨੇ ਇਕ ਹਿੰਦੂ ਨੂੰ ਕਿਹਾ, 'ਜਾਟ ਏਂ, ਤੈਨੂੰ ਉਨ੍ਹਾਂ ਸਿੱਖਾਂ ਨੂੰ ਮਾਰ ਦੇਣਾ ਚਾਹੀਦਾ ਸੀ।'

ਕੁਝ ਪੱਤਰਕਾਰਾਂ ਨੇ ਤ੍ਰਿਲੋਕਪੁਰੀ ਦੀ ਇਕ ਗਲੀ ਵਿਚ ਘਟੋ ਘਟ 350 ਲਾਸ਼ਾਂ ਪਈਆਂ ਵੇਖੀਆਂ, ਪਰ ਪੁਲੀਸ ਕਮਿਸ਼ਨਰ ਨੇ ਦੋ ਨਵੰਬਰ ਨੂੰ ਕਿਹਾ, '15 ਜਾਂ ਵੀਹ ਬੰਦੇ ਹਿੰਸਕ ਘਟਨਾਵਾਂ ਵਿਚ ਮਰੇ ਹਨ।' ਇਸ ਟੀਮ ਅਤੇ ਪੱਤਰਕਾਰਾਂ ਨੇ ਪਿਛੋਂ ਮੰਗੋਲਪੁਰੀ ਜਾ ਕੇ ਦੇਖਿਆ ਕਿ ਇਕ ਨਾਲੇ ਵਿਚ, 'ਕਈ ਸੈਂਕੜੇ ਲਾਸ਼ਾਂ ਸੁੱਟ ਦਿੱਤੀਆਂ ਗਈਆਂ।'

ਜਵਾਹਰ ਲਾਲ ਯੂਨੀਵਰਸਿਟੀ ਦੇ ਪੋਲੀਟੀਕਲ ਵਿਭਾਗ ਦੇ ਮੁਖੀ, ਪ੍ਰੋ: ਅਸ਼ਵਨੀ ਰੇ ਨੇ 80 ਸਿੱਖਾਂ — ਬੱਚੇ ਤੋਂ ਲੈ ਕੇ 80 ਕੁ ਸਾਲਾ ਬੁਢੇ ਅਤੇ ਤੀਵੀਂਆਂ ਸਮੇਤ — ਇਕ ਮਕਾਨ ਦੇ ਇਕ ਕੋਨੇ ਵਿਚ ਬਰਾਂਡੇ ਨੂੰ ਟੱਪਣ ਦੀਆਂ ਕੋਸ਼ਿਸ਼ਾਂ ਕਰਦਿਆਂ ਵੇਖਿਆ। ਉਨ੍ਹਾਂ ਕਿਹਾ, "ਮੇਰੇ ਖੌਫ ਦੀ ਕੋਈ ਹੱਦ ਨਾ ਰਹੀ, ਜਦੋਂ ਬਾਹਰ ਲਾਠੀਆਂ ਤੇ ਹਥਿਆਰਾਂ ਨਾਲ ਲੈਸ ਭੀੜ ਨੇ ਇਸ ਮਕਾਨ ਨੂੰ ਅੱਗ ਲਗਾ ਦਿੱਤੀ।'

ਚੌਧਰੀ ਚਰਨ ਸਿੰਘ ਸਮੇਤ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੇ ਜਦੋਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮਿਲ ਕੇ ਇੰਡੀਅਨ ਐਕਸਪ੍ਰੈਸ ਵਿਚ ਕੁਝ ਖਬਰਾਂ ਦਾ ਹਵਾਲਾ ਦੇ ਕੇ ਦੱਸਿਆ ਕਿ ਕਾਂਗਰਸ (ਆਈ) ਦੇ ਕਈ ਲੀਡਰ ਫਸਾਦ ਕਰਵਾ ਰਹੇ ਹਨ, ਤਾਂ ਉਸ ਨੇ ਇਹ ਕਹਿ ਕੇ ਗੱਲ ਰੱਦ ਕਰ ਦਿੱਤੀ, 'ਇੰਡੀਅਨ ਐਕਸਪ੍ਰੈਸ ਵਿਰੋਧੀ ਪਾਰਟੀਆਂ ਦਾ ਅਖਬਾਰ ਹੈ।'

ਇਸ ਰੀਪੋਰਟ ਅਨੁਸਾਰ ਥਾਂ ਥਾਂ ਫਸਾਦੀ ਨਾਅਰੇ ਲਗਾ ਰਹੇ ਹਨ, 'ਸਿੱਖਾਂ ਨੂੰ ਮਾਰੋ, ਅਤੇ ਇਨ੍ਹਾਂ ਨੂੰ ਲੁੱਟ ਲਵੋ।'

ਕਈ ਸਿੱਖਾਂ ਨੂੰ ਉਨ੍ਹਾਂ ਦੇ ਸਕੂਟਰ ਜਾਂ ਮੋਟਰ ਸਾਈਕਲ ਨਾਲ ਬੰਨ੍ਹ ਕੇ ਜਾਂ ਕਾਰ ਟਰੱਕ ਸਮੇਤ ਹੀ ਅੱਗ ਲਗਾ ਦਿੱਤੀ ਗਈ। ਕਈ ਵਾਰ ਦੋ ਸਿੱਖਾਂ ਨੂੰ ਉਨ੍ਹਾਂ ਦੀਆਂ ਪਗੜੀਆਂ ਨਾਲ ਹੀ ਇਕ ਦੂਜੇ ਨਾਲ ਪਿੱਠ ਜੋੜ ਕੇ ਜਾਂ ਦੋਨਾਂ ਦੇ ਸਿਰ ਇਕ ਦੂਜੇ ਦੇ ਪੈਰਾਂ ਨਾਲ ਬੰਨ੍ਹ ਕੇ ਜਿੰਦਾ ਜਲਾ ਦਿੱਤਾ ਗਿਆ।

ਦਿੱਲੀ ਆਉਣ ਵਾਲੀ ਲਗ-ਭਗ ਹਰ ਗੱਡੀ ਵਿਚੋਂ ਅਨੇਕਾਂ ਹੀ ਸਿੱਖਾਂ ਦੀਆਂ ਲਾਸ਼ਾਂ ਮਿਲੀਆਂ। ਗੱਡੀਆਂ 'ਚੋਂ ਧੂਹ ਕੇ, ਸਿੱਖਾਂ ਨੂੰ ਮਾਰ ਕੇ ਪਟੜੀਆਂ ਤੇ ਸੁਟ ਦਿਤਾ ਗਿਆ। ਇਥੋਂ ਤੱਕ ਵਰਦੀ ਵਿਚ ਕਈ ਫੌਜੀ ਸਿੱਖਾਂ — ਕੁਝ ਅਫਸਰਾਂ ਸਮੇਤ ਗੱਡੀ ਦੇ ਬਾਹਰ ਧੂਹ ਕੇ ਕੁਟ-ਕੁਟ ਮਾਰ ਦਿਤੇ ਜਾਂ ਜਿੰਦਾ ਜਲਾ ਦਿਤੇ ਗਏ।

ਰੀਪੋਰਟ ਅਨੁਸਾਰ ਭਗਤ, ਸ਼ਾਸ਼ਤਰੀ ਅਤੇ ਟਾਈਟਲਰ ਤੋਂ ਬਿਨਾਂ ਕਾਂਗਰਸ ਦੇ ਬਾਕੀ ਲੀਡਰਾਂ ਜਿਨ੍ਹਾਂ ਨੇ ਫਸਾਦੀਆਂ ਨੂੰ ਸ਼ਹਿ ਦਿਤੀ, ਵਿਚ ਸਜਨ ਕੁਮਾਰ ਐਮ. ਪੀ., ਬਾਬੂ ਰਾਮ ਸ਼ਰਮਾ ਮੈਂਬਰ ਨਗਰ ਨਿਗਮ, ਲਲਿਤ ਮਾਕਨ ਅਤੇ ਮਹਿੰਦਰਾ ਮੈਟਰੋਪੋਲਿਟਨ ਕੌਂਸਲਰ, ਮੰਗਤ ਰਾਮ ਸਿੰਗਲ ਮੈਂਬਰ ਨਗਰ ਨਿਗਮ, ਡਾ. ਅਸ਼ੋਕ ਕੁਮਾਰ, ਮਖਣ ਲਾਲ ਸੂਦ ਕੌਂਸਲਰ, ਜਗਦੀਸ਼ ਚੰਦ ਟੋਕਸ ਮੈਂਬਰ ਨਗਰ ਨਿਗਮ (ਮੁਨੀਰਕਾ), ਈਸ਼ਵਰ ਸਿੰਘ ਮੈਂਬਰ ਨਗਰ ਨਿਗਮ (ਮੰਗੋਲਪੁਰੀ), ਯੂਥ ਕਾਂਗਰਸ ਦੇ ਲੀਡਰ ਬਲਵੰਤ ਖੋਖਰ, ਫੌਜ਼ ਮੁਹੰਮਦ, ਰਤਨ ਆਦਿ ਦੇ ਨਾਂ ਵਰਨਣ ਯੋਗ ਹਨ।

ਪੁਲੀਸ ਅਧਿਕਾਰੀਆਂ ਵਿਚ ਮਲਹੋਤਰਾ, ਅਸਿਸਟੈਂਟ ਕਮਿਸ਼ਨਰ ਪੁਲੀਸ, (ਸ਼ੰਕਰਪੁਰ) ਜੈ ਸਿੰਘ, ਐਸ. ਐਚ. ਓ., ਰਾਓ ਰਾਮ ਮੇਹਰ ਐਸ. ਐਚ. ਓ., ਹਰੀ ਰਾਮ ਭੱਟੀ ਐਸ. ਐਚ. ਓ., ਰਵਤਾਸ ਸਿੰਘ ਐਸ. ਐਚ. ਓ. ਸਦਰ ਥਾਨਾ, ਸੁਰਵੀਰ ਸਿੰਘ ਐਸ. ਐਚ. ਓ. ਕਲਿਆਣਪੁਰੀ, ਆਰ ਡੀ. ਸਿੰਘ ਐਸ. ਆਈ. (ਦੁਰਗਾਪੁਰੀ) ਅਤੇ ਆਰ ਕੇ ਪੁਰਮ ਦੇ ਐਸ. ਐਚ. ਓ. ਅਤੇ ਸਿਪਾਹੀ, ਤ੍ਰਿਲੋਕਪੁਰੀ ਦਾ ਐਸ. ਐਚ. ਓ. ਤਿਆਗੀ, ਇੰਸਪੈਕਟਰ ਰਾਨਾ, ਏ. ਐਸ. ਆਈ. ਬਖਸ਼ੀ ਅਤੇ ਸ਼ਕਰਪੁਰ ਦੇ ਐਸ. ਆਈ. ਮੂਲ ਚੰਦ ਦੇ ਨਾ ਵਰਨਣਯੋਗ ਹਨ।

ਰੀਪੋਰਟ ਵਿਚ ਫਸਾਦ ਗ੍ਰਸਤ ਇਲਾਕਿਆਂ ਦੇ 200 ਦੇ ਕਰੀਬ ਗੁੰਡਿਆਂ ਅਤੇ ਦਾਦਿਆਂ ਦੇ ਨਾਂ ਵੀ ਦਰਜ ਕੀਤੇ ਗਏ ਹਨ, ਜਿਨ੍ਹਾਂ ਨੇ ਕਤਲੇਆਮ, ਸਾੜ ਫੂਕ ਅਤੇ ਲੁੱਟਮਾਰ ਵਿਚ ਵੱਧ ਚੜ੍ਹ ਕੇ ਹਿਸਾ ਲਿਆ

ਇਹਨਾਂ ਫਸਾਦਾਂ ਦੀ ਰੀਪੋਰਟ ਦਿੱਲੀ ਦੇ ਲਗਭਗ ਸਾਰੇ ਅਖਬਾਰਾਂ ਨੇ ਬੜੀ ਦਲੇਰੀ ਅਤੇ ਨਿਰਪੱਖਤਾ ਨਾਲ ਰੀਪੋਰਟਿੰਗ ਕੀਤੀ ਪਰ "ਇੰਡੀਅਨ ਐਕਸਪ੍ਰੈਸ" ਅਤੇ ਇਸ ਗਰੁਪ ਦੇ ਹਿੰਦੀ ਅਖਬਾਰ "ਜਨਸਤਾ" ਨੇ ਬੜੀ ਹੀ ਦਲੇਰੀ ਨਾਲ ਸਿਆਸੀ ਲੀਡਰਾਂ, ਪੁਲੀਸ ਅਤੇ ਗੁੰਡਾ ਅੰਸਰਾਂ ਦੇ ਰੋਲ ਨੂੰ ਨੰਗਿਆ ਕੀਤਾ ਹੈ।

ਉਪਰੋਕਤ ਰੀਪੋਰਟ ਦੋ ਗੈਰ-ਸਿਆਸੀ ਪਰ ਮਨੁੱਖੀ ਕਦਰਾਂ ਕੀਮਤਾਂ ਅਤੇ ਹਿਤਾਂ ਦੀ ਰਾਖੀ ਵਾਲੀਆਂ ਨਿਰਪੱਖ ਸੰਸਥਾਵਾਂ ਵਲੋਂ ਬੜੀ ਮਿਹਨਤ ਨਾਲ ਤਿਆਰ ਕੀਤੀ ਗਈ ਹੈ। ਇਸ ਬਾਰੇ ਮੈਂ ਇਹੋ ਕਹਾਂਗਾ ਕਿ ਇਹ ਆਜ਼ਾਦ ਭਾਰਤ ਦੀ ਰਾਜਧਾਨੀ ਵਿਚ ਘਲੂਘਾਰਾ ਵਾਪਰਿਆ ਹੈ, ਜਦੋਂ ਕਿ ਦੇਸ਼ ਦਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਦਿੱਲੀ



ਨਗਰ ਨਿਗਮ ਦੇ ਮੇਅਰ ਸ: ਮਹਿੰਦਰ ਸਿੰਘ ਸਾਥੀ ਸਿਖ ਹਨ। ਦਿੱਲੀ, ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ "ਤਿਲਕ ਅਤੇ ਜੰਝੂ" ਦੀ ਰਾਖੀ ਲਈ ਆਪਣਾ ਮਹਾਨ ਬਲੀਦਾਨ ਦਿਤਾ — ਪਰ ਅੱਜ ਉਸ ਗੁਰੂ ਦੇ ਹੀ ਸਿੱਖਾਂ ਦਾ ਕਤਲੇਆਮ, ਬੀਬੀਆਂ ਦੀ ਬੇਪਤੀ ਅਤੇ ਅਰਬਾ ਖਰਬਾਂ ਰੁਪੈ ਦਾ ਨੁਕਸਾਨ ਫਿਰਕੂਆਂ ਅਤੇ ਗੁੰਡਾ ਅੰਸਰਾਂ ਨੇ ਕੀਤਾ ਹੈ। ਦੇਸ਼ ਦੀ ਹਕੂਮਤ (ਨਹਿਰੂ ਪਰੀਵਾਰ ਦੇ ਵੱਡੇ ਵਡੇਰੇ ਕਸ਼ਮੀਰੀ ਪੰਡਤ ਹਨ — ਉਹੋ ਕਸ਼ਮੀਰੀ ਪੰਡਤ ਜੋ ਗੁਰੂ ਜੀ ਪਾਸ ਔਰੰਗਜ਼ੇਬ ਵਿਰੁਧ ਫਰਿਆਦ ਲੈ ਕੇ ਗਏ ਸਨ) ਜੋ ਔਰੰਗਜ਼ੇਬ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ, ਦੀ ਸ਼ਹਿ ਨਾਲ ਕੀਤੇ ਹਨ। ਜਿਨ੍ਹਾਂ ਨੇਕ ਦਿਲ ਹਿੰਦੂਆਂ ਨੇ ਆਪਣੇ ਸਿੱਖ ਗਵਾਂਢੀਆਂ ਨੂੰ ਬਚਾਇਆ, ਉਨ੍ਹਾਂ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਹਿ ਸਕਦੇ।

ਪੰਜਾਬ ਵਿਚ ਬਸ ਵਿਚੋਂ ਜਦੋਂ 6 ਮੁਸਾਫਰਾਂ ਨੂੰ ਬਾਹਰ ਕੱਢ ਕੇ ਕਤਲ ਕਰ ਦਿੱਤਾ ਗਿਆ ਸੀ, ਤਾਂ ਦਰਬਾਰਾ ਸਿੰਘ ਦੀ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਸੀ। ਕਤਲਾਂ ਦੀਆਂ ਵਾਰਦਾਤਾਂ ਜਦੋਂ ਨਾ ਰੁਕੀਆਂ ਤਾਂ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦਿਤਾ ਗਿਆ ਅਤੇ ਫੌਜੀ. ਨੀਮ ਫੌਜੀ ਅਤੇ ਪੁਲੀਸ ਫੋਰਸਾਂ ਨੂੰ ਅਥਾਹ ਅਧਿਕਾਰ ਦਿਤੇ ਗਏ, ਕਿਸੇ ਵੀ ਵਿਅਕਤੀ ਨੂੰ ਬਿਨਾਂ ਕਾਰਣ ਦੱਸੇ ਗ੍ਰਿਫਤਾਰ ਕਰਨ ਦੇ, ਤਲਾਸ਼ੀ ਲੈਣ ਜਾਂ ਗੋਲੀ ਤੱਕ ਮਾਰਨ ਦੇ ਅਤੇ ਫਿਰ ਫੌਜੀ ਕਾਰਵਾਈ ਕੀਤੀ ਗਈ, ਪਰ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਹਜ਼ਾਰਾਂ ਹੀ ਮਾਸੂਮ ਸਿੱਖਾਂ ਦੇ ਵਹਿਸ਼ੀਆਨਾ ਕਤਲ ਤੇ ਉਨ੍ਹਾਂ ਦੀ ਜਾਇਦਾਦਾਂ ਦਾ ਸਾੜ ਫੂਕ ਨਾਲ ਸਰਕਾਰ ਦੇ ਕੰਨ ਤੇ ਜੂੰ ਨਹੀਂ ਰੇਂਗੀ, ਸਗੋਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਕਾਂਗਰਸ (ਆਈ) ਪਾਰਟੀ, ਜਿਸ ਦੇ ਉਹ ਖੁਦ ਪ੍ਰਧਾਨ ਹਨ, ਨੇ ਸ੍ਰੀ ਹਰਕ੍ਰਿਸ਼ਨ ਲਾਲ ਭਗਤ, ਜਗਦੀਸ਼ ਟਾਈਟਲਰ ਲਲਿਤ ਮਾਕਨ ਆਦਿ, ਜਿਨ੍ਹਾਂ ਦਾ ਫਸਾਦ ਕਰਾਉਣ ਵਿਚ ਅਨੇਕਾਂ ਅਖਬਾਰਾਂ ਅਤੇ ਉਪਰੋਕਤ ਦੋ ਗੈਰ ਸਿਆਸੀ ਸੰਸਥਾਵਾਂ ਵਲੋਂ ਹੱਥ ਸਥਾਪਤ ਹੋ ਚੁਕਾ ਹੈ, ਨੂੰ ਲੋਕ ਸਭਾ ਲਈ ਟਿਕਟਾਂ ਦਿਤੀਆਂ ਗਈਆਂ ਜਿਨ੍ਹਾਂ ਤੋਂ ਸਪੱਸ਼ਟ ਹੈ ਕਿ ਇਹਨਾਂ ਵਿਅਕਤੀਆਂ ਨੂੰ ਰਾਜੀਵ ਗਾਂਧੀ ਦਾ ਅਸ਼ੀਰਵਾਦ ਪ੍ਰਾਪਤ ਸੀ।

ਸ੍ਰੀ ਰਾਜੀਵ ਗਾਂਧੀ ਨੇ ਫਸਾਦੀਆਂ ਵਿਰੁਧ ਐਕਸ਼ਨ ਲੈਣ ਦੀ ਬਜਾਏ ਕਿਹਾ, "ਜਦੋਂ ਵੱਡਾ ਦਰੱਖਤ ਡਿੱਗਦਾ ਹੈ, ਤਾਂ ਧਰਤੀ ਹਿਲਦੀ ਹੈ।" ਕੀ ਇਹ ਦਰੱਖਤ (ਸ੍ਰੀਮਤੀ ਇੰਦਰਾ ਗਾਂਧੀ) ਮਹਾਤਮਾਂ ਗਾਂਧੀ, ਨਾਲੋਂ ਵੀ ਵੱਡਾ ਸੀ ? ਕੀ ਦਰੱਖਤ ਨੂੰ ਵੱਡਾ ਸਾਬਤ ਕਰਨ ਲਈ ਤਾਂ ਇਹ ਹਨੇਰੀ ਨਹੀਂ ਲਿਆਂਦੀ ਗਈ, ਤਾਂ ਜੋ ਜ਼ਮੀਨ ਹਿਲ ਸਕੇ ? ਇਸ ਦਾ ਉਤਰ ਇਤਿਹਾਸ ਵਰਤਮਾਨ ਸਰਕਾਰ ਤੋਂ ਮੰਗੇਗਾ।

ਦੱਖਣੀ ਅਫਰੀਕਾ — ਜ਼ੁਲਮ ਵੀ ਜਾਰੀ ਹੈ — ਸੰਘਰਸ਼ ਵੀ ਜਾਰੀ ਹੈ

ਸ: ਗੁਰਬਖਸ਼ ਸਿੰਘ ਦੀਵਾਨ

ਦੱਖਣੀ ਅਫਰੀਕਾ ਦਾ ਸੁਤੰਤਰਤਾ ਸੰਗਰਾਮ ਅੱਜ ਸਾਰੇ ਵਿਸ਼ਵ ਦੇ ਕ੍ਰਾਂਤੀਕਾਰੀ ਅੰਦੋਲਨ ਦਾ ਕੇਂਦਰੀ ਨੁਕਤਾ ਬਣਿਆ ਹੋਇਆ ਹੈ। ਇਤਹਾਦੀ ਸਭਾ(ਯੂ ਐਨ ੳ) ਵਾਰ ਵਾਰ ਦੱਖਣੀ ਅਫਰੀਕਾ ਵਿਚ ਨਸਲੀ ਵਿਤਕਰੇ ਨੂੰ ਖਤਮ ਕਰਕੇ ਉਸ ਦੇਸ਼ ਨੂੰ ਉਸ ਦੇਸ਼ ਦੇ ਕਾਲੇ ਲੋਕਾਂ ਦੇ ਹਵਾਲੇ ਕਰਨ ਦਾ ਫੈਸਲਾ ਦੇ ਚੁੱਕੀ ਹੈ। ਸੰਯੁਕਤ ਰਾਸ਼ਟਰ ਦੇ ਮਤੇ ਤੇ ਫੁੱਲ ਚਾੜ੍ਹਦਿਆਂ ਦੁਨੀਆਂ ਦੇ ਲਗਪੱਗ 150 ਦੇਸ਼ਾਂ ਨੇ ਦੱਖਣੀ ਅਫਰੀਕਾ ਦਾ ਰਾਜਸੀ ਤੇ ਆਰਥਿਕ ਬਾਈਕਾਟ ਕੀਤਾ ਹੋਇਆ ਹੈ। ਫਾਸਿਜ਼ਮ ਦੇ ਇਕ ਗੜ੍ਹ ਇਜ਼ਰਾਈਲ ਤੇ ਸਾਮਰਾਜੀ ਦੁਨੀਆਂ ਦੇ ਦੋ ਮੁਖੀ ਦੇਸ਼ਾਂ ਅਮਰੀਕਾ ਤੇ ਬਰਤਾਨੀਆਂ ਨੇ ਭਾਵੇਂ ਸ਼ੰਯੁਕਤ ਰਾਸ਼ਟਰ ਦੇ ਇਸ ਪ੍ਰਸਤਾਵ ਤੇ ਫੁੱਲ ਨਹੀਂ ਚੜ੍ਹਾਏ ਪਰ ਅਮਰੀਕਾ ਅੰਦਰ ਲੋਕਾਂ ਵਿਚ ਰੀਗਨ ਦੀ ਇਸ ਨੀਤੀ ਦਾ ਵਿਰੋਧ ਇਤਨਾ ਤਿੱਖਾ ਹੋਇਆ ਕਿ ਅਮਰੀਕਨ ਕਾਂਗਰਸ (ਪਾਰਲੀਮੈਂਟ) ਨੇ ਇਹ ਪਾਬੰਦੀ ਲਗਾਉਣ ਦਾ ਫੈਸਲਾ ਕਰ ਲਿਆ ਹੈ ਜਿਸ ਨੂੰ ਰੀਗਨ ਨੂੰ ਪ੍ਰਵਾਨ ਕਰਨਾ ਪਿਆ।

ਗੁਲਾਮੀ ਦਾ ਆਰੰਭ

ਦੱਖਣੀ ਅਫਰੀਕਾ ਦੀ ਗੁਲਾਮੀ ਦਾ ਇਤਿਹਾਸ ਸਤਾਰਵੀਂ ਸਦੀ ਦੇ ਅੱਧਵਾਟੇ ਤੋਂ ਸ਼ੁਰੂ ਹੁੰਦਾ ਹੈ ਜਦ 6 ਅਪ੍ਰੈਲ 1652 ਨੂੰ 'ਡਚ ਈਸਟ ਇੰਡੀਆ ਕੰਪਨੀ' ਨੇ ਕੇਪ ਆਫ ਗੁਡ ਹੋਪ ਤੇ ਆਪਣਾ ਅੱਡਾ ਕਾਇਮ ਕੀਤਾ। ਦਿਖਾਵੇ ਲਈ ਤਾਂ ਇਹ ਉਨ੍ਹਾਂ ਦੇ ਏਸ਼ੀਆ ਜਾਂਦੇ,ਸਮੁੰਦਰੀ ਜ਼ਹਾਜ਼ਾਂ ਲਈ ਈਂਧਨ ਸਪਲਾਈ ਦਾ ਅੱਡਾ ਸੀ ਪਰ ਅਸਲ ਵਿਚ ਇਹ ਦੱਖਣੀ ਅਫਰੀਕਾ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਨ ਦਾ ਪਹਿਲਾ ਕਦਮ ਸੀ। ਉਥੇ ਦੀ ਵਸੋਂ 'ਖੋਈ ਖੋਈ' ਤੇ 'ਹਾਟਨ ਟੋਟਸ' ਕਬੀਲੇ ਦੇ ਲੋਕਾਂ ਦੀ ਸੀ। ਜਿਨ੍ਹਾਂ ਨੂੰ ਇਨ੍ਹਾਂ ਚਿੱਟੀ ਚਮੜੀ ਵਾਲੇ ਸਾਮਰਾਜੀਆਂ ਨੇ ਪੂਰੀ ਤਰ੍ਹਾਂ ਖਤਮ ਕਰ ਦਿੱਤਾ। ਇਨ੍ਹਾਂ ਦੇ ਉਤਪਾਦਕ ਸਾਧਨਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਤੇ ਜਿਹੜੇ ਕਬਾਇਲੀ ਲੋਕ ਬਚ ਗਏ ਉਨ੍ਹਾਂ ਨੂੰ ਆਪਣਾ ਗੁਲਾਮ ਬਣਾ ਲਿਆ। ਜਿਵੇਂ ਅਮਰੀਕਾ ਵਿਚ 'ਵਾਈਟ ਇੰਡੀਅਨ' ਆਬਾਦੀ ਦਾ ਮੁਕੰਮਲ ਨਾਸ਼ ਕੀਤਾ ਗਿਆ ਇਵੇਂ ਹੀ ਕੰਪਨੀ ਦੇ ਕਾਰਿੰਦਿਆਂ ਨੇ ਇਨ੍ਹਾਂ ਕਬੀਲਿਆਂ ਦਾ ਲਗਪੱਗ ਪੂਰਾ ਸਫਾਇਆ ਕਰ ਦਿੱਤਾ ਕਿਉਂਕਿ ਇਨ੍ਹਾਂ ਹਮਲਾਵਰਾਂ ਕੋਲ ਕਬਾਇਲੀ ਲੋਕਾਂ ਤੋਂ ਬਹੁਤ ਸੁਚੱਜੇ ਹਥਿਆਰ ਸਨ। ਜਿਹੜੇ ਬਚੇ ਉਨ੍ਹਾਂ ਨੂੰ ਗੁਲਾਮ ਬਣਾ ਕੇ ਆਪਣੀ ਖੇਤੀਬਾੜੀ ਤੇ ਹੋਰ ਕੰਮਾਂ ਵਿਚ ਲਗਾ ਲਿਆ ਗਿਆ।

ਦੱਖਣੀ ਅਫਰੀਕਾ ਦੇ ਬਹਾਦਰ ਲੋਕ ਲਗਾਤਾਰ ਇਨ੍ਹਾਂ ਹਮਲਿਆਂ ਵਿਰੁੱਧ ਲੜਦੇ ਰਹੇ। ਮੁਢਲੀ ਸਦੀ ਵਿਚ ਹੀ ਬੋਇਰ ਤੇ ਬਰਤਾਨਵੀ ਹਮਲਾਵਰਾਂ ਵਿਰੁੱਧ ਨੌਂ ਯੁੱਧ ਲੜੇ ਗਏ। ਪਰ ਹੌਲੀ ਹੌਲੀ ਉਥੋਂ ਦੇ ਲੋਕਾਂ ਨੂੰ ਪੂਰਬ ਵੱਲ ਧਕੇਲ ਕੇ ਵੱਡੇ 'ਮਛਲੀ ਦਰਿਆ' ਦੇ ਪਾਰ ਧਕੇਲ ਦਿੱਤਾ ਗਿਆ।ਬੋਇਰਾਂ ਦੇ ਇਕ ਫਾਸਿਸਟ ਲੀਡਰ(piet Retief)ਪਾਈਟ ਰੇਟੀਫ ਨੇ 1836 ਵਿਚ ਇਕ ਮੈਨੀਫੈਸਟੋ ਛਾਪਿਆ ਜਿਸ ਵਿਚ ਉਸ ਨੇ ਨਸਲੀ ਵਿਤਕਰੇ ਦਾ ਸਿਧਾਂਤ ਪੇਸ਼ ਕੀਤਾ ਜੋ ਅੱਜ ਦੀ ਬੋਥਾ ਸਰਕਾਰ ਵੀ ਅਪਣਾ ਰਹੀ ਹੈ,ਪਰ ਦੱਖਣੀ ਅਫਰੀਕਾ ਦੇ ਜ਼ੂਲੂ ਬਾਦਸ਼ਾਹ ਡਿਨਗਾਨ ਹੱਥੋਂ ਉਸ ਨੂੰ ਭਾਰੀ ਹਾਰ ਦਾ ਮੂੰਹ ਵੇਖਣਾ ਪਿਆ। ਉਸ ਬਾਦਸ਼ਾਹ ਦਾ ਨਾਹਰਾ 'ਬੁਲਾ ਲਾ ਅਫਰੀਕਨ ਅਬਾਥਾਕਥੀ'.

(ਸ਼ੈਤਾਨ ਨੂੰ ਮਾਰ ਮੁਕਾਓ) ਸੀ ਜੋ ਅਫਰੀਕਨ ਨੈਸ਼ਨਲ ਕਾਂਗਰਸ ਦੇ ਅੱਜ ਦੇ ਗੁਰੀਲਿਆਂ ਦਾ ਵੀ ਮੁਖ ਜੰਗੀ ਨਾਹਰਾ ਹੈ। ਬਰਤਾਨੀਆ ਜੋ ਉਸ ਸਮੇਂ ਦੀ ਮੁਖ ਫੌਜੀ ਤੇ ਸਾਮਰਾਜੀ ਤਾਕਤ ਸੀ ਉਸ ਨੇ ਹਾਲੈਂਡ ਦੀ ਮੱਦਦ ਲਈ। ਆਪਣੀਆਂ ਫੌਜਾਂ ਦੱਖਣੀ ਅਫਰੀਕਾ ਭੇਜ ਕੇ ਅਫਰੀਕੀ ਲੋਕਾਂ ਨੂੰ ਦਬਾਉਣ ਵਿਚ ਸਫਲਤਾ ਪ੍ਰਾਪਤ ਕੀਤੀ ਪਰ ਫਿਰ ਵੀ ਹਥਿਆਰਬੰਦ ਅੰਦੋਲਨ 1906 ਵਿਚ ਲੜਿਆ ਗਿਆ ਜਿਵੇਂ ਹਿੰਦੁਸਤਾਨ ਵਿਚ 1857 ਦਾ ਘੋਲ ਲੜਿਆ ਗਿਆ ਸੀ ਪਰ ਬਰਤਾਨਵੀ ਸਾਮਰਾਜੀ ਖੂਨ ਦੀਆਂ ਨਦੀਆਂ ਵਹਾ ਕੇ ਇਸ ਅੰਦੋਲਨ ਨੂੰ ਦਬਾਉਣ ਵਿਚ ਸਫਲ ਹੋ ਗਏ। ਹਾਰ ਦੇ ਤੇ ਗੁਲਾਮੀ ਦੇ ਤਿੰਨ ਕਾਰਨ ਸਨ। ਅਫਰੀਕੀ ਲੋਕ ਇਕਮੁੱਠ ਹੋ ਕੇ ਲੜਾਈ ਨਾ ਕਰ ਸਕੇ। ਵੱਖ ਵੱਖ ਕਬੀਲੇ ਵੱਖ ਵੱਖ ਲੜਦੇ ਰਹੇ। ਯੂਰਪੀ ਤਾਕਤਾਂ ਕੋਲ ਬਹੁਤ ਉਨਤ ਹਥਿਆਰ ਤੇ ਲੜਾਈ ਦੇ ਸਾਧਨ ਸਨ ਜੋ ਅਫਰੀਕਨਾਂ ਪਾਸ ਨਹੀਂ ਸਨ-ਯੂਰਪ ਅੰਦਰ ਨਵਾਂ ਪੂੰਜੀਵਾਦੀ ਨਿਜ਼ਾਮ ਸਥਾਪਤ ਹੋ ਚੁੱਕਾ ਸੀ ਪਰ ਅਫਰੀਕਾ ਵਿਚ ਅਜੇ ਕਬਾਇਲ ਸਾਮੰਤਵਾਦੀ ਨਿਜ਼ਾਮ ਹੀ ਕਾਇਮ ਸੀ,ਪਰ ਘੋਲ ਦਾ ਇਤਿਹਾਸ ਮਾਣ ਭਰਿਆ ਹੈ।

ਦੱਖਣੀ ਅਫਰੀਕਾ ਨੂੰ ਗੁਲਾਮ ਬਣਾ ਕੇ ਬਰਤਾਨਵੀ ਸਾਮਰਾਜੀਆਂ ਨੇ 1910 ਵਿਚ ਸਾਰੇ ਵੱਖ ਵੱਖ ਕਬਾਇਲੀ ਇਲਾਕਿਆਂ ਨੂੰ ਇਕਮੁੱਠ ਕਰਕੇ 'ਦੱਖਣੀ ਅਫਰੀਕਾ ਦਾ ਸੰਯੁਕਤ ਦੇਸ਼' ਅਸਥਾਪਤ ਕਰ ਲਿਆ ਸੀ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ 8 ਜਨਵਰੀ 1912 ਨੂੰ ਸਲੂਮ ਫੌਨਟੇਨ ਸ਼ਹਿਰ ਵਿਖੇ ਇਕ ਮਹਾਨ ਕਾਨਫਰੰਸ ਜੁੜੀ ਜਿਸ ਵਿਚ ਟਰਾਂਸਕਈ ਤੇ ਜ਼ੂਲੂਲੈਂਡ ਦੇ ਪਿੰਡਾਂ ਦੇ ਲੋਕ,ਜੋਨਜ਼ਬਰਗ,ਕਿੰਬਰਲੇ, ਡਰਬਨ,ਪੋਰਟ ਐਲਿਜ਼ਬੈਥ,ਕੇਪ ਟਾਊਨ ਦੇ ਮਜ਼ਦੂਰ,ਬੁੱਧੀਜੀਵੀ ਤੇ ਹੋਰ ਪੇਸ਼ਾਵਰ ਲੋਕ,ਜ਼ੂਲੂ,ਜ਼ੋਕਸਾ,ਤਸਵਾਨਾ,ਸੋਥਾ,ਵੇਂਡਾ,ਸ਼ੰਗਾਨ,ਤੋਂਗਾ ਤੇ ਹੋਰ ਸਭ ਕਬੀਲਿਆਂ ਦੇ ਲੋਕ (ਜਿਨ੍ਹਾਂ ਦੀ ਫੁੱਟ ਤੇ ਆਪਸੀ ਲੜਾਈਆਂ ਕਾਰਨ ਹੀ ਦੇਸ਼ ਗੁਲਾਮ ਹੋਇਆ ਸੀ) ਇਕੱਠੇ ਹੋਏ ਸਨ। ਉਨ੍ਹਾਂ ਇਕ ਮੁੱਠ ਹੋ ਕੇ ਰਾਸ਼ਟਰੀ ਪੱਧਰ ਤੇ ਆਜ਼ਾਦੀ ਦਾ ਘੋਲ ਲੜਨ ਦਾ ਫੈਸਲਾ ਕੀਤਾ ਤੇ ਅਫਰੀਕਨ,ਨੈਸ਼ਨਲ ਕਾਂਗਰਸ ਦੀ ਅਸਥਾਪਨਾ ਕੀਤੀ। ਇਕੱਠੇ ਹੋਏ ਲੋਕਾਂ ਦੀ ਸੂਝ ਦੀ ਪੱਧਰ ਕਿਹੋ ਜਿਹੀ ਸੀ ਇਸ ਦਾ ਪ੍ਰਗਟਾ ਇਸ ਗੱਲ ਤੋਂ ਹੁੰਦਾ ਹੈ ਕਿ ਸਭ ਨੇ ਇਸ ਸੰਗਰਾਮ ਵਿਚ ਇਕ ਮੁੱਠ ਹੋਣਾ ਮੰਨ ਲਿਆ ਪਰ ਜਥੇਬੰਦੀ ਵਿਚ ਉਨ੍ਹਾਂ ਦੇ ਵੱਖ ਵੱਖ ਹਾਊਸ ਬਣਾਏ,ਇਕ ਰਜਵਾੜਿਆਂ ਦਾ ਸੰਗਠਨ(House of chiefs) ਤੇ ਦੂਜਾ ਆਮ ਲੋਕਾਂ ਦਾ ਸੰਗਠਨ(House of Commons)ਇਸ ਕਾਂਗਰਸ ਨੇ ਹਰ ਇਕ ਨੂੰ ਬਰਾਬਰ ਵੋਟ ਦਾ ਅਧਿਕਾਰ ਤੇ ਬੇਜ਼ਮੀਨਿਆਂ ਨੂੰ ਜ਼ਮੀਨ ਦਿਲਵਾਉਣ ਦੇ ਦੋ ਮੁਖ ਕੰਮ ਆਪਣੇ ਸਾਹਮਣੇ ਰੱਖੇ ਤੇ ਲਗਾਤਾਰ ਘੋਲਾਂ ਦੀ ਅਗਵਾਈ ਕਰਦਿਆਂ ਅੱਜ ਇਹ ਦੱਖਣੀ ਅਫਰੀਕਾ ਵਿਚ ਹਥਿਆਰਬੰਦ ਮੁਕਤੀ ਸੰਘਰਸ਼ ਦੀ ਮੁਹਰਲੀ ਸ਼ਕਤੀ ਬਣ ਚੁੱਕੀ ਹੈ। ਇਹ ਨਾ ਸਿਰਫ ਸਭ ਤੋਂ ਮੁਢਲੀ ਆਜ਼ਾਦੀ ਲਈ ਲੜ ਰਹੀ ਜਥੇਬੰਦੀ ਹੈ ਬਲਕਿ ਇਹ ਅੱਜ ਲੋਕਾਂ ਵਿਚ ਸਭ ਤੋਂ ਜ਼ਿਆਦਾ ਪ੍ਰਸਿਧ ਤੇ ਲੋਕਪ੍ਰਿਯ ਹੈ। ਇਸ ਪਾਸ ਹਥਿਆਰਬੰਦ ਜਨਤਕ ਫੌਜ ਹੈ,ਇਕ ਕੁਰਬਾਨੀ ਵਾਲੀ ਲੀਡਰਸ਼ਿਪ ਹੈ,ਇਕ ਮਜ਼ਬੂਤ ਜਥੇਬੰਦੀ ਹੈ,ਜੋ ਚਿੱਟੀ ਖਲੜੀ ਵਾਲੀ ਸਰਕਾਰ ਦੇ ਜ਼ੁਲਮ ਤੇ ਫੁੱਟ ਪਾਊ ਸਾਜ਼ਸਾਂ ਦਾ ਡਟਵਾਂ ਮੁਕਾਬਲਾ ਕਰ ਸਕਦੀ ਹੈ।

ਇਸ ਮੁਕਤੀ ਅੰਦੋਲਨ ਵਿਚ ਇਹ ਜਥੇਬੰਦੀ ਆਪਣੇ ਹਜ਼ਾਰਾਂ ਸਪੂਤਾਂ ਨੂੰ ਕੁਰਬਾਨ ਕਰਵਾ ਚੁੱਕੀ ਹੈ ਤੇ ਹੋਰ ਹਜ਼ਾਰਾਂ ਤਲੀ ਤੇ ਸੀਸ ਰੱਖ ਕੇ ਇਸ ਦੀ ਅਗਵਾਈ ਵਿਚ ਘੋਲ ਵਿਚ ਕੁੱਦੇ ਹੋਏ ਹਨ। 1910 ਵਿਚ ਜਦ ਬਰਤਾਨੀਆ ਨੇ ਦੱਖਣੀ ਅਫਰੀਕਾ ਦੇ ਚਾਰ ਪ੍ਰਾਂਤਾਂ ਨੂੰ ਇਕ ਮੁੱਠ ਕਰਕੇ ਸੰਯੁਕਤ ਰਾਜ ਅਸਥਾਪਤ ਕੀਤਾ ਤੇ ਉਸ ਨੂੰ ਡੋਮਿਨੀਅਨ ਸਟੇਟਸ ਦਾ ਦਰਜਾ ਦਿੱਤਾ। ਉਸ ਨੇ ਸਿਰਫ ਗੋਰਿਆਂ ਨੂੰ ਵੋਟ ਦਾ ਅਧਿਕਾਰ ਦਿੱਤਾ ਜਿਨ੍ਹਾਂ ਦੀ ਪਾਰਲੀਮੈਂਟ ਨੇ 1913 ਵਿਚ ਜ਼ਮੀਨ ਦਾ ਨਵਾਂ ਕਾਨੂੰਨ ਬਣਾ ਕੇ 87 ਫੀਸਦੀ ਜ਼ਮੀਨ ਤੋਂ ਅਫਰੀਕਨਾਂ ਨੂੰ ਬੇਦਖਲ ਕਰ ਦਿੱਤਾ ਤੇ ਉਨ੍ਹਾਂ ਕੋਲ ਭੁੱਖੇ ਮਰਨ ਜਾਂ ਅੰਗਰੇਜ਼ਾਂ ਦੇ ਫਾਰਮਾਂ,ਖਾਣਾਂ ਅਤੇ ਕਾਰਖਾਨਿਆਂ ਵਿਚ ਕੰਮ ਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਸੀ। ਅਫਰੀਕਨਾਂ ਲਈ ਇਸ ਕਾਨੂੰਨ ਨੂੰ ਖਤਮ ਕਰਵਾ ਕੇ ਮੁੜ ਜ਼ਮੀਨਾਂ ਪ੍ਰਾਪਤ ਕਰਨਾ ਇਕ ਮੁਖ ਕੰਮ ਬਣ ਗਿਆ। ਅਫਰੀਕਨ ਨੈਸ਼ਨਲ ਕਾਂਗਰਸ ਨੇ ਮੁਢ ਤੋਂ ਹੀ ਇਸ ਲਈ ਤੇ ਸਾਰੀ ਆਬਾਦੀ ਨੂੰ ਵੋਟ ਦੇ ਹੱਕ ਲਈ ਲੜਨਾ ਸ਼ੁਰੂ ਕੀਤਾ ਸੀ। ਤੇ ਹੁਣ ਤਕ ਕਰ ਰਹੀ ਹੈ।

ਅਫਰੀਕਨ ਨੈਸ਼ਨਲ ਕਾਂਗਰਸ ਨੇ ਮੁਢਲੇ ਕੰਮ ਵਜੋਂ 'ਨਸਲਵਾਦ ਦੇ ਦਿਓ ਨੂੰ ਕੀਲਣਾ,ਖੋਗੋ ਤੇ ਫਿੰਗੋ ਕਬੀਲਿਆਂ ਦੇ ਟਕਰਾਓ ਨੂੰ ਮੁਕਾਣਾ,ਜ਼ੂਲੂ ਤੇ ਟਾਂਗਾ ਲੋਕਾਂ ਦੀ ਲੰਬੇ ਦੇਰ ਤੋਂ ਚਲੀ ਆਈ ਦੁਸ਼ਮਣੀ ਨੂੰ ਖਤਮ ਕਰਨਾ,ਬਸੂਟੋ ਤੇ ਦੂਜੇ ਲੋਕਾਂ ਵਿਚ ਦੁਸ਼ਮਣੀ ਨੂੰ ਡੂੰਘੇ ਖੱਡੇ ਵਿਚ ਦਫਨਾਉਣਾ ਤੇ ਸਾਰੇ ਲੋਕਾਂ ਵਿਚ ਇਕ ਹੋਣ ਦੇ ਜਜ਼ਬੇ ਨੂੰ ਉਜਾਗਰ ਕਰਨਾ' ਉਲੀਕਿਆ ਤੇ ਪਿਛਲੇ 75 ਸਾਲਾਂ ਵਿਚ ਫਾਸਿਸਟ ਨਸਲੀ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਮੁਕਾਬਲੇ ਵਿਚ ਰਾਸ਼ਟਰੀਆ ਏਕਤਾ ਦਾ ਜਜ਼ਬਾ ਪੈਦਾ ਕਰਨ ਵਿਚ ਸਫਲ ਹੋਈ ਹੈ।

ਦੂਜੀ ਵਿਸ਼ਵ ਜੰਗ ਤੋਂ ਉਪਰੰਤ 1949 ਵਿਚ ਅਫਰੀਕਨ ਨੈਸ਼ਨਲ ਕਾਂਗਰਸ ਨੇ ਇਕ ਲੜਾਕੂ ਪ੍ਰੋਗਰਾਮ ਅਪਨਾਇਆ,ਸਮਾਜੀ ਬਾਈਕਾਟ,ਸ਼ਾਂਤੀ ਪੂਰਵ ਵਿਰੁੱਧ,ਹੜਤਾਲਾਂ ਤੇ ਹੋਰ ਅਵਾਮੀ ਘੋਲਾਂ ਦੀ ਨੀਤੀ ਨੇ ਹਜ਼ਾਰਾਂ ਨੌਜਵਾਨਾਂ ਤੇ ਬੁੱਧੀਜੀਵੀਆਂ ਨੂੰ ਆਪਣੇ ਵੱਲ ਖਿਚਿਆ। 1950 ਦੀ ਮਈ ਦਿਵਸ ਦੀ ਹੜਤਾਲ ਤੇ ਉਸ ਸਮੇਂ ਗੋਲੀਆਂ ਨਾਲ ਮਜ਼ਦੂਰ ਹੜਤਾਲੀਆਂ ਦੀ ਸ਼ਹਾਦਤ ਇਕ ਅਵਾਮੀ ਉਭਾਰ ਦਾ ਕਾਰਨ ਬਣੀ। 26 ਜੂਨ ਸੋਗ ਦਿਨ ਮਨਾਇਆ ਗਿਆ,ਜਿਹੜਾ ਕਿ ਬਾਅਦ ਵਿਚ ਅਫਰੀਕਨ ਨੈਸ਼ਨਲ ਕਾਂਗਰਸ ਦਾ ਇਕ ਇਤਿਹਾਸਕ ਦਿਨ ਬਣ ਗਿਆ ਤੇ ਇਸ ਨੂੰ 'ਦੱਖਣੀ ਅਫਰੀਕਾ ਦੇ ਮੁਕਤੀ ਦਿਵਸ' ਵਜੋਂ ਹਰ ਸਾਲ ਮਨਾਇਆ ਗਿਆ। ਉਸ ਤੋਂ ਉਪਰੰਤ ਨਸਲੀ ਵਿਤਕਰੇ ਦੇ ਕਾਨੂੰਨਾਂ ਵਿਰੁੱਧ ਲਗਾਤਾਰ ਘੋਲ ਜਾਰੀ ਰਿਹਾ।

ਬਾਕੀ ਪੰਨਾ 3[illegible] 'ਤੇ



ਪੰਨਾ 30 ਦੀ ਬਾਕੀ

(1) ਇਕ ਜਲੂਸ ਨੂੰ ਰੋਕਣ ਲਈ ਤਿਆਰ ਪੁਲਸ ਅਤੇ ਉਚ ਅਧਿਕਾਰੀ (2) ਵਿਖਾਵੇ ਨੂੰ ਖਿੰਡਾਉਣ ਲਈ ਕੁੱਤਿਆਂ ਦੀ ਵਰਤੋਂ (3) ਅਫਰੀਕੀ ਨੈਸ਼ਨਲ ਕਾਂਗਰਸ ਦੀ ਅਗਵਾਈ 'ਚ ਇਕ ਵਿਸ਼ਾਲ ਰੋਸ ਮਾਰਚ ਦਾ ਦ੍ਰਿਸ਼ (4) ਬਹੁਗਿਣਤੀ ਕਾਲੇ ਲੋਕਾਂ ਦੀਆਂ ਬਸਤੀਆਂ ਦੀ ਤਰਸਯੋਗ ਹਾਲਤ (5) ਪੁਲਸ ਵੈਨ ਵਿਚ ਗ੍ਰਿਫਤਾਰ ਕਰਕੇ ਲੈ ਜਾਏ ਜਾ ਰਹੇ ਅੰਦੋਲਨਕਾਰੀ।

1955 ਵਿਚ ਆਜ਼ਾਦੀ ਦੇ ਐਲਾਨਨਾਮੇ ਉਤੇ ਦਸਖਤਾਂ ਲਈ 50000 ਨੌਜਵਾਨਾਂ ਦੀ ਮੰਗ ਉਪਰ ਵਿਦਿਆਰਥੀਆਂ,ਬੁੱਧੀਜੀਵੀਆਂ, ਮਜ਼ਦੂਰਾਂ,ਕਿਸਾਨਾਂ,ਦੁਕਾਨਦਾਰਾਂ,ਪੇਸ਼ਾਵਰ ਲੋਕਾਂ,ਅਫਰੀਕਨ, ਹਿੰਦੁਸਤਾਨੀ ਕਾਲਿਆਂ ਤੇ ਗੋਰਿਆਂ ਦਾ ਜਿਵੇਂ ਹੜ੍ਹ ਹੀ ਉਠ ਆਇਆ ਤੇ 26 ਜੂਨ ਨੂੰ ਇਸ ਐਲਾਨਨਾਮੇ ਦੀ ਪ੍ਰਵਾਨਗੀ ਲਈ ਇਕ ਮਹਾਨ ਇਕੱਠ ਨੇ ਲੋਕ ਕਾਂਗਰਸ ਦੇ ਸਮੇਂ ਕੀਤੀ। ਇਸ ਐਲਾਨਨਾਮੇ ਤੋਂ ਗੋਰੀ ਸਰਕਾਰ ਇਤਨੀ ਭੈਭੀਤ ਹੋਈ ਕਿ ਉਸ ਨੇ ਨਾ ਸਿਰਫ 156 ਮੁਖ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਬਲਕਿ ਇਸ ਐਲਾਨਨਾਮੇ ਨੂੰ ਬਗਾਵਤ ਦਾ ਨਾਂ ਦੇ ਕੇ ਉਨ੍ਹਾਂ ਨੂੰ ਸਰਕਾਰ ਵਿਰੁੱਧ ਬਗਾਵਤ ਦਾ ਜੁਰਮ ਲਾ ਕੇ ਕੇਸ ਚਲਾਇਆ। ਫਿਰ ਅੰਦੋਲਨ ਹੋਰ ਤਿੱਖਾ ਹੋਇਆ। ਸਰਕਾਰ ਵਲੋਂ ਕਾਲੇ ਲੋਕਾਂ ਉਤੇ ਜੋ ਖਾਸ ਇਲਾਕਿਆਂ 'ਚ ਦਾਖਲੇ ਲਈ ਪਾਸ ਲੈਣ ਦਾ ਫੈਸਲਾ ਠੋਸਿਆ ਗਿਆ ਉਸ ਦਾ ਡਟਵਾਂ ਵਿਰੋਧ ਹੋਇਆ। 1958-1959-1960 ਵਿਚ ਹੜਤਾਲਾਂ ਤੇ ਬੰਦ ਹੋਏ। ਆਖਰ ਗੋਰੀ ਸਰਕਾਰ ਨੇ ਸ਼ਾਰਪਵਿਲੇ ਵਿਖੇ ਜਲਿਆਂਵਾਲੇ ਬਾਗ ਵਾਂਗ ਅਥਾਹ ਖੂਨ ਵਗਾਇਆ। ਜਦ ਲੋਕ ਵਿਰੋਧ ਵਧਿਆ ਤਾਂ ਸਰਕਾਰ ਨੇ 1961 ਵਿਚ ਅਫਰੀਕਨ ਨੈਸ਼ਨਲ ਕਾਂਗਰਸ ਨੂੰ ਗੈਰਕਾਨੂੰਨੀ ਕਰਾਰ ਦੇ ਦਿਤੱਾ।

ਗੈਰੁਕਾਨੂੰਨੀ ਕਰਾਰ ਦੇਣ ਨਾਲ ਲਹਿਰ ਦਬੀ ਨਹੀਂ,ਬਲਕਿ ਹੋਰ ਉਭਰਨੀ ਸ਼ੁਰੂ ਹੋਈ। ਅੰਡਰ ਗਰਾਊਂਡ ਲਹਿਰ ਭਾਵੇਂ ਮੁਖ ਤੌਰ ਤੇ ਸ਼ਾਂਤਮਈ ਸੀ ਗੋਰੀ ਨਸਲੀ ਸਰਕਾਰ ਦੇ ਫਾਸ਼ੀ ਜ਼ੁਲਮ ਨੇ ਲਹਿਰ ਨੂੰ ਮਜ਼ਬੂਰ ਕੀਤਾ ਕਿ ਉਹ ਹਥਿਆਰ ਚੁੱਕੇ। 1961 ਵਿਚ ਲਹਿਰ ਦਾ ਫੌਜੀ ਹਿੱਸਾ 'ਉਂਮਖੋਂਟੋ ਵੀ ਸਿਜ਼ਵੇ' ਖੜ੍ਹਾ ਕੀਤਾ ਗਿਆ। 50 ਸਾਲ ਦੇ ਸ਼ਾਂਤੀਪੂਰਨ ਅੰਦੋਲਨ ਨੂੰ ਜਿਸ ਜ਼ੁਲਮ ਦਾ ਸਾਹਮਣਾ ਕਰਨਾ ਪਿਆ। ਉਸ ਕਾਰਨ ਗੈਰਕਾਨੂੰਨੀ ਅਫਰੀਕਨ ਕਾਂਗਰਸ ਨੇ ਹਥਿਆਰਬੰਦ ਕ੍ਰਾਂਤੀ ਦਾ ਰਸਤਾ ਅਪਨਾਇਆ। ਸਰਕਾਰੀ ਜਬਰ ਜ਼ੁਲਮ ਦਾ ਮੁਕਾਬਲਾ ਹਥਿਆਰਾਂ ਨਾਲ ਕੀਤਾ ਜਾਵੇ। ਇਹ ਜ਼ਿੰਮੇਵਾਰੀ ਨੈਲਸਨ ਮੰਡੇਲਾ ਦੇ ਮੋਢੇ ਤੇ ਪਈ ਉਸ ਨੇ ਆਪ ਵੀ ਹਥਿਆਰਾਂ ਦੀ ਟਰੇਨਿੰਗ ਲਈ ਤੇ ਉਹ ਕ੍ਰਾਂਤੀਕਾਰੀ ਹਿੰਸਾ ਨੂੰ ਜਾਇਜ਼ ਤੇ ਅਵੱਸ਼ਕ ਕਹਿ ਕੇ ਡਟ ਕੇ ਇਸ ਦਾ ਸਮਰਥਨ ਕੀਤਾ

ਜਦ ਉਹ ਗ੍ਰਿਫਤਾਰ ਹੋ ਗਿਆ ਉਸ ਨੇ ਡਟ ਕੇ ਕਚਹਿਰੀ ਵਿਚ ਕਿਹਾ,'ਅਸੀਂ ਕਿਤਨੇ ਸ਼ਾਰਪਵੈਲ ਦੇ ਸਾਕੇ ਸਹਾਰਾਂਗੇ ਤੇ ਕਿਤਨੇ ਬੇਕਸੂਰ ਅਫਰੀਕਨਾਂ ਦਾ ਖੂਨ ਹੋਰ ਡੁਲ੍ਹੇਗਾ। ਹੁਣ ਸਾਨੂੰ ਆਪਣੀ ਰੱਖਿਆ ਲਈ ਤਸ਼ੱਦਦ ਦਾ ਮੁਕਾਬਲਾ ਤਸ਼ੱਦਦ ਨਾਲ ਕਰਨਾ ਪਵੇਗਾ।' ਤਦ ਤੋਂ ਅਫਰੀਕਨ ਨੈਸ਼ਨਲ ਕਾਂਗਰਸ ਨੇ ਗੁਰੀਲਾ ਲੜਾਈ ਦਾ ਢੰਗ ਅਪਨਾਇਆ ਹੈ ਤੇ ਇਸ ਘੋਲ ਵਿਚ ਭਾਵੇਂ ਹਜ਼ਾਰਾਂ ਨੌਜਵਾਨ ਕੁਰਬਾਨ ਹੋ ਜਾਣ ਇਹ ਲੜਾਈ ਲਗਾਤਾਰ ਚਲੇਗੀ। ਭਾਵੇਂ ਨੈਲਸਨ ਮੰਡੇਲਾ ਨੂੰ 25 ਸਾਲ ਤੋਂ ਜੇਲ੍ਹ ਦੀ ਕਾਲਕੋਠੜੀ ਵਿਚ ਡੱਕਿਆ ਹੈ ਉਸ ਦੀ ਬਹਾਦਰ ਆਵਾਜ਼ ਅੱਜ ਸਾਰੇ ਸੰਸਾਰ ਵਿਚ ਗੂੰਜ ਰਹੀ ਹੈ।

ਸੱਚ

ਜੀ ਤਾਂ ਮੇਰਾ ਵੀ ਕਰਦੈ
ਕਿ ਮੈਂ ਵੀ ਗਾਵਾਂ
ਸਾਰੇ ਜਹਾਂ ਸੇ ਅੱਛਾ...

ਪਰ ਦੋਸਤੋ
ਯਕੀਨ ਕਰਨਾ
ਮੈਂ ਝੂਠ ਬੋਲਣਾ ਛੱਡ ਦਿੱਤਾ ਏ

ਉਹ ਆਪਣੇ ਘਰ ਪਰਤ ਗਏ

'ਸੂਫ਼ੀ' ਅਮਰਜੀਤ



ਸਾਡਾ ਯੁੱਗ ਸਰਮਾਏਦਾਰੀ ਤੋਂ ਸਮਾਜਵਾਦ ਵਿੱਚ ਤਬਦੀਲੀ ਯੁਗ ਹੈ। ਇਸ ਸਚਾਈ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਪ੍ਰੰਤੂ ਸਰਮਾਏਦਾਰੀ ਪ੍ਰਬੰਧ ਦਾ ਸੰਸਾਰ ਇਸ ਇਤਿਹਾਸਕ ਤਬਦੀਲੀ ਦੇ ਅਮਲ ਨੂੰ ਰੋਕਣ ਲਈ ਆਪਣੀ ਪੂਰੀ ਵਾਹ ਲਾ ਰਿਹਾ ਹੈ। ਇਸ ਤਬਦੀਲੀ ਦੇ ਅਮਲ ਨੂੰ ਰੋਕਣ ਲਈ ਅੱਜ ਲੁਟੇਰੇ ਸਰਮਾਏਦਾਰੀ ਪ੍ਰਬੰਧ ਦਾ ਆਗੂ ਅਮਰੀਕੀ ਸਾਮਰਾਜ ਹੈ। ਅਮਰੀਕੀ ਸਾਮਰਾਜ ਨੇ ਅੱਜ ਜਰਮਨ ਫਾਸ਼ੀਵਾਦ ਦੀ ਥਾਂ ਲੈ ਲਈ ਹੈ, ਪ੍ਰੰਤੂ ਉਸ ਨੇ ਸਮਾਜਵਾਦ ਵਿਚ ਤਬਦੀਲੀ ਨੂੰ ਰੋਕਣ ਲਈ ਸਿਧਾ ਸੋਵੀਅਤ ਯੂਨੀਅਨ ਵ੍ਰਿਰੁਧ ਫੌਜੀ ਕਾਰਵਾਈ ਕਰਨ ਤੋਂ ਇਸ ਕਰਕੇ ਆਪਣੇ ਆਪ ਨੂੰ ਰੋਕਿਆ ਹੋਇਆ ਹੈ ਕਿ ਅੱਜ ਸੋਵੀਅਤ ਯੂਨੀਅਨ ਇਸ ਗੱਲ ਦੇ ਸਮੱਰਥ ਹੈ ਕਿ ਉਹ ਅਮਰੀਕੀ ਧਾਵੇ ਨੂੰ ਪੂਰੀ ਸ਼ਕਤੀ ਨਾਲ ਅਤੇ ਵਿਸ਼ਵਾਸ਼ ਨਾਲ ਰੋ ਕੇ ਮੂੰਹ ਤੋੜ ਜਵਾਬ ਵੀ ਦੇ ਸਕਦਾ ਹੈ। ਭਾਵੇਂ ਕਿ ਸੋਵੀਅਤ ਯੂਨੀਅਨ ਨੂੰ ਚਾਰੇ ਪਾਸਿਆਂ ਤੋਂ ਅਮਰੀਕੀ ਸਾਮਰਾਜ ਨੇ ਐਟਮੀ ਹਥਿਆਰ ਬੀੜ ਕੇ ਅਤੇ ਫੌਜਾਂ ਨਾਲ ਘੇਰਿਆ ਹੋਇਆ ਹੈ। ਜਦੋਂ ਕਿ ਉਸ ਨੇ 1951 ਵਿਚ ਕੋਰੀਆ ਉਪਰ ਹਮਲਾ ਕਰਕੇ, 1954 ਤੋਂ 1975 ਤੱਕ ਹਿੰਦ-ਚੀਨੀ (ਅੱਜ ਦਾ ਵੀਅਤਨਾਮ, ਲਾਓਸ ਅਤੇ ਕੰਬੋਡੀਆ) ਉਪਰ ਫੌਜੀ ਹਮਲਾ ਕਰਕੇ ਮੂੰਹ ਦੀ ਖਾਧੀ। ਕਿਊਬਾ ਦੇ ਇਨਕਲਾਬ ਨੂੰ ਡੇਗਣ ਲਈ ਪੂਰਾ ਤਾਣ ਲਾਇਆ, ਪਰ ਹਾਰ ਖਾਣੀ ਪਈ। ਗਰਨੇਡਾ ਵਿਚ ਲੋਕ ਜਮਹੂਰੀ ਸਰਕਾਰ ਨੂੰ 1983 ਵਿਚ ਫੌਜੀ ਧਾੜਾਂ ਚਾੜ੍ਹ ਕੇ ਕੁਚਲ ਦਿਤਾ ਅਤੇ ਨਿਕਾਰਗੋਆ ਦੇ ਇਨਕਲਾਬ ਨੂੰ ਢਾਅ ਲਾਉਣ ਲਈ ਵੀ ਭਾਵੇਂ ਯਤਨਸ਼ੀਲ ਹੈ ਪਰ ਸੰਸਾਰ ਦੀ ਲੋਕ ਰਾਏ ਅਤੇ ਨਿਕਾਰਗੋਆ ਦੀ ਸਰਕਾਰ ਅਤੇ ਲੋਕਾਂ ਦੀ ਦ੍ਰਿੜ੍ਹਤਾ ਨੇ ਉਸ ਦੀ ਹਾਰ ਦੇ ਲਈ ਟੋਆ ਪੁੱਟ ਦਿਤਾ ਹੋਇਆ ਹੈ। ਅਫਗਾਨਸਤਾਨ ਦੇ ਮਸਲੇ ਨੂੰ ਵੀ ਅਮਰੀਕਾ ਨੇ ਪਾਕਿਸਤਾਨ ਨੂੰ ਆਧਾਰ ਬਣਾ ਕੇ ਆਪਣੀਆਂ ਸਾਜ਼ਸ਼ੀ ਚਾਲਾਂ ਦਾ ਸ਼ਿਕਾਰ ਬਣਾਉਣਾ ਚਾਹਿਆ ਪ੍ਰੰਤੂ ਉਨ੍ਹਾਂ ਸੋਵੀਅਤ ਯੂਨੀਅਨ ਦੀ ਸਹਾਇਤਾ ਨਾਲ ਇਸ ਸਾਜ਼ਸ਼ ਨੂੰ ਫੇਲ ਕਰ ਦਿੱਤਾ ਹੈ।

ਫੌਜੀ ਸਾਜ਼ਸ਼ਾਂ ਨੂੰ ਲਾਂਭੇ ਛੱਡਦਿਆਂ, ਅਮਰੀਕਾ ਨੇ ਇਕ ਝੂਠੀ ਪਰਚਾਰ ਮੁਹਿਮ ਸਾਰੇ ਸਮਾਜਵਾਦੀ ਦੇਸ਼ਾਂ ਵਿਰੁੱਧ ਖਾਸ ਕਰਕੇ ਸੋਵੀਅਤ ਯੂਨੀਅਨ ਵਿਰੁੱਧ ਅਰੰਭੀ ਹੋਈ ਹੈ ਕਿ ਸੋਵੀਅਤ ਯੂਨੀਅਨ ਵਿਚ ਮਨੁੱਖੀ ਅਧਿਕਾਰਾਂ ਨੂੰ ਬੁਰੀ ਤਰ੍ਹਾਂ ਕੁਚਲਿਆ ਜਾ ਰਿਹਾ ਹੈ। ਇਹ ਅਖੌਤੀ 'ਆਜ਼ਾਦ ਦੁਨੀਆਂ' ਹੈ ਜਿਥੇ ਸਭ ਖੁੱਲ੍ਹਾਂ ਹਨ, ਸਭ ਪਦਾਰਥਕ ਬਹੁਲਤਾਈਆਂ ਹਨ, ਲੋਕ 'ਸੁਰਗ' ਵਿਚ ਰਹਿ ਰਹੇ ਹਨ ਆਦਿ।

ਇਸ ਝੂਠੇ ਪ੍ਰਚਾਰ ਨੂੰ ਅਮਰੀਕਾ 'ਵਾਇਸ ਆਫ ਅਮਰੀਕਾ' ਦੇ ਰੇਡੀਓ ਸਟੇਸ਼ਨ ਦੁਆਰਾ ਕਰਦਾ ਹੈ। ਇਕੱਲੇ ਸੋਵੀਅਤ ਯੂਨੀਅਨ ਲਈ ਹਫਤੇ ਵਿਚ ਵੱਖੋ ਵੱਖ ਭਾਸ਼ਾਵਾਂ ਵਿਚ 232 ਘੰਟੇ, ਇਸ ਤਰ੍ਹਾਂ ਦਾ ਪਰਚਾਰ ਕਰਕੇ, ਕਬਰ ਵਿਚ ਪਏ ਹਿਟਲਰ ਦੇ ਝੂਠੇ ਪਰਚਾਰਕ ਗੋਬਲਜ਼ ਨੂੰ ਸ਼ਰਮਸਾਰ ਕਰ ਰਿਹਾ ਹੈ।

232 ਘੰਟੇ ਹਫਤੇ ਦਾ ਝੂਠਾ ਪਰਚਾਰ ਆਪਣਾ ਕੁਝ ਨਾ ਕੁਝ ਅਸਰ ਤਾਂ ਕਰਦਾ ਹੀ ਹੈ। ਉਨ੍ਹਾਂ ਸੋਵੀਅਤ ਯੂਨੀਅਨ ਵਿਚ ਵਸਣ ਵਾਲੇ "ਜਹੂਦੀਆਂ" ਨੂੰ ਖਾਸ ਕਰਕੇ ਉਕਸਾਇਆ ਜਿਸ ਨਾਲ ਉਨ੍ਹਾਂ ਵਿਚ ਜਹੂਦੀ ਸ਼ੋਵਨਵਾਦ ਪੈਦਾ ਕਰਕੇ ਉਨ੍ਹਾਂ ਨੂੰ ਸੋਵੀਅਤ ਯੂਨੀਅਨ ਵਿਚੋਂ ਬਾਹਰ ਜਾਣ ਲਈ ਬੇਚੈਨ ਕਰ ਦਿੱਤਾ। ਉਨ੍ਹਾਂ ਦੀ ਪੱਛਮੀ ਦੁਨੀਆਂ ਦੇ ਲੁਭਾਉਣੇ ਸੁਫਨਿਆਂ ਨੇ ਰਾਤਾਂ ਦੀ ਨੀਂਦ ਹਰਾਮ ਕਰ ਦਿੱਤੀ।

ਅਮਰੀਕਨ ਝੂਠੇ ਪ੍ਰਾਪੇਗੰਡੇ ਦੇ ਸ਼ਿਕਾਰ ਹੋਏ ਲੋਕਾਂ ਨੂੰ ਸੋਵੀਅਤ ਯੂਨੀਅਨ ਛੱਡਣ ਲਈ ਅਰਜ਼ੀਆਂ ਦੇਣ ਲਈ ਮਜ਼ਬੂਰ ਕਰ ਦਿੱਤਾ। ਜਿਸ ਉਤੇ ਸੋਵੀਅਤ ਸਰਕਾਰ ਨੇ ਹਜ਼ਾਰਾਂ ਲੋਕਾਂ ਨੂੰ ਬਾਹਰ ਜਾਣ ਦੀ ਆਗਿਆ ਦੇ ਦਿੱਤੀ। ਪ੍ਰੰਤੂ ਉਨ੍ਹਾਂ ਕੁਝ ਲੋਕਾਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਵੀ ਦਿੱਤੀ ਜੋ ਕਿ ਸਮਾਜਵਾਦੀ ਸੋਵੀਅਤ ਯੂਨੀਅਨ ਦੇ ਰੱਖਿਆ ਪ੍ਰਬੰਧਾਂ ਵਿਚ ਕੰਮ ਕਰਦੇ ਸਨ ਜਾਂ ਜਿਨ੍ਹਾਂ ਉਪਰ ਸੋਵੀਅਤ ਯੂਨੀਅਨ ਨੇ ਲੱਖਾਂ ਰੂਬਲ ਖਰਚਕੇ ਵਿਸ਼ੇਸ਼ ਵਿਗਿਆਨਾਂ ਵਿਚ ਉਚੀਆਂ ਟਰੇਨਿੰਗਾਂ ਦਿਤੀਆਂ ਸਨ ਜਿਵੇਂ ਕਿ ਵਿਗਿਆਨੀ ਸਖਾ ਰੋਵ।

ਅਮਰੀਕੀ ਪ੍ਰਾਪੇਗੰਡੇ ਦਾ ਸ਼ਿਕਾਰ ਇਹ ਲੋਕ ਨਹੀਂ ਜਾਣਦੇ ਸਨ ਕਿ ਪੱਛਮੀ ਦੇਸ਼ਾਂ ਵਿਚ ਸਮਾਜਵਾਦੀ ਸੋਵੀਅਤ ਯੂਨੀਅਨ ਵਾਂਗ ਹਰ ਸ਼ਹਿਰੀ ਨੂੰ ਰੁਜ਼ਗਾਰ ਦੀ, ਘਰ ਦੀ, ਮੈਡੀਕਲ ਦੀ, ਵਿਦਿਆ ਦੀ, ਵਿਸ਼ਵਾਸ਼ ਦੀ ਅਤੇ ਹਰ ਹਾਲਤ ਵਿਚ ਰੱਜ ਕੇ ਖਾਣ ਦੀ, ਤੇ ਅਨੰਦ ਮਾਨਣ ਦੀ ਗਰੰਟੀ ਹੈ। ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਲਗਭਗ ਸੋਵੀਅਤ ਯੂਨੀਅਨ ਦੇ ਬਰਾਬਰ ਦੀ ਆਬਾਦੀ ਵਾਲਾ ਅਮਰੀਕਾ - ਸਾਮਰਾਜੀ ਅਮਰੀਕਾ — ਤਿੰਨ ਕਰੋੜ ਤੋਂ ਵੱਧ ਗਰੀਬੀ ਦੀ ਰੇਖਾ ਤੋਂ ਹੇਠਾਂ ਜ਼ਿੰਦਗੀ ਬਸਰ ਕਰਨ ਵਾਲਿਆਂ ਲੋਕਾਂ ਦਾ ਅਮਰੀਕਾ ਵੀ ਹੈ। ਲੱਖਾਂ ਬੇਰੁਜ਼ਗਾਰਾਂ ਦਾ ਘਰ ਹੈ। ਜਿਥੇ ਜੇਲ੍ਹਾਂ ਵਿਚ ਡੱਕਣ ਲਈ ਥਾਂ ਖਾਲੀ ਨਹੀਂ ਹੈ। ਹਰ ਸਾਲ ਲੱਖਾਂ ਚੋਰੀਆਂ, ਕਤਲਾਂ, ਲੁੱਟਾਂ, ਬਲਾਤਕਾਰੀਆਂ ਅਤੇ ਖੁਦਕਸ਼ੀਆਂ ਕਰਨ ਵਾਲੇ ਲੋਕਾਂ ਦਾ ਅਮਰੀਕਾ ਵੀ ਹੈ। ਇਸ ਅਮਰੀਕਾ ਵਿਚ ਮੈਡੀਕਲ ਮੁਫਤ ਨਹੀਂ ਹੈ। ਲੱਖਾਂ ਲੋਕ ਇਲਾਜ਼ ਦਾ ਖਰਚ ਨਾ ਕਰ ਸਕਣ ਕਾਰਨ ਵੀ ਮਰ ਰਹੇ ਹਨ। ਜਿਥੇ ਪੜ੍ਹਾਈ ਮੁਫਤ ਨਹੀਂ ਹੈ। ਸਗੋਂ ਬਹੁਤੇ ਲੋਕ ਹਾਈ ਸਕੂਲ ਦੀ ਪੜ੍ਹਾਈ ਵੀ ਸਿਰੇ ਨਹੀਂ ਚਾੜ੍ਹ ਸਕਦੇ। ਸ਼ਿਕਾਗੋ, ਮਸ਼ੀਗਨ, ਨਿਊਯਾਰਕ, ਮਿਆਮੀ, ਲਾਸ ਏਂਜਲਸ ਹੋਰ ਅਨੇਕਾਂ ਵੱਡੇ ਸ਼ਹਿਰਾਂ ਵਿਚ ਲੋਕਾਂ ਕੋਲ ਘਰ ਨਹੀਂ ਹਨ ਉਹ ਭਾਰਤ ਦੇ ਫੁੱਟਪਾਥਾਂ ਉਪਰ ਸੌਣ ਵਾਲੇ ਲੋਕਾਂ ਵਾਂਗ ਗਲੀਆਂ ਵਿਚ ਹੀ ਸੌਂਦੇ ਹਨ।

ਜਿਵੇਂ ਸੋਵੀਅਤ ਯੂਨੀਅਨ ਵਿਚ ਵਖੋ ਵੱਖ ਕੌਮੀਅਤਾਂ ਦੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ ਹਨ। ਓਥੇ ਅਮਰੀਕਾ ਵਿਚ ਦੀ ਕਾਲੀ ਵਸੋਂ ਸਦਾ ਹੀ ਨਸਲੀ ਵਿਤਕਰੇ ਦਾ ਸ਼ਿਕਾਰ ਹੈ, ਕਾਲੇ ਲੋਕਾਂ ਤੋਂ ਬਿਨਾਂ ਆਦੀਵਾਸੀ ਇੰਡੀਅਨ, ਮੈਕਸੀਕਨ ਅਤੇ ਭਾਰਤੀ ਮੂਲ ਦੇ ਅਤੇ ਹੋਰ ਰੰਗਦਾਰ ਲੋਕ ਵੀ ਨਸਲੀ ਭੇਦਭਾਵ ਦੇ ਸ਼ਿਕਾਰ ਹਨ।

ਪ੍ਰਧਾਨ ਰੇਗਨ ਉਪਰ ਗੋਲੀ ਚਲਾਉਣ ਵਾਲਾ ਬੰਦਾ ਤਾਂ ਅਮਰੀਕੀ ਕਾਨੂੰਨ ਦੀ ਨਿਗਾਹ ਵਿਚ ਕਮਲਾ ਸਾਬਤ ਹੋ ਕੇ ਬਚ ਨਿਕਲ ਸਕਦਾ ਹੈ ਕਿਉਂਕਿ ਉਸ ਦਾ ਬਾਪ ਕਰੋੜਪਤੀ ਹੈ। ਮਾਮੂਲੀ ਜੁਰਮਾਂ ਦੇ ਕਾਰਨ ਗਰੀਬ ਅਤੇ ਮਿਹਨਤੀ ਲੋਕਾਂ ਨੂੰ ਲੰਬੀਆਂ ਕੈਦਾਂ ਵਿਚ ਸੁਟਿਆ ਜਾਂਦਾ ਹੈ, ਇਹੋ ਹੀ ਨਹੀਂ ਰਾਜਸੀ ਬਰਾਬਰਤਾ ਵੀ ਨਹੀਂ ਹੈ। ਰੀਪਬਲਕਿਨ ਅਤੇ ਡੈਮੋਕਰੇਟ ਪਾਰਟੀਆਂ ਬਾਰੋ ਬਾਰ ਰਾਜਗੱਦੀ ਉਪਰ ਬੈਠਦੀਆਂ ਹਨ ਜੋ ਕਿ ਅਮਰੀਕਾ ਦੀ ਕੁਲ ਵਸੋਂ ਦੇ ਕੇਵਲ 0.05 ਫੀਸਦੀ ਵਸੋਂ ਦੇ ਕਾਰਪੋਰੇਸ਼ਨ ਕੰਪਨੀਆਂ ਦੇ ਮਾਲਕਾਂ ਦੇ ਹਿੱਤਾਂ ਲਈ ਹੀ ਕੰਮ ਕਰਦੀਆਂ ਹਨ, ਟੈਲੀਵੀਯਨ ਸਟੇਸ਼ਨ, ਰੇਡੀਓ ਸਟੇਸ਼ਨ ਅਤੇ ਹੋਰ ਅਖਬਾਰ ਇਨ੍ਹਾਂ ਦੇ ਹੀ ਕੰਟਰੋਲ ਵਿਚ ਹਨ, ਹਰ ਚੋਣ ਸਮੇਂ ਕਮਿਊਨਿਸਟ ਅਤੇ ਹੋਰ ਲੋਕ ਵੀ ਪ੍ਰਧਾਨਗੀ ਚੋਣ ਲਈ ਖੜ੍ਹਦੇ ਹਨ ਜਿਨ੍ਹਾਂ ਦਾ ਮੀਡੀਏ ਵਿਚ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ। ਅਜਿਹੀ ਹੈ ਰਾਜਸੀ ਆਜ਼ਾਦੀ ਅਖੌਤੀ ਪੱਛਮੀ ਜਮਹੂਰੀਅਤ ਦੇ ਆਗੂ ਸਾਮਰਾਜ ਅਮਰੀਕਾ ਵਿਚ।

ਅਸੀਂ ਏਥੇ ਉਨ੍ਹਾਂ ਲੋਕਾਂ ਦੀ ਗੱਲ ਕਰਨ ਲੱਗੇ ਹਾਂ ਜੋ ਅਮਰੀਕਾ ਵਲੋਂ ਗੁੰਮਰਾਹ ਹੋ ਕੇ ਸੋਵੀਅਤ ਯੂਨੀਅਨ ਨੂੰ ਛੱਡ ਕੇ ਪੱਛਮੀ ਦੇਸ਼ਾਂ ਖਾਸ ਕਰਕੇ ਅਮਰੀਕਾ ਵਿਚ ਆ ਵਸੇ ਹਨ। ਇਹ ਲੋਕ ਪਹਿਲਾਂ ਤਾਂ ਬੜੇ ਚਾਅ ਨਾਲ ਆਏ। ਇਨ੍ਹਾਂ ਦਾ ਇਥੇ ਬੜਾ ਵੱਡਾ ਸੁਆਗਤ ਕੀਤਾ ਗਿਆ। ਰੇਡੀਓ - ਟੈਲੀਵੀਜ਼ਨਾਂ ਉਪਰ ਮੁਖ ਖਬਰ - ਘਾੜੇ ਬਣਾ ਕੇ ਪੇਸ਼ ਕੀਤੇ ਗਏ

ਬਾਕੀ ਪੰਨਾ 33 'ਤੇ

ਪੰਨਾ 32 ਦੀ ਬਾਕੀ

ਅਖਬਾਰਾਂ ਵਿਚ ਇਨ੍ਹਾਂ ਦੀਆਂ ਤਸਵੀਰਾਂ ਇਸ ਢੰਗ ਨਾਲ ਛਾਪੀਆਂ ਗਈਆਂ ਜਿਵੇਂ ਕਿ ਇਹ ਸੋਵੀਅਤ ਯੂਨੀਅਨ ਨੂੰ ਛੱਡ ਕੇ ਕੋਈ ਬਹਾਦਰੀ ਕਰਕੇ ਆਏ ਹੋਣ। ਸਰਮਾਏਦਾਰੀ ਦੇ ਰਾਜਸੀ ਹਿੱਤਾਂ ਲਈ ਤਾਂ ਇਹ ਜ਼ਰੂਰ ਵੱਡੀ ਬਹਾਦਰੀ ਸੀ, ਕਿਉਂਕਿ ਇਸ ਤਰ੍ਹਾਂ ਸਰਮਾਏਦਾਰ ਪਰਚਾਰਕਾਂ ਨੂੰ ਸਮਾਜਵਾਦੀ ਦੇਸ਼ਾਂ ਵਿਰੁੱਧ ਅਤੇ ਖਾਸ ਕਰਕੇ ਸਮਾਜਵਾਦੀ ਵਿਚਾਰਧਾਰਾ ਵਿਰੁੱਧ ਪ੍ਰਚਾਰ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ। ਇਹ ਪ੍ਰਚਾਰ ਹੀ ਪੱਛਮੀ ਦੇਸ਼ਾਂ ਵਿਚ ਰਹਿਣ ਵਾਲੇ ਕਰੋੜਾਂ ਬੇਰੁਜ਼ਗਾਰ ਲੋਕਾਂ ਨੂੰ, ਆਪਣੀ ਬੇਰੁਜ਼ਗਾਰੀ - ਗਰੀਬੀ ਅਤੇ ਭੁਖ ਦੇ ਕਾਰਨ ਨੂੰ ਸਮਝਣ ਤੋਂ ਵਰਜਦਾ ਹੈ।

ਇਥੇ ਕੰਮ ਕਰਦਿਆਂ ਹੋਇਆਂ ਨਾਲ ਦੇ ਕੈਨੇਡੀਅਨ ਕਾਮਿਆਂ ਨਾਲ ਗੱਲਾਂ ਕਰਦਿਆਂ ਇਹ ਗੱਲ ਆਮ ਹੀ ਸਪਸ਼ਟ ਹੁੰਦੀ ਹੈ ਕਿ ਉਹ ਸਾਲਾਂ ਬੱਧੀ ਬੇਰੁਜ਼ਗਾਰ ਰਹਿਣ ਉਪਰ ਵੀ ਇਸ ਸਰਮਾਏਦਾਰ ਢਾਂਚੇ ਨੂੰ ਹੀ ਤਰਜੀਹ ਦਿੰਦੇ ਹਨ ਕਿ ਸਮਾਜਵਾਦ ਦੇ ਹੇਠ ਉਹ ਆਪਣੀ 'ਨਿਜੀ ਆਜ਼ਾਦੀ' ਗੁਆ ਬੈਠਣਗੇ। ਜਦੋਂ ਕਿ ਹੁਣ ਉਨ੍ਹਾਂ ਕੋਲ ਘਰ ਨਹੀਂ ਕੰਮ ਨਹੀਂ, ਕੋਲ ਧੇਲਾ ਨਹੀਂ ਹੈ - ਪਰ ਉਨ੍ਹਾਂ ਕੋਲ ਬੇਰੁਜ਼ਗਾਰ ਰਹਿਣ ਦੀ ਆਜ਼ਾਦੀ ਹੈ ਅਤੇ ਭਵਿਖ ਵਿਚ ਰੁਜ਼ਗਾਰ ਮਿਲਣ ਦੀ ਬਾਂਝ ਆਸ ਹੈ।

ਸਮਾਜਵਾਦੀ ਦੇਸ਼ਾਂ ਤੋਂ ਆਏ ਲੋਕਾਂ ਦਾ ਸਰਮਾਏਦਾਰ ਦੇਸ਼ਾਂ ਵਿਚ ਆਉਣ ਦੇ ਕੁਝ ਦਿਨਾ ਪਿਛੋਂ ਹੀ — ਸਾਲਾਂ ਪਿਛੋਂ ਨਹੀਂ — ਕੁਝ ਦਿਨਾਂ ਪਿਛੋਂ ਹੀ ਉਤਸ਼ਾਹ ਢੈਲਾ ਹੋ ਜਾਂਦਾ ਹੈ। ਜਦੋਂ ਉਨ੍ਹਾਂ ਨੂੰ ਆਪਣੀ ਆਪ ਬਾਲ ਕੇ ਸੇਕਣੀ ਪੈਂਦੀ ਹੈ। ਸਮਾਜਵਾਦੀ ਦੇਸ਼ਾਂ ਵਿਚ ਸਭ ਕੰਮ ਕਰਨ ਵਾਲੇ ਲੋਕ ਹਰ ਫੈਕਟਰੀ ਦੀ ਯੂਨੀਅਨ ਦੇ ਮੈਂਬਰ ਹਨ। ਏਸੇ ਤਰ੍ਹਾਂ ਹੀ ਫੈਕਟਰੀਆਂ ਤੋਂ ਬਾਹਰ ਸਭਿਆਚਾਰਕ ਫਰੰਟ ਉਪਰ ਲੇਖਕ, ਕਲਾਕਾਰ, ਸਿਨਮੇ ਦੇ ਅਦਾਕਾਰ, ਗੀਤਕਾਰ, ਕਲਰਕ, ਅਧਿਆਪਕ, ਮੁਲਾਜ਼ਮ ਗੱਲ ਕੀ ਹਰ ਬੰਦਾ ਆਪਣੇ ਕਿੱਤੇ ਦੀ ਯੂਨੀਅਨ ਦਾ ਮੈਂਬਰ ਹੈ। ਯੂਨੀਅਨ ਹੀ ਸਭ ਲੋਕਾਂ ਨੂੰ ਕੰਮ ਦੇਣ ਵਿਚ ਸਰਕਾਰ ਦੀ ਸਹਾਇਤਾ ਕਰਦੀ ਹੈ। ਜਿਵੇਂ ਸੋਵੀਅਤ ਯੂਨੀਅਨ ਦੇ ਸੰਵਿਧਾਨ ਵਿਚ ਹਰ ਇਕ ਸੋਵੀਅਤ ਸ਼ਹਿਰੀ ਨੂੰ ਕੰਮ ਦੀ ਗਰੰਟੀ ਹੈ। ਇਸ ਲਈ ਹਰ ਤੰਦਰੁਸਤ ਵਿਅਕਤੀ ਲਈ ਕੰਮ ਦਾ ਪ੍ਰਬੰਧ ਇਸ ਤਰ੍ਹਾਂ ਹੀ ਹੈ ਜਿਵੇਂ ਹਰ ਇਕ ਲਈ ਕੱਪੜਾ, ਰੋਟੀ ਅਤੇ ਮਕਾਨ ਹੋਣਾ ਜ਼ਰੂਰੀ ਹੁੰਦਾ ਹੈ।

ਸੋ ਅਜਿਹੇ ਮਾਹੌਲ ਵਿਚੋਂ ਆਏ ਗੁੰਮਰਾਹ ਹੋਏ ਲੋਕ ਜਦੋਂ ਕੰਮ ਲੱਭਣ ਜਾਂਦੇ ਹਨ, ਤਾਂ ਹਰ ਥਾਂ ਤੋਂ ਜੁਆਬ ਮਿਲ ਜਾਂਦਾ ਹੈ, ਜਿਵੇਂ ਦੋ-ਤਿੰਨ ਸਾਲ ਹੋਏ ਪੋਲੈਂਡ ਦੇ ਇਕ ਜਹਾਜ਼ 'ਚੋਂ ਆਏ ਕੁਝ ਲੋਕਾਂ ਨੇ ਵੈਨਕੂਵਰ (ਕੈਨੇਡਾ) ਵਿਚ ਆ ਸ਼ਰਨ ਲਈ। ਉਨ੍ਹਾਂ ਦਾ ਬੜਾ ਹੀ ਸੁਆਗਤ ਕੀਤਾ ਗਿਆ। ਕੁਝ ਦਿਨਾਂ ਮਗਰੋਂ ਜਦੋਂ ਹੀ ਗੋਦੀ ਕਰਮਚਾਰੀਆਂ ਦੀ ਯੂਨੀਅਨ ਕੋਲ ਆਪਣੇ ਕਿੱਤੇ ਦਾ ਕੰਮ ਪੁਛਣ ਗਏ ਤਾਂ ਅਗੋਂ ਕੋਰਾ ਜੁਆਬ ਮਿਲ ਗਿਆ। ਉਹ ਦੁਭਾਸ਼ੀਏ ਦੇ ਰਾਹੀਂ ਕਹਿੰਦੇ ਕਿ ਜਦੋਂ ਅਸੀਂ ਯੂਨੀਅਨ ਦੇ ਮੈਂਬਰ ਬਣ ਗਏ ਤਾਂ ਕੰਮ ਕਿਉਂ ਨਹੀਂ ਹੈ? ਤਾਂ ਦਫਤਰ ਵਿਚ ਬੈਠੇ ਸੈਕਟਰੀ (ਕਲਰਕ) ਨੇ ਕਿਹਾ, ਯੂਨੀਅਨ ਦਾ ਮੈਂਬਰ ਬਣਨ ਨਾਲ ਕੰਮ ਦੀ ਗਰੰਟੀ ਨਹੀਂ ਹੋ ਜਾਂਦੀ, ਏਥੇ ਪਹਿਲਾਂ ਹੀ ਸੈਂਕੜੇ ਮੈਂਬਰਾਂ ਲਈ ਕੰਮ ਹੈ ਨਹੀਂ। ਤਾਂ ਅਗੋਂ ਪੋਲੈਂਡ 'ਚੋਂ ਆਏ ਬੰਦੇ ਨੇ ਕਿਹਾ, "ਪਰ ਪੋਲੈਂਡ ਵਿਚ ਤਾਂ ਯੂਨੀਅਨ ਦਾ ਮੈਂਬਰ ਬਣਨ ਸਾਰ ਕੰਮ ਦੀ ਗਰੰਟੀ ਹੈ।" ਪੋਲੈਂਡ ਚੋਂ ਆਇਆ ਬੰਦਾ ਕੈਨੇਡਾ ਦੇ ਚਾਅ ਵਿਚ ਇਹ ਭੁੱਲ ਗਿਆ ਕਿ ਪੋਲੈਂਡ ਸਮਾਜਵਾਦੀ ਦੇਸ਼ ਹੈ ਇਹ ਸਰਮਾਏਦਾਰ ਪ੍ਰਬੰਧ ਦਾ ਦੇਸ਼ ਹੈ, ਜਿਥੇ ਵਿਅਕਤੀ ਦੀ ਕਦਰ ਨਹੀਂ ਹੈ ਸਿਰਫ ਮੁਨਾਫਾ ਹੀ ਪ੍ਰਧਾਨ ਹੈ। ਏਥੇ 'ਮਨੁੱਖੀ ਅਧਿਕਾਰਾਂ' ਲਈ ਰੌਲਾ ਤਾਂ ਬਹੁਤ ਹੈ ਪਰ ਇਥੇ 'ਮਨੁੱਖੀ ਅਧਿਕਾਰਾਂ' ਨੂੰ ਅਮਲ ਵਿਚ ਲਿਆਂਦੇ ਜਾਣ ਦੀ ਕੋਈ ਗਰੰਟੀ ਨਹੀਂ ਹੈ।

ਜੋ ਲੋਕ ਸੋਵੀਅਤ ਯੂਨੀਅਨ ਛੱਡ ਕੇ ਅਮਰੀਕਾ ਵਿਚ ਆ ਰਹਿਣ ਲੱਗੇ ਉਨ੍ਹਾਂ ਵਿਚੋਂ ਆਮ ਕਰਕੇ ਹੀ ਲੋਕ ਵਾਪਸ ਜਾਣਾ ਚਾਹੁੰਦੇ ਹਨ। ਪਰ ਉਹ ਹੁਣ ਤੱਕ ਇਸ ਕਰਕੇ ਵਾਪਸ ਨਹੀਂ ਗਏ ਸਨ ਕਿਉਂਕਿ ਉਨ੍ਹਾਂ ਨੂੰ ਵਾਪਸ ਲੈਣ ਲਈ, ਸੋਵੀਅਤ ਯੂਨੀਅਨ ਲਈ ਇਸ ਕਰਕੇ ਮੁਸ਼ਕਲ ਸੀ, ਕਿ ਇਨ੍ਹਾਂ ਵਿਚੋਂ ਹੋ ਸਕਦਾ ਉਹ ਲੋਕ ਵੀ ਹੋਣ ਜਿਨ੍ਹਾਂ ਨੂੰ ਅਮਰੀਕਾ ਦੀ ਸੀ. ਆਈ. ਏ. ਨੇ ਆਪਣੇ ਏਜੰਟਾਂ ਵਜੋਂ ਟਰੇਨਿੰਗ ਦਿੱਤੀ ਹੋਵੇ ਅਤੇ ਉਹ ਸੋਵੀਅਤ ਯੂਨੀਅਨ ਦੇ ਕੌਮੀ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਹ ਸਵਾਲ ਸੋਵੀਅਤ ਯੂਨੀਅਨ ਲਈ ਬੇਹੱਦ ਮਹੱਤਤਾ ਦਾ ਹੈ, ਜਦੋਂ ਕਿ ਅਮਰੀਕਾ ਹਰ ਯਤਨ ਸੋਵੀਅਤ ਯੂਨੀਅਨ ਨੂੰ ਨੁਕਸਾਨ ਕਰਨ ਦਾ ਕਰ ਰਿਹਾ ਹੋਵੇ।

ਪ੍ਰੰਤੂ ਕਾਮਰੇਡ ਗੋਰਬਾਚੋਵ ਦੀ ਅਗਵਾਈ ਵਿਚ ਸੋਵੀਅਤ ਸਰਕਾਰ ਨੇ ਇਹ ਫੈਸਲਾ ਕਰ ਲਿਆ ਹੈ ਸੋਵੀਅਤ ਯੂਨੀਅਨ ਛੱਡ ਕੇ ਗਏ ਲੋਕਾਂ ਨੂੰ ਚੰਗੀ ਤਰ੍ਹਾਂ ਪੁਛ ਪੜਤਾਲ ਕਰਨ ਉਪਰ ਵਾਪਸ ਆਉਣ ਦੀ ਆਗਿਆ ਦੇ ਦਿੱਤੀ ਜਾਵੇ।

ਅਮਰੀਕਾ ਵਿਚ ਸੋਵੀਅਤ ਅੰਬੈਂਸੀ ਕੋਲ ਅਜਿਹੇ ਵਾਪਸ ਪਰਤਨ ਵਾਲੇ ਲੋਕ 1980 ਤੋਂ ਹੀ ਅਰਜ਼ੀਆਂ ਦੇ ਰਹੇ ਸਨ ਕਿ ਉਨ੍ਹਾਂ ਏਧਰ ਆ ਕੇ ਗਲਤੀ ਕੀਤੀ ਹੈ, ਇਸ ਲਈ ਵਾਪਸ ਪਰਤਨ ਦੀ ਆਗਿਆ ਦਿੱਤੀ ਜਾਵੇ। ਇਨ੍ਹਾਂ ਅਰਜ਼ੀਆਂ ਵਿਚੋਂ ਉਨ੍ਹਾਂ 50 ਵਿਅਕਤੀਆਂ ਨੂੰ ਸੋਵੀਅਤ ਯੂਨੀਅਨ ਪਰਤਣ ਦੀ ਆਗਿਆ ਦੇ ਦਿੱਤੀ ਹੈ ਜਿਨ੍ਹਾਂ ਵਿਚ ਬਹੁਤੇ 'ਜਹੂਦੀ' ਧਰਮ ਨਾਲ ਸੰਬੰਧਿਤ ਲੋਕ ਸਨ। ਇਨ੍ਹਾਂ ਲੋਕਾਂ ਵਿਚ ਹਰ ਉਮਰ ਦੇ ਲੋਕ ਸਨ ਇਨ੍ਹਾ ਬਾਰੇ ਨੀਊਯਾਰਕ ਟਾਈਮਜ਼ ਨੇ ਕਿਹਾ ਹੈ ਕਿ ਇਹ ਵਾਪਸ ਪਰਤਣ ਵਾਲੇ ਅਮਰੀਕਨ ਜੀਵਨ ਤੋਂ ਮਾਯੂਸ ਹੋ ਕੇ ਸੋਵੀਅਤ ਯੂਨੀਅਨ ਜਾ ਰਹੇ ਹਨ।

ਵਾਪਸ ਪਰਤਣ ਵਾਲਿਆਂ ਵਿਚ ਸੋਵੀਅਤ ਦੀ ਆਰਮੀਨੀਅਨ ਰੀਪਬਲਿਕ ਦਾ, ਬਾਕੂ ਵਿਚ ਰਹਿਣ ਵਾਲਾ ਇਕ ਦਰਜੀ ਪਰਵਾਰ ਸੀ। ਪ੍ਰਵਾਰ ਦੀ ਇਕ ਮੈਂਬਰ ਵਾਲਿਨਤੀਨ ਅਗਾਜ਼ਾਰੀਅਨ ਨੇ ਦਿਲ ਦੀ ਭੜਾਸ ਕੱਢਦਿਆਂ ਹਾਬੜ ਕੇ ਕਿਹਾ "ਮੈਂ ਆਪਣੇ ਦੇਸ਼ ਨੂੰ ਹੀ ਪਸੰਦ ਕਰਦੀ ਹਾਂ।"

ਮਿਸਟਰ ਆਗਾਜ਼ਾਰੀਅਨ ਨੇ ਕਿਹਾ 'ਅਸੀਂ' ਵਾਪਸ ਬਾਕੂ ਜਾ ਕੇ ਰਹਾਂਗੇ। ਇਥੇ ਅਮਰੀਕਾ ਵਿਚ ਕੋਈ ਬਹੁਤੀ ਵਧੀਆ ਜ਼ਿੰਦਗੀ ਨਹੀਂ ਹੈ। ਏਥੇ ਅਨੇਕਾਂ ਮੁਸ਼ਕਲਾਂ ਹਨ, ਜ਼ਿੰਦਗੀ ਬੜੀ ਕਠਨ ਹੈ। ਇਹ ਪ੍ਰਵਾਰ ਨੀਊਯਾਰਕ ਦੇ ਏਰੀਏ ਵਿਚ ਰਹਿੰਦਾ ਸੀ।

ਇਕ ਹੋਰ ਪੇਂਟਰ ਪਰਵਾਰ ਵੀ ਵਾਪਸ ਗਿਆ, ਜੋ ਪਹਿਲਾਂ ਨੀਊਯਾਰਕ ਅਤੇ ਕੈਲੇਫੋਰਨੀਆਂ ਵਿਚ ਰਹਿੰਦਾ ਰਿਹਾ ਸੀ, ਉਹ 1977 ਵਿਚ ਸੋਵੀਅਤ ਯੂਨੀਅਨ ਛੱਡ ਕੇ ਆਏ ਸਨ। ਸ੍ਰੀਮਤੀ ਕਲੇਵਰ ਨੇ ਕਿਹਾ, "ਅਨੇਕਾਂ ਲੋਕ ਗ਼ਲਤੀ ਕਰ ਰਹੇ ਹਨ ਜੋ ਇਹ ਸੋਚਦੇ ਹਨ ਕਿ ਉਹ (ਅਮਰੀਕਾ) ਜਾ ਕੇ ਸੌਖੇ ਹੋ ਜਾਣਗੇ।" ਸ੍ਰੀਮਤੀ ਕਲੇਵਰ ਨੀਊਯਾਰਕ ਵਿਚ ਬੈਂਕ ਵਿਚ ਕੰਮ ਕਰਦੀ ਸੀ, ਉਸ ਦੇ ਦੋ ਜੁਆਨ ਬੱਚੇ ਵੀ ਨਾਲ ਜਾ ਰਹੇ ਹਨ। ਉਨ੍ਹਾਂ ਕਿਹਾ ਉਨ੍ਹਾਂ ਅਮਰੀਕਨ ਸ਼ਹਿਰੀਅਤ ਛੱਡਣ ਦਾ ਵੀ ਫੈਸਲਾ ਕਰ ਲਿਆ ਹੈ। "ਸਾਨੂੰ ਏਥੇ ਆ ਕੇ ਪਤਾ ਲੱਗਾ ਇਥੇ ਕੋਈ ਬਹੁਤੀ ਆਜ਼ਾਦੀ ਨਹੀਂ ਹੈ। ਇਹ (ਅਮਰੀਕਾ) ਬੜੀ ਗੁੰਝਲਦਾਰ ਦੁਨੀਆਂ ਹੈ।"

ਮਿਸਟਰ ਕਲੇਵਰ ਨੇ ਕਿਹਾ, "ਅਸੀਂ ਅਮਰੀਕਨ ਸੁਸਾਇਟੀ ਵਿਚ ਘੁਲ ਮਿਲ ਨਾ ਸਕੇ। ਤੁਹਾਨੂੰ ਕਿਸੇ ਨਾ ਕਿਸੇ 'ਜ਼ਾਤ' ਜਾਂ ਗਰੁੱਪ ਦੇ ਮੈਂਬਰ ਬਣਨਾ ਜ਼ਰੂਰੀ ਹੈ। ਏਥੇ ਜੀਉਂਦੇ ਰਹਿਣ ਲਈ ਮਨੁੱਖ ਨੂੰ ਬਘਿਆੜ ਬਣਨਾ ਪੈਂਦਾ ਹੈ।"

ਅਮਰੀਕਾ ਵਿਚ ਇਹ ਪਰਚਾਰਿਆ ਜਾ ਰਿਹਾ ਹੈ ਕਿ ਕਾ: ਕਾਮਰੇਡ ਗੋਰਬਾਚੋਵ ਵਲੋਂ ਨਰਮ ਪਾਲਸੀ ਧਾਰਨ ਕਰਨ ਦੇ ਕਾਰਨ ਲੋਕ ਵਾਪਸ ਜਾ ਰਹੇ ਹਨ। ਪਰ ਵਾਪਸ ਪਰਤਣ ਵਾਲਿਆਂ ਵਿਚੋਂ, ਜਿਨ੍ਹਾਂ ਨੂੰ ਵੀ ਅਖਬਾਰਾਂ ਵਾਲਿਆਂ ਪੁਛਿਆ ਉਨ੍ਹਾਂ ਕਿਹਾ ਅਸੀਂ ਤਾਂ ਕਾ: ਗੋਰਬਾਚੋਵ ਦੇ ਜਨਰਲ ਸਕੱਤਰ ਬਣਨ ਤੋਂ ਕਈ ਕਈ ਸਾਲ ਪਹਿਲਾਂ ਵਾਪਸ ਪਰਤਣ ਦੀਆਂ ਅਰਜ਼ੀਆਂ ਦਿੱਤੀਆਂ ਸਨ। ਜਿਵੇਂ ਲੀਦੀਆ ਕਲੇਵਰ ਨੇ ਕਿਹਾ ਉਨ੍ਹਾਂ ਅੱਠ ਸਾਲ ਪਹਿਲਾਂ ਵਾਪਸ ਪਰਤਣ ਦੀ ਅਰਜ਼ੀ ਦਿੱਤੀ ਹੈ।

ਅਕਤੂਬਰ - ਨਵੰਬਰ 1986 ਵਿਚ ਵੀ ਇਕ 17 ਵਿਅਕਤੀਆਂ ਦਾ ਗਰੁੱਪ ਵਾਪਸ ਪਰਤ ਗਿਆ ਸੀ। ਪਰ ਸਾਲ ਦੇ ਅਖੀਰ ਵਿਚ ਵਾਪਸ ਪਰਤਣ ਵਾਲਾ ਇਹ 50 ਦਾ ਸਭ ਤੋਂ ਵੱਡਾ ਗਰੁੱਪ ਸੀ।

ਅਮਰੀਕਾ ਵਿਚ ਦੇ ਇਕ ਸੋਵੀਅਤ ਅਧਿਕਾਰੀ ਨੇ ਦੱਸਿਆ ਕਿ ਥੋੜੇ ਜਿਹੇ ਸਮੇਂ ਵਿਚ ਹੀ ਉਨ੍ਹਾਂ ਨੂੰ ਇਕ ਹਜ਼ਾਰ ਤੋਂ ਵੱਧ ਅਰਜ਼ੀਆਂ ਮਿਲੀਆਂ ਹਨ, ਜੋ ਕਿ ਵਾਪਸ ਸੋਵੀਅਤ ਯੂਨੀਅਨ ਪਰਤਣਾ ਚਾਹੁੰਦੇ ਹਨ।

ਇਥੋਂ ਸਾਬਤ ਹੋ ਜਾਂਦਾ ਹੈ ਕਿ ਗੁੰਮਰਾਹ ਕਰਕੇ ਉਧਾਲੇ ਲੋਕ, ਜਦੋਂ

ਬਾਕੀ ਪੰਨਾ 34 'ਤੇ

ਪੰਨਾ 33 ਦੀ ਬਾਕੀ

ਅਸਲੀਅਤ ਨੂੰ ਆਪ ਪਰਖ ਕੇ ਦੇਖਦੇ ਹਨ ਤਾਂ ਉਨ੍ਹਾਂ ਨੂੰ ਸਚਾਈ ਪਰਤੱਖ ਹੋ ਜਾਂਦੀ ਹੈ ।

ਅਸੀਂ ਭਾਰਤ 'ਚੋਂ ਆਏ, ਭਾਵੇਂ ਅਨੇਕਾਂ ਕਾਰਨਾਂ ਦੇ ਬਸ ਦੇਸ਼ ਛੱਡ ਆਏ ਹਾਂ, ਪਰ ਸਾਡਾ ਦਿਲ ਵੀ ਹਮੇਸ਼ਾ ਦੇਸ਼ ਦੇ ਹੀ ਸੁਪਨੇ ਲੈਂਦਾ ਹੈ। ਅਸੀਂ ਏਥੇ ਅਜਿਹੇ ਜਾਲ ਵਿਚ ਫਸੇ ਹਾਂ ਕਿ ਵਾਪਸ ਪਰਤਣਾ ਚਾਹੁੰਦੇ ਹੋਏ ਵੀ ਅਦਿਖ ਜੇਲ੍ਹ ਵਿਚ ਡੱਕੇ ਹੋਏ ਮਹਿਸੂਸ ਕਰਦੇ ਹਾਂ । ਪਰ ਭਾਰਤ ਸਰਮਾਏਦਾਰ - ਜਾਗੀਰੂ ਦੇਸ਼ ਹੈ ਜਦੋਂ ਕਿ ਸੋਵੀਅਤ ਯੂਨੀਅਨ ਮਿਹਨਤੀ ਕਾਮਿਆਂ ਦਾ ਸਮਾਜਵਾਦੀ ਦੇਸ਼ - ਮਨੁੱਖ ਹੱਥੋਂ ਮਨੁੱਖ ਹੀ ਲੁੱਟ ਤੋਂ ਮੁਕਤ ਦੇਸ਼ ਹੈ ।

ਆਪਣੇ ਆਪ ਬਾਰੇ ਸੋਚਦਿਆਂ ਅਸੀਂ ਸੋਵੀਅਤ ਲੋਕਾਂ ਦੇ ਵਾਪਸ ਆਪਣੇ ਦੇਸ਼ ਪਰਤਣ ਦੀ ਖਬਰ ਸੁਣਕੇ, ਵੱਡਾ ਸਾਰਾ ਸਾਹ ਭਰਦਿਆਂ, ਇਹੋ ਹੀ ਕਹਿ ਰਹੇ ਹਾਂ : ਉਹ ਆਪਣੇ ਘਰ ਪਰਤ ਗਏ !

ਜ਼ਿੰਦਗੀ ਤੋਂ ਖੰਭ ਹਨ ਵਾਧੂ ਪਿਆਰੇ
ਕਿਸ ਤਰ੍ਹਾਂ ਉਡਾਂਗਾ ਮੈਂ ਇਹ ਪਰ ਕਟਾ ਕੇ

ਦੌੜ ਕੇ ਦੱਸੋ ਭਲਾ ਜਾਓਗੇ ਕਿੱਥੇ
ਕਿਸ ਤਰ੍ਹਾਂ ਰੱਖੋਗੇ ਸਿਰ ਆਪਣਾ ਝੁਕਾ ਕੇ


ਨਾ ਓਹ ਵਿਧਵਾ ਸੀ ਨਾ ਨਪੁੱਤੀ

ਨਰੇਸ਼ ਕੌਸ਼ਲ

ਚੰਡੀਗੜ੍ਹ — ਜਲੰਧਰ ਦੀ ਇਕ "ਵਿਧਵਾ" ਵਿਮਲਾ ਦੇਵੀ ਦੀ ਸਥਾਨਕ ਸੈਕਟਰ 8 ਦੇ ਗੁਰਦੁਆਰੇ ਨੇੜਿਓਂ ਲਾਸ਼ ਮਿਲਣ 'ਤੇ ਸਥਾਨਕ ਅਖਬਾਰਾਂ ਨੇ ਪਹਿਲੇ ਸਫੇ 'ਤੇ ਮੋਆਂਆਂ ਸੁਰਖੀਆਂ ਲਗਾ ਕੇ ਉਸ ਦੀ ਤਰਸਮਈ ਹਾਲਤ ਦੇ ਕਿੱਸੇ ਛਾਪੇ ਸਨ । ਇਸ ਕੇਸ ਦੀ ਤਫਤੀਸ਼ ਕਰਨ 'ਤੇ ਅਜਿਹੇ ਸਨਸਨੀਖੇਜ਼ ਤੱਥ ਸਾਹਮਣੇ ਆਏ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਕੁਝ ਬੇਈਮਾਨ ਕਿਸਮ ਦੇ ਲੋਕ ਪੰਜਾਬ ਦੀ ਗੜਬ ਵਾਲੀ ਸਥਿਤੀ ਤੋਂ ਕਿਸ ਤਰ੍ਹਾਂ ਨਜਾਇਜ਼ ਲਾਭ ਉਠਾਉਣ ਦੀ ਤਾਕ ਵਿਚ ਰਹਿੰਦੇ ਹਨ 2 ਜਨਵਰੀ ਨੂੰ ਜਦੋਂ ਸੈਕਟਰ 8 ਦੇ ਗੁਰਦੁਆਰੇ ਨੇੜਿਓਂ ਵਿਮਲਾ ਦੇਵੀ ਦੀ ਲਾਸ਼ ਮਿਲੀ ਤਾਂ ਉਸ ਲਾਗਿਓਂ ਤਿੰਨ ਅਰਜ਼ੀਆਂ — ਰਾਜਪਾਲ, ਮੁਖ ਮੰਤਰੀ ਅਤੇ ਵਿੱਤ ਮੰਤਰੀ ਪੰਜਾਬ ਦੇ ਨਾਮ ਮਿਲੀਆਂ ਸਨ ਜਿਨ੍ਹਾਂ ਵਿਚ ਉਸ ਨੇ ਕਿਹਾ ਸੀ ਕਿ "ਉਹ ਵਿਧਵਾ ਹੈ ਅਤੇ ਉਸ ਦੀਆਂ ਤਿੰਨ ਲੜਕੀਆਂ ਵਿਚੋਂ ਇਕ ਦੀ ਸ਼ਾਦੀ ਹੋ ਗਈ ਹੈ ਜਦ ਕਿ ਦੂਸਰੀ ਦੀ 10 ਜਨਵਰੀ ਨੂੰ ਸ਼ਾਦੀ ਹੈ ।" ਉਸ ਨੇ ਲਿਖਿਆ ਸੀ ਕਿ "ਉਸ ਦੇ ਬੇਟੇ ਦੀ 15.12.85 ਨੂੰ ਦਹਿਸ਼ਤਪਸੰਦਾਂ ਹੱਥੋਂ ਮੌਤ ਹੋ ਗਈ ਸੀ ਅਤੇ ਉਹ ਪੰਜ ਮਹੀਨੇ ਮੈਂਟਲ ਹਸਪਤਾਲ ਵਿਚ ਰਹੀ । ਉਸ ਨੇ ਆਪਣੇ ਬੇਟੇ ਦੀ "ਮੌਤ" ਬਦਲੇ ਇਕ ਲੱਖ ਦਾ ਮੁਆਵਜ਼ਾ ਮੰਗਿਆ ਸੀ ਤਾਂ ਕਿ ਆਪਣੀ "ਕੁੜੀ ਦਾ ਵਿਆਹ" ਕਰ ਸਕੇ । ਉਸ ਨੇ ਆਪਣੇ ਪਤੀ ਦਾ ਨਾਮ ਪਿਆਰਾ ਲਾਲ ਮਲਹੋਤਰਾ ਤੇ ਪਤਾ ਨਿਊ ਗਾਂਧੀ ਨਗਰ ਜਲੰਧਰ ਦਾ ਦਿੱਤਾ ਸੀ ।

ਚੰਡੀਗੜ੍ਹ ਸੈਂਟਰਲ ਪੁਲੀਸ ਸਟੇਸ਼ਨ ਦੇ ਸਬ ਇੰਸਪੈਕਟਰ ਹਰਦੇਵ ਸਿੰਘ ਨੇ ਜਦੋਂ ਇਸ ਮਾਮਲੇ ਦੀ ਜਾਂਚ ਕੀਤੀ ਤਾਂ ਉਕਤ ਪਤਾ ਵਿਮਲਾ ਦੇਵੀ ਦੇ ਦਿਓਰ ਦਾ ਨਿਕਲਿਆ । ਉਸ ਦੇ ਦਿਓਰ ਨੇ ਦੱਸਿਆ ਕਿ "ਵਿਮਲਾ ਦੇਵੀ ਨਾ ਵਿਧਵਾ ਹੈ ਅਤੇ ਨਾ ਹੀ ਉਸ ਦਾ ਕੋਈ ਲੜਕਾ ਦਹਿਸ਼ਤਪਸੰਦਾਂ ਹੱਥੋਂ ਮਾਰਿਆ ਗਿਆ ਹੈ ।" ਵਿਮਲਾ ਦੇਵੀ ਦੇ ਲੜਕੇ ਰਾਕੇਸ਼ ਕੁਮਾਰ ਨੇ ਦੱਸਿਆ ਕਿ "ਉਹ ਇਕ ਨਹੀਂ ਦੋ ਭਰਾ ਹਨ ਤੇ ਦੋਵੇਂ ਸਹੀ ਸਲਾਮਤ ਹਨ । ਉਨ੍ਹਾਂ ਦੀਆਂ ਤਿੰਨ ਭੈਣਾਂ ਨਹੀਂ ਬਲਕਿ ਸਿਰਫ ਇਕ ਭੈਣ ਹੈ ਅਤੇ ਉਹ ਵੀ ਇੰਗਲੈਂਡ ਵਿਚ ਹੈ। ਉਸ ਦਾ ਪਿਤਾ ਪਿਆਰਾ ਲਾਲ ਮਲਹੋਤਰਾ ਧਰਮਕੋਟ ਵਿਖੇ ਜੇ. ਈ. ਦੇ ਅਹੁਦੇ 'ਤੇ ਕੰਮ ਕਰ ਰਿਹਾ ਹੈ ਅਤੇ ਸਹੀ ਸਲਾਮਤ ਹੈ ।" ਵਿਮਲਾ ਦੇਵੀ ਦੇ ਦਿਓਰ ਅਤੇ ਪੁੱਤਰ ਨੇ ਦੱਸਿਆ ਕਿ "ਨਸ਼ੀਲੇ ਟੀਕੇ ਲਗਾਉਣ ਦੀ ਆਦੀ ਵਿਮਲਾ ਦੇਵੀ ਅਸਲ ਵਿਚ ਕਾਫੀ ਸਮੇਂ ਤੋਂ ਘਰ ਨਹੀਂ ਰਹਿੰਦੀ ਸੀ ਅਤੇ ਨਾ ਹੀ ਘਰ ਵਾਲਿਆਂ ਦਾ ਉਸ ਨਾਲ ਕੋਈ ਨਾਤਾ ਸੀ ।" ਇਥੋਂ ਤੱਕ ਕਿ ਰਾਕੇਸ਼ ਕੁਮਾਰ ਪੁਲੀਸ ਨੂੰ ਲਿਖਤੀ ਤੌਰ 'ਤੇ ਲਾਸ਼ ਲੈਣ ਦੀ ਸਹਿਮਤੀ ਦੇ ਕੇ ਲਾਸ਼ ਲੈਣ ਨਹੀਂ ਆਇਆ ।

ਖੇਡਾਂ ਦੇਸ਼ ਦੀਆਂ



ਸਾਲ 86 ਭਾਰੀ ਨਮੋਸ਼ੀ ਵਾਲਾ ਰਿਹਾ

ਤ੍ਰਿਲੋਚਨ ਸਿੰਘ

ਭਾਰਤ ਦੀ ਖੇਡ ਮੰਤਰੀ ਸ੍ਰੀਮਤੀ ਮਾਰਗਰੇਟ ਐਲਵਾ ਨੇ ਲੋਕ ਸਭਾ ਵਿਚ ਬਿਆਨ ਦਿੱਤਾ ਸੀ ਕਿ ਜਿਹੜੇ ਭਾਰਤੀ ਅਥਲੀਟ ਸਿਓਲ ਏਸ਼ੀਆਡ ਵਿਚ ਹਿਸਾ ਲੈਣ ਗਏ ਸੀ,ਉਨ੍ਹਾਂ ਵਿਚੋਂ ਬਹੁਤਿਆਂ ਨੇ ਰਾਸ਼ਟਰੀ ਰਿਕਾਰਡ ਤੋਂ ਬਿਹਤਰ ਪ੍ਰਦਰਸ਼ਨ ਦਿਖਾਇਆ ਸੀ। ਇਹ ਗੱਲ ਕਿੰਨੀ ਕੁ ਸੱਚੀ ਹੈ? ਹਰ ਕੋਈ ਜਾਣਦਾ ਹੈ। ਜੇਕਰ ਰਾਸ਼ਟਰੀ ਰਿਕਾਰਡ ਹੀ ਹਾਸੋਹੀਣੇ ਹੋਣ ਫਿਰ ਇਨ੍ਹਾਂ ਨੂੰ ਤੋੜਨ ਦਾ ਵੀ ਕੀ ਮੁੱਲ ਹੈ? ਜੇਕਰ ਰਾਸ਼ਟਰੀ ਰਿਕਾਰਡ ਤੋੜੇ ਗਏ ਹਨ ਤਾਂ ਅੰਤਰਰਾਸ਼ਟਰੀ ਪੱਧਰ ਤੇ ਸਾਡੀ ਇਹ ਸ਼ਰਮਨਾਕ ਕਾਰਗੁਜ਼ਾਰੀ ਕਿਉਂ ਰਹੀ ਹੈ? ਸਿਤਮ ਇਸ ਗੱਲ ਦਾ ਹੈ ਕਿ ਜਿਹੜਾ ਭਾਰਤੀ ਸਰਕਾਰ ਵਲੋਂ ਸਿਓਲ ਏਸ਼ੀਆਡ ਲਈ 'ਨਿਰੀਖਕ ਦਲ' ਭੇਜਿਆ ਗਿਆ ਸੀ,ਸਾਡੇ ਖੇਡ ਮੰਤਰੀ ਉਸ ਦਲ ਦੇ ਮੋਹਰੀ ਸਨ। ਇਕ ਖਿਡਾਰੀ ਨੇ ਏਥੋਂ ਤਕ ਕਹਿ ਦਿੱਤਾ ਸੀ,'ਇਸ ਦਲ ਦਾ ਕੋਈ ਵੀ ਸਦੱਸਯ ਉਨ੍ਹਾਂ ਨੂੰ ਨਹੀਂ ਸੀ ਦਿਸਿਆ।' ਉਹ ਕਿਥੇ ਰਹੇ? ਸ਼ਾਇਦ ਉਹ ਖੁਦ ਵੀ ਨਾ ਜਾਣਦੇ ਹੋਣ।

ਸਿਓਲ ਤੋਂ ਵਾਪਸੀ ਪਿਛੋਂ ਫਿਰੋਜ਼ਪੁਰ ਕੋਟਲਾ ਦੀਆਂ ਗਰਾਊਂਡਾਂ ਵਿਚ ਇਕ ਇਸ਼ਤਿਹਾਰ ਲੱਗਾ ਹੋਇਆ ਲੋਕਾਂ ਦੇਖਿਆ ਜਿਸ ਦਾ ਸਿਰਲੇਖ ਸੀ-'ਭਾਰਤੀ ਟੀਮ-ਪੀ ਟੀ ਊਸ਼ਾ ਹੀ ਹੈ', ਬਾਕੀ ਰਿਕਾਰਡ ਤੋੜਨ ਵਾਲੇ ਕਿਧਰ ਗਏ? ਜਦੋਂ ਮੈਂ ਇਹੋ ਪ੍ਰਸ਼ਨ ਅਥਲੈਟਿਕਸ ਦੇ ਇਕ ਕਹਿੰਦੇ-ਕਹਾਂਦੇ ਅਧਿਕਾਰੀ ਤੋਂ ਪੁੱਛਿਆ ਤਾਂ ਉਹ ਗੁਸੇ ਅਤੇ ਨਿਰਾਸ਼ਾ ਵਿਚ ਬੋਲ ਪਿਆ...'ਸਾਲੇ,ਏਥੇ ਕੈਪਸੂਲ ਖਾ ਕੇ ਦੰਦਾਂ ਹੇਠਾਂ ਅਫੀਮਾਂ ਰੱਖਕੇ ਨਵੇਂ ਰਿਕਾਰਡ ਰੱਖ ਦੇਂਦੇ ਨੇ ਤੇ ਜਦੋਂ ਬਾਹਰ ਜਾ ਕੇ ਕੋਈ ਅਜਿਹਾ 'ਫ਼ਿਹਲ' ਨਹੀਂ ਕਰਨ ਦੇਂਦਾ ਤਾਂ ਆਪਣੀ ਪਹਿਲੀ ਪ੍ਰਾਪਤੀ ਤੇ ਵੀ ਨਹੀਂ ਪੁੱਜ ਸਕਦੇ-ਅਸਲੀਅਤ ਇਹ ਹੈ ਕਿ ਸਾਡੇ ਕਈ ਅਥਲੀਟਾਂ ਨੇ ਰਾਸ਼ਟਰੀ ਪ੍ਰਾਪਤੀ ਵੀ ਨਹੀਂ ਦੁਹਰਾਈ....'

ਪਝੱਤਰ ਕਰੋੜ ਦੀ ਵਸੋਂ ਤੇ ਕੇਵਲ ਇਕੋ ਊਸ਼ਾ! ਕਿੰਨੀ ਵੱਡੀ ਨਮੋਸ਼ੀ ਹੈ। ਹੁਣੇ ਹੁਣੇ ਫਲਾਈਂਗ ਸਿੱਖ ਸ:ਮਿਲਖਾ ਸਿੰਘ ਨੇ ਵੀ ਇਹੋ ਹੀ ਰੋਣਾ ਰੋਇਆ ਹੈ...ਕਿੰਨੀ ਵੱਡੀ ਬਦਕਿਸਮਤੀ ਹੈ ਕਿ ਵੀਹ-ਪੰਝੀ ਵਰ੍ਹੇ ਬੀਤ ਜਾਣ ਤੇ ਵੀ ਕੌਮ ਕਿਸੇ ਹੋਰ ਮਿਲਖਾ ਸਿੰਘ ਨੂੰ ਪੈਦਾ ਨਹੀਂ ਕਰ ਸਕੀ...' ਪਤਾ ਨਹੀਂ ਸਾਡੇ ਖੇਡ ਅਧਿਕਾਰੀ ਕਿਹੜੀਆਂ ਦਿਲਬਰੀਆਂ ਉਪਰ ਜੀਊਂ ਰਹੇ ਹਨ।

ਤੁਸੀਂ ਆਪ ਮੁਲਾਂਕਣ ਕਰਕੇ ਦੇਖ ਲਵੋ,1986 ਦਾ ਵਰ੍ਹਾ ਸਾਡੀ ਸਮੁੱਚੀ ਕੌਮ ਲਈ ਖੇਡਾਂ ਦੇ ਪੱਖ ਤੋਂ (ਵੀ)ਬੜਾ ਸ਼ਰਮਨਾਕ ਸੀ। ਜਿਸ ਤਰ੍ਹਾਂ ਸਾਰਾ ਸਮਾਜਕ ਢਾਂਚਾ ਦਿਨੋ ਦਿਨ ਰਸਾਤਲ ਵੱਲ ਜਾ ਰਿਹਾ ਹੈ,ਉਸੇ ਤਰ੍ਹਾਂ ਹੀ ਖੇਡਾਂ ਦੀ ਵੀ ਦੁਰਦਸ਼ਾ ਹੋ ਰਹੀ ਹੈ। ਦੋਨਾਂ ਦਾ ਰਿਸ਼ਤਾ ਲਾਜ਼ਮੀ ਹੈ

ਜੇਕਰ ਦੱਖਣੀ ਕੋਰੀਆ ਨੇ ਇਸ ਏਸ਼ੀਆਡ ਵਿਚ ਰੂਸ,ਚੀਨ ਅਤੇ ਯੂਰਪੀਅਨ ਦੇਸ਼ਾਂ ਨੂੰ ਵੀ ਸੋਚੀਂ ਪਾ ਦਿੱਤਾ ਹੈ ਤਾਂ ਇਹ ਧਨ-ਦੌਲਤ ਦੇ ਬਲਬੋਤੇ ਤੇ ਨਹੀਂ,ਸਗੋਂ ਸਮਾਜਿਕ ਚੇਤੰਨਤਾ ਅਤੇ ਕੌਮਪ੍ਰਸਤੀ ਦਾ ਸਿੱਟਾ ਹੈ। 1988 ਕੋਈ ਦੂਰ ਤਾਂ ਨਹੀਂ! ਕੀ ਸਿਓਲ ਉਲੰਪਿਕਸ ਵਿਚ ਅਸੀਂ ਫਿਰ ਆਪਣੀ ਸ਼ਰਮਨਾਕ ਕਾਰਗੁਜ਼ਾਰੀ ਨੂੰ ਦੁਹਰਾਵਾਂਗੇ?ਫਿਰ ਲੋਕ ਸਭਾ ਵਿਚ ਅਧਿਕਾਰੀ ਪੋਚੇ ਮਾਰਨਗੇ...ਫਿਰ ਦੱਖਣੀ ਕੋਰੀਆ ਆਪਣੀ ਪ੍ਰਤਿਸ਼ਠਾ ਨੂੰ ਕਾਇਮ ਰੱਖਦਾ ਹੋਇਆ ਸ਼ਾਨਦਾਰ ਪ੍ਰਾਪਤੀ ਕਰ ਦਿਖਾਏਗਾ।

ਸਾਨੂੰ ਬਹੁਤਾ ਮਾਣ ਆਪਣੀ ਹਾਕੀ ਉਪਰ ਹੀ ਸੀ...ਤੇ ਜਾਇਜ਼ ਵੀ ਸੀ। ਪਰ ਹੁਣ ਉਹ ਮਾਣ ਵੀ ਟੁੱਟ ਚੁੱਕਿਆ ਹੈ। ਹੁਣ ਏਸ਼ੀਆ ਦੀ ਸਰਦਾਰੀ ਭਾਰਤ ਅਤੇ ਪਾਕਿਸਤਾਨ ਕੋਲੋਂ ਖੁਸ ਚੁੱਕੀ ਹੈ। ਦੱਖਣੀ ਕੋਰੀਆ ਦੇ ਮੁੰਡਿਆਂ ਅਤੇ ਕੁੜੀਆਂ ਨੇ ਇਸ ਗੌਰਵ ਨੂੰ ਹਾਈਂ-ਸਾਈਂ ਹੁਣ ਜਾਣ ਨਹੀਂ ਦੇਣਾ। ਉਨ੍ਹਾਂ ਉਚਤਮ ਹਾਕੀ ਕਲਾ ਦੀ ਪ੍ਰਦਰਸ਼ਨੀ ਕਰ ਦਿਖਾਈ ਹੈ।



ਮਾਰਗਰੇਟ ਅਲਵਾ ਜੀ! ਕੇਵਲ ਦਾਅਵਿਆਂ ਨਾਲ ਗੱਲ ਨਹੀਂ ਬਣਨੀ।

ਉਧਰ ਲੰਡਨ ਵਿਚ ਖੇਡੇ ਗਏ ਵਿਸ਼ਵ ਕੱਪ ਨੇ ਸਾਡੀ ਸਾਖ ਨੂੰ ਹੋਰ ਵੀ ਰੋਲਿਆ ਹੈ। ਇਹ ਕੋਈ ਧਰਵਾਸ ਤਾਂ ਨਹੀਂ ਕਿ ਪਾਕਿਸਤਾਨ ਦਾ ਵੀ ਇਹੋ ਜਿਹਾ ਹੀ ਹਾਲ ਹੋਇਆ ਹੈ। ਅਸੀਂ ਜਿੱਤਾਂ ਵੱਲ ਕਿਉਂ ਨਾ ਝਾਕੀਏ। ਬਾਰਾਂ ਟੀਮਾਂ ਵਿਚੋਂ ਗਿਆਰਵੀਂ ਸਥਿਤੀ ਵੱਲ ਕਿਉਂ ? ਇਸ ਕੌਮੀ ਅਪਮਾਨ ਦਾ ਬਦਲਾ ਕੌਣ ਚੁਕਾਏਗਾ?

ਇਸ ਤੋਂ ਵੀ ਵੱਡੀ ਸ਼ਰਮਨਾਕ ਗੱਲ ਇਹ ਹੈ ਕਿ ਸਾਡੇ ਹਾਕੀ ਪੰਡਤਾਂ ਦੇ ਕੰਨ ਤੇ ਜੂੰ ਤਕ ਨਹੀਂ ਸਰਕੀ। ਕਿਸੇ ਨੇ ਗੱਦੀ ਨਹੀਂ ਛੱਡੀ,ਕਿਸੇ ਨੇ ਇਸ ਹਾਰ ਨੂੰ ਆਪਣੇ ਜ਼ਿੰਮੇ ਨਹੀਂ ਲਿਆਅਤੇ ਕਿਸੇ ਨੇ ਵੀ ਆਹ ਨਹੀਂ ਭਰੀ! ਅੰਤਰਰਾਸ਼ਟਰੀ ਪੱਧਰ 'ਤੇ ਖੇਡਾਂ ਵਿਚ ਨਮੋਸ਼ੀਆਂ ਲਿਆਉਣਾ ਵੀ ਸਾਡਾ ਕੌਮੀ ਕਰੈਕਟਰ ਦਾ ਹਿਸਾ ਬਣਦਾ ਜਾ ਰਿਹਾ ਹੈ। ਇਸ ਤੋਂ ਵੱਡੀ ਗਿਰਾਵਟ ਹੋਰ ਕੀ ਹੋ ਸਕਦੀ ਹੈ?

ਹੁਣ ਫੁੱਟਵਾਲ ਦੀ ਗੱਲ ਤੋਰ ਲਵੋ। ਕਹਾਣੀ ਤਾਂ ਇਕੋ ਜਿਹੀ ਉਦਾਸਮਈ ਹੈ। ਏਥੇ ਵੀ ਸਾਨੂੰ ਰੱਜਵੀਂ ਨਿਰਾਸ਼ਾ ਪ੍ਰਾਪਤ ਹੋਈ। ਇਹ ਇਕ ਹਕੀਕਤ ਹੈ ਕਿ ਭਾਰਤ ਦੀ ਫੁੱਟਵਾਲ ਟੀਮ ਆਪਣੀ ਖੇਡ ਕਰਕੇ ਨਹੀਂ ਸਗੋਂ ਰਾਜਸੀ ਸ਼ਰਨ ਅਤੇ ਓਟ ਲੈ ਕੇ ਸਿਓਲ ਪੁੱਜੀ ਸੀ। ਪ੍ਰਿਯਾਰੰਜਨ ਦਾਸ ਮੁਣਸ਼ੀ,ਜਿਹੜੇ ਕਿ ਫੁੱਟਵਾਲ ਫੈਡਰੇਸ਼ਨ ਦੇ ਉਪ ਪ੍ਰਧਾਨ ਵੀ ਹਨ,ਨੇ ਇਹ ਆਸਰਾ ਦਿੱਤਾ ਸੀ। ਸਭ ਨੂੰ ਪਤਾ ਸੀ ਕਿ ਸਾਡੀ ਫੁੱਟਵਾਲ ਟੀਮ ਵਿਚ ਉੱਕਾ ਹੀ ਕੋਈ ਦਮ ਨਹੀਂ ਫਿਰ ਵੀ ਇਹ ਸਿਓਲ ਕਿਉਂ ਗਈ? ਇਸ ਗੱਲ ਦਾ ਉੱਤਰ ਤਾਂ ਉਨ੍ਹਾਂ ਅਧਿਕਾਰੀਆਂ ਕੋਲ ਹੀ ਹੈ ਜਿਹੜੇ ਬਾਜ਼ਾਰਾਂ ਵਿਚ ਹੀ ਰੁੱਝੇ ਰਹੇ ਹਨ। ਦਿਲਬਰੀ ਇਹ ਦਿੱਤੀ ਗਈ ਕਿ ਸਾਡੇ ਗਰੁੱਪ ਵਿਚ ਚੀਨ,ਬਹਿਰੀਨ ਅਤੇ ਦੱਖਣੀ ਕੋਰੀਆ ਦੀਆਂ ਟੀਮਾਂ ਪੈ ਗਈਆਂ ਸਨ। ਬੰਦਾ ਪੁੱਛੇ!ਕਿ ਭਲੇ ਲੋਕੋ ਕੀ ਤੁਸੀਂ ਓਥੇ ਕੇਵਲ ਨੇਪਾਲ ਤੇ ਬੰਗਲਾ ਦੇਸ਼ ਨਾਲ ਹੀ ਖੇਡਣ ਗਏ ਸੀ ?

ਮੈਡਰਨਾ ਫੁੱਟਵਾਲ ਵਿਚ ਦੂਜੀ ਪੁਜ਼ੀਸਨ ਪ੍ਰਾਪਤ ਕਰਨਾ ਅਤੇ ਫਾਈਨਲ ਵਿਚ ਚੈਕੋਸਲਵਾਕੀਆ ਤੋਂ ਕੇਵਲ ਇਕ ਗੋਲ ਨਾਲ ਹੀ ਪਛੜਨਾ ਪ੍ਰਸੰਸਾਮਈ ਕਿਹਾ ਜਾ ਸਕਦਾ ਹੈ। ਪਰ ਸ਼ਾਇਦ ਭਾਰਤ ਸਰਕਾਰ ਨੂੰ ਵੀ ਇਨ੍ਹਾਂ ਲੋਕਾਂ ਨੇ ਨਾ ਦੱਸਿਆ ਹੋਵੇ ਕਿ ਇਸ ਟੂਰਨਾਮੈਂਟ ਵਿਚ ਦੱਖਣੀ ਕੋਰੀਆ ਅਤੇ ਇੰਡੋਨੇਸ਼ੀਆ ਦੀਆਂ ਟੀਮਾਂ ਦੂਜੇ ਦਰਜੇ ਦੀਆਂ ਸਨ। ਜੇ ਉਨ੍ਹਾਂ ਦੀਆਂ ਟੀਮਾਂ ਪਹਿਲੇ ਦਰਜੇ ਦੀਆਂ ਹੁੰਦੀਆਂ ਤਾਂ ਸ਼ਾਇਦ ਅਸੀਂ ਸੈਮੀ-ਫਾਈਨਲ ਤੱਕ ਵੀ ਨਾ ਪੁੱਜਦੇ। ਚਲੋ...'ਰੱਖ ਲੀ ਖੁਦਾ ਨੇ ਮੇਰੀ ਬੇਕਸੀ ਕੀ ਸ਼ਰਮ।' ਇਸ ਪ੍ਰਦਰਸ਼ਨੀ ਦਾ ਨਾਂਅ ਲੈ ਕੇ ਹੀ ਤਾਂ ਫੁੱਟਵਾਲ ਫੈਡਰੇਸ਼ਨ ਨੇ ਸਿਓਲ ਵਿਚ 'ਆਪਣੇ ਖਰਚੇ ਉਪਰ' ਭਾਗ ਲੈਣ ਦੀ ਆਗਿਆ ਲਈ ਸੀ। ਓਥੇ ਜਾ ਕੇ ਜਿਹੜੀ ਦੁਰਗਤੀ ਹੋਈ,ਉਹ ਤੁਹਾਡੇ ਸਾਹਮਣੇ ਹੈ।

ਜਿਹੜੀ ਯੂਨੀਅਰ ਲੜਕਿਆਂ ਦੀ ਫੁੱਟਵਾਲ ਟੀਮ ਬਾਹਰ ਭੇਜੀ ਗਈ ਸੀ,ਉਹ ਵੀ ਕੋਈ ਚੰਗੀ ਕਾਰਗੁਜ਼ਾਰੀ ਨਹੀਂ ਦਿਖਾ ਸਕੀ। ਕੇਵਲ ਪਾਕਿਸਤਾਨ ਨੇਪਾਲ ਅਤੇ ਇੰਡੋਨੇਸ਼ੀਆਈ ਟੀਮਾਂ ਨਾਲ ਹੀ ਅਸੀਂ ਟਾਕਰਾ ਲੈ ਸਕੇ...ਉਸ ਤੋਂ ਅੱਗੇ ਜਦੋਂ ਸਾਊਦੀ ਅਰਬ ਅਤੇ ਕਤਰ ਆ ਗਏ ਤਾਂ ਸਾਡੀ ਬੱਸ ਹੋ ਗਈ।

ਨੈਸ਼ਨਲ ਪੱਧਰ ਉਪਰ ਪੰਜਾਬ ਨੇ ਨਿਰੰਤਰ ਦੂਜੀ ਵੇਰ ਸੰਤੋਸ਼ ਟਰਾਫੀ ਜਿੱਤਕੇ ਇਹ ਗੱਲ ਪ੍ਰਤੱਖ ਕਰ ਦਿੱਤੀ ਹੈ ਕਿ ਪੰਜਾਬ ਵਿਚ ਇਸ ਖੇਡ ਦੀ ਭਰਪੂਰ ਸਮੱਗਰੀ ਹੈ। ਇਸ ਜਿੱਤ ਤੇ ਪ੍ਰਾਪਤੀ ਵਿਚ ਬਹੁਤਾ ਹਿਸਾ ਜੇ ਸੀ ਟੀ ਫਗਵਾੜਾ ਦਾ ਹੈ। ਉਨ੍ਹਾਂ ਫੁੱਟਵਾਲ ਦੀ ਪ੍ਰਤਿਸ਼ਠਾ ਨੂੰ ਰਾਸ਼ਟਰੀ ਪੱਧਰ ਉਪਰ ਕਾਇਮ ਰੱਖਿਆ ਹੈ। ਯੂਨੀਅਰ ਵਰਗ ਵਿਚ ਵੀ ਪੰਜਾਬ ਨੇ ਆਪਣੀ ਬਿਹਤਰ ਕਾਰਗੁਜ਼ਾਰੀ ਦਿਖਾਂਦੇ ਹੋਏ ਬੰਗਾਲ ਨੂੰ ਪਛਾੜ ਦਿੱਤਾ ਸੀ। ਜੇਕਰ ਸਬ-ਯੂਨੀਅਰ ਦਾ ਟੂਰਨਾਮੈਂਟ ਸ੍ਰੀਨਗਰ ਦੀ ਬਿਜਾਏ ਕਿਸੇ ਹੋਰ ਥਾਂ ਹੁੰਦਾ ਤਾਂ ਸ਼ਾਇਦ ਇਸ ਵਰਗ ਵਿਚ ਵੀ ਪੰਜਾਬ ਰੁਮਾਲੀ ਜਿੱਤ ਵਿਖਾਂਦਾ।

ਕ੍ਰਿਕਟ ਨੂੰ ਮੈਂ ਅਵਾਮੀ ਖੇਡ ਨਹੀਂ ਮੰਨਦਾ। ਕ੍ਰਿਕਟ ਟੈਸਟ ਜਿੱਤਣ ਨਾਲ ਏਨਾ ਕੌਮੀ ਵੱਕਾਰ ਨਹੀਂ ਬਣਦਾ ਜਿੰਨਾ ਹਾਕੀ ਦੀ ਰੁਮਾਲੀ ਜਿੱਤਣ ਨਾਲ ਬਣਦਾ ਹੈ ਜਾਂ ਅਥਲੈਟਿਕਸ ਦੇ ਖੇਤਰ ਵਿਚ ਨਵਾਂ ਰਿਕਾਰਡ ਰੱਖਣ ਨਾਲ ਉਸਰਦਾ ਹੈ। ਕ੍ਰਿਕਟ ਦੀ ਇਕ ਨਿਸ਼ਚਿਤ ਜਿਹੇ ਸਮਾਜਿਕ ਤਬਕੇ ਵਿਚ ਥਾਂ ਬਣੀ ਹੋਈ ਹੈ ਜਿਹੜੀ ਕਦੀ ਕਦੀ 'ਖਬਤ' ਦੀ ਸੀਮਾਂ ਤਕ ਪੁੱਜ ਜਾਂਦੀ ਹੈ। ਮਨਿੰਦਰ ਸਿੰਘ ਉਭਰ ਰਿਹਾ ਹੈ,ਇਸ ਗੱਲ ਦੀ ਪੰਜਾਬੀਆਂ ਨੂੰ ਖੁਸ਼ੀ ਹੈ ਕਿ ਬਿਸ਼ਨ ਸਿੰਘ ਬੇਦੀ ਪਿਛੋਂ ਇਸ ਖਿਲਾਅ ਨੂੰ ਈ ਕਿਸੇ ਪੰਜਾਬੀ ਨੇ ਹੀ ਭਰਿਆ ਹੈ।

ਬੈਡਮਿੰਟਨ ਅਤੇ ਤੈਰਾਕੀ ਵਿਚ ਵੀ ਅੰਤਰਰਾਸ਼ਟਰੀ ਪੱਧਰ ਤੇ ਅਸੀਂ ਕੋਈ ਨਾਮੀ ਖਿਡਾਰੀ ਨਹੀਂ ਬਣ ਸਕੇ। ਤੈਰਾਕੀ ਲਈ ਕੇਵਲ ਖਜ਼ਾਨ ਸਿੰਘ ਹੀ ਸਿਓਲ ਏਸ਼ੀਆਡ ਵਿਚੋਂ ਚਾਂਦੀ ਦਾ ਮੈਡਲ ਪ੍ਰਾਪਤ ਕਰ ਸਕਿਆ। ਕੋਈ ਵੀ ਹੋਰ ਤਾਰੂ ਝਨਾਂ ਨੂੰ ਪਾਰ ਨਾ ਕਰ ਸਕਿਆ। ਕੋਈ ਜੂਨੀਅਰ ਵਰਗ ਵਿਚ ਜਾਨ ਸੇਠਨਾ ਨੇ ਨਵੀਆਂ ਆਸਾਂ ਪੈਦਾ ਕੀਤੀਆਂ ਹਨ। ਆਦਿ ਤਾਂ ਬਹੁਤ ਹੀ ਚੰਗਾ ਹੈ। ਜੇਕਰ ਇਸ ਤੈਰਾਕ ਦੀ ਟਰੇਨਿੰਗ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਏ ਤਾਂ ਚੰਗੇ ਸਿੱਟੇ ਪ੍ਰਾਪਤ ਹੋ ਸਕਦੇ ਹਨ।

ਬੈਡਮਿੰਟਨ ਦੇ ਖੇਤਰ ਵਿਚ ਵੀ 1986 ਦਾ ਵਰ੍ਹਾ ਬੇਉਮੀਦੀਆਂ ਦਾ ਹੀ ਰਿਹਾ। ਸਿਓਲ ਦੀ ਏਸ਼ੀਆਡ ਅਤੇ ਬੈਂਕਾਕ ਥਾਮਸ ਕੱਪ ਵਿਚ ਭਾਰਤੀ ਟੀਮਾਂ ਕਿਤੇ ਵੀ ਜਿੱਤ ਦੀ ਦਹਿਲੀਜ਼ ਤਕ ਨਹੀਂ ਪੁੱਜ ਸਕੀਆਂ। ਸਾਡੇ ਕੋਲ ਕੇਵਲ ਇਕੋ ਹੀ ਕੌਮਾਂਤਰੀ ਪੱਧਰ ਦਾ ਖਿਡਾਰੀ ਸੀ-ਪ੍ਰਕਾਸ਼ ਪਦੂਕੋਨੇ। ਉਹ ਛੇ ਵਰ੍ਹੇ ਬਦੇਸ਼ ਰਹਿਣ ਪਿਛੋਂ ਹੁਣ ਵਾਪਿਸ ਪਰਤਿਆ ਹੈ। ਕੀ ਉਹ ਆਪਣੀ ਖੋਹੀ ਹੋਈ ਸਾਖ ਕਾਇਮ ਰੱਖ ਸਕਦਾ ਹੈ ਜਾਂ ਹਨੇਰੇ ਵਿਚ ਲੁਕ ਜਾਂਦਾ ਹੈ-ਇਹ ਸਮਾਂ ਹੀ ਦੱਸੇਗਾ।

ਕਿਸੇ ਵੀ ਖੇਡ ਨੂੰ ਚੁਣ ਲਵੋ-ਸਾਲ 1986 ਸਾਡੇ ਦੇਸ਼ ਲਈ ਖੇਡਾਂ ਦੇ ਖੇਤਰ ਵਿਚ ਅਸਫਲਤਾਵਾਂ ਦਾ ਵਰ੍ਹਾ ਸੀ। ਕੌਮਾਂ ਦੀ ਵਡਿੱਤਣ ਉਚੀਆਂ ਉਚੀਆਂ ਇਮਾਰਤਾਂ ਅਤੇ ਆਲੀਸ਼ਾਨ ਭਵਨਾਂ ਤੋਂ ਨਹੀਂ,ਸਗੋਂ ਤਗਮਿਆਂ ਦੀ ਸੂਚੀ ਤੋਂ ਮਾਪੀ ਜਾਂਦੀ ਹੈ। ਕਾਸ਼! ਇਸ ਗੱਲ ਦੀ ਸੋਝੀ ਮਹਿਲਾਂ ਵਿਚ ਵਸਦੇ ਸਾਡੇ ਨਾ-ਖੁਦਾਵਾਂ ਨੂੰ ਵੀ ਆ ਜਾਏ।

ਇਕ ਹੋਰ ਵੱਖਰੇ ਰਾਜ ਝਾਰਖੰਡ ਲਈ ਅੰਦੋਲਨ ਤੇਜ਼ ਹੋਣ ਲੱਗਾ



ਝਾਰਖੰਡ ਦੀ ਮੰਗ ਲਈ ਕਬਾਇਲੀ ਅੌਰਤਾਂ ਮਰਦ ਤੇ ਬੱਚਿਆਂ ਤਕ ਲਾਮਬੰਦੀ।

ਕੇਂਦਰੀ ਸਰਕਾਰ ਦੀਆਂ ਵਧੇਰੇ ਕੇਂਦਰੀਕਰਨ ਤੇ ਅਧਾਰਤ ਨੀਤੀਆਂ ਕਾਰਨ ਅਤੇ ਵੱਖ ਵੱਖ ਕੌਮੀਅਤਾਂ ਦੇ ਸਭਿਆਚਾਰਾਂ ਤੇ ਬੋਲੀਆਂ ਨੂੰ ਮਾਨਤਾ ਨਾ ਦੇਣ ਕਾਰਨ ਦੇਸ਼ ਭਰ ਵਿਚ ਤੇਜ਼ੀ ਨਾਲ ਬੇਚੈਨੀ ਵਧ ਰਹੀ ਹੈ। ਵਿਦੇਸ਼ੀ ਤਾਕਤਾਂ ਇਸ ਬੇਚੈਨੀ ਤੋਂ ਲਾਭ ਲੈਣ ਲਈ ਯਤਨਸ਼ੀਲ ਹਨ। ਪੰਜਾਬ, ਜੰਮੂ-ਕਸ਼ਮੀਰ, ਤ੍ਰੀਪੁਰਾ, ਪੱਛਮੀ ਬੰਗਾਲ ਵਿਚ ਪਹਿਲਾਂ ਹੀ ਹਾਲਾਤ ਅਣਸੁਖਾਵੇਂ ਹਨ। ਹੁਣ ਬਿਹਾਰ ਵਿਚ ਵੱਖਰੇ ਰਾਜ ਦੀ ਮੰਗ ਲਈ ਝਾਰਖੰਡ ਮੁਕਤੀ ਮੋਰਚੇ ਵਲੋਂ ਇਕ ਹੋਰ ਅੰਦੋਲਨ ਆਰੰਭ ਕਰਨ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਅੰਦੋਲਨ ਦੇ ਪਿਛੋਕੜ ਤੇ ਕਾਰਨਾਂ ਸਬੰਧੀ ਰੋਸ਼ਨੀ ਪਾ ਰਹੇ ਹਨ ਪ੍ਰੋ: ਸਤਨਾਮ ਸਿੰਘ ਵੜੈਚ।

ਲੰਮੇ ਸਮੇਂ ਤੋਂ ਅੰਦਰੋਂ ਅੰਦਰ ਧੁਖਦੀ ਆ ਰਹੀ ਵੱਖਰੇ ਝਾਰਖੰਡ ਰਾਜ ਦੀ ਮੰਗ ਨੇ ਇਕ ਨਵਾਂ ਮੋੜ ਲੈ ਲਿਆ ਹੈ ਅਤੇ ਸਥਾਨਕ ਨੌਜਵਾਨ ਅਤੇ ਵਿਦਿਆਰਥੀ ਇਸ ਨਾਲ ਤੇਜ਼ੀ ਨਾਲ ਜੁੜ ਰਹੇ ਹਨ। ਭਾਵੇਂ ਵੱਖਰੇ ਝਾਰਖੰਡ ਰਾਜ ਸਬੰਧੀ ਮੰਗ ਦਾ ਇਕ ਲੰਮਾ ਪਿਛੋਕੜ ਹੈ ਪਰ ਫਿਰ ਵੀ ਆਮ ਲੋਕ ਇਸ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਰੱਖਦੇ। ਇਹ ਮੰਗ ਉਸ ਰਾਜ ਵਿਚੋਂ ਉਠ ਰਹੀ ਹੈ ਜਿਥੇ ਪਹਿਲਾਂ ਹੀ ਜਾਗੀਰਦਾਰਾਂ ਵਲੋਂ ਆਮ ਲੋਕਾਂ ਤੇ ਅੰਨ੍ਹਾਂ ਜ਼ਬਰ ਢਾਹਿਆ ਜਾਂਦਾ ਹੈ। ਇਹ ਰਾਜ ਹੈ ਬਿਹਾਰ ਅਤੇ ਇਸ ਸੂਬੇ ਵਿਚ ਲੜਾਈ ਸਿਰਫ ਜਾਗੀਰਦਾਰਾਂ ਅਤੇ ਗਰੀਬ ਗੁਰਬਿਆਂ ਵਿਚਕਾਰ ਹੀ ਨਹੀਂ ਸਗੋਂ ਬਿਹਾਰ ਰਾਜ ਦੇ ਦੱਖਣ ਪੱਛਮੀ ਹਿੱਸੇ ਵਿਚੋਂ ਕੇਂਦਰ ਦੇ ਖਿਲਾਫ ਵੀ ਲੜਾਈ ਤੇਜ਼ ਹੋ ਰਹੀ ਹੈ। ਜਿਸ ਦਾ ਮੁੱਖ ਕਾਰਨ ਲੋਕਾਂ ਦੇ ਇਕ ਵਰਗ ਵਲੋਂ ਆਪਣੀਆਂ ਸਭਿਆਚਾਰਕ ਕਦਰਾਂ ਕੀਮਤਾਂ ਅਤੇ ਬੋਲੀ ਨੂੰ ਪ੍ਰਫੁਲਤ ਕਰਨ ਦੀ ਮੰਗ ਹੈ ਅਤੇ ਜਿਨ੍ਹਾਂ ਦਾ ਆਪਣੀ ਮੰਜ਼ਿਲ ਤਕ ਪੁਜਣ ਦਾ ਦ੍ਰਿੜ ਇਰਾਦਾ ਹੈ।

ਪਿਛੋਕੜ

ਕੋਈ ਸਾਢੇ ਪੰਜ ਦਹਾਕੇ ਪਹਿਲਾਂ ਦਾ ਇਤਿਹਾਸ ਹੈ ਜਦੋਂ ਕਿ ਆਦਿਵਾਸੀ ਮਹਾਂ ਸਭਾ ਨੇ ਵੱਖਰੇ ਝਾਰਖੰਡ ਰਾਜ ਦੀ ਮੰਗ ਕੀਤੀ ਸੀ। ਓਲੰਪਿਕ ਹਾਕੀ ਖਿਡਾਰੀ ਜੈਪਾਲ ਸਿੰਘ ਇਸ ਲਹਿਰ ਦਾ ਨੇਤਾ ਰਿਹਾ ਹੈ। ਜਿਸ ਕਾਰਨ ਇਸ ਲਹਿਰ ਨੂੰ ਰਾਜਨੀਤਕ ਮਹੱਤਵ ਮਿਲਿਆ ਪਰ 1963 ਵਿਚ ਜੈਪਾਲ ਸਿੰਘ ਵਲੋਂ ਇਸ ਲਹਿਰ ਨੂੰ ਕਾਂਗਰਸ ਵਿਚ ਮਿਲਾਉਣ ਦੀ ਕੋਸ਼ਿਸ਼ ਕੀਤੀ ਗਈ ਜਿਸ ਕਾਰਨ ਪਹਿਲਾਂ ਹੀ ਕਮਜ਼ੋਰ ਇਹ ਲਹਿਰ ਹੋਰ ਵੀ ਦਬਕੇ ਰਹਿ ਗਈ ਅਤੇ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਇਹ ਲਹਿਰ ਪੂਰੀ ਤਰ੍ਹਾਂ ਰਾਜਸੀ ਦ੍ਰਿਸ਼ ਤੋਂ ਲਾਂਭੇ ਹੋ ਗਈ ਪਰ ਜੈਪਾਲ ਸਿੰਘ ਦੀਆਂ ਆਸਾਂ ਤੇ ਉਸ ਵੇਲੇ ਪਾਣੀ ਫਿਰ ਗਿਆ ਜਦੋਂ ਕੁਝ ਆਗੂਆਂ ਨੇ 'ਝਾਰਖੰਡ ਮੁਕਤੀ ਮੋਰਚਾ' ਅਤੇ 'ਝਾਰਖੰਡ ਕਰਾਂਤੀ ਦਲ' ਵਰਗੀਆਂ ਜਥੇਬੰਦੀਆਂ ਬਣਾਕੇ ਵੱਖਰੇ ਰਾਜ ਸਬੰਧੀ ਸੰਘਰਸ਼ ਫੇਰ ਛੇੜ ਦਿੱਤਾ।

ਮੌਜੂਦਾ ਸਥਿਤੀ

ਲੰਮਾ ਸਮਾਂ ਸਥਾਨਕ ਵਿਦਿਆਰਥੀਆਂ ਨੇ ਇਸ ਘੋਲ ਵਿਚ ਸਰਗਰਮ ਹਿੱਸਾ ਨਹੀਂ ਲਿਆ ਪਰ ਹੁਣ ਤਾਜ਼ਾ ਸੂਚਨਾਵਾਂ ਮੁਤਾਬਕ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਇਸ ਅੰਦੋਲਨ ਨਾਲ ਗਹਿਰਾ ਲਗਾਅ ਦਿਖਾਇਆ ਹੈ ਅਤੇ ਇਸ ਨੂੰ ਨਵੇਂ ਸਿਰਿਉਂ ਜਥੇਬੰਦ ਕਰਦੇ ਹੋਏ ਇਸ ਨਾਲ ਸਕਿਰਿਆ ਰੂਪ ਵਿਚ ਜੁੜਨ ਦਾ ਐਲਾਨ ਕੀਤਾ ਹੈ। ਇਸ ਦੀ ਮੁੱਖ ਮਿਸਾਲ ਅਕਤੂਬਰ ਸੰਮੇਲਨ ਹੈ ਪਿਛਲੇ ਅਕਤੂਬਰ ਮਹੀਨੇ ਦੀ 19,20 ਅਤੇ 21 ਤਾਰੀਖ ਨੂੰ ਜਮਸ਼ੇਦਪੁਰ ਵਿਚ 'ਅਖਿਲ ਝਾਰਖੰਡ ਵਿਦਿਆਰਥੀ ਅਤੇ ਬੁੱਧੀਜੀਵੀ' ਸੰਮੇਲਨ ਹੋਇਆ

ਇਸ ਸੰਮੇਲਨ ਵਿਚ ਝਾਰਖੰਡ ਦੇ ਕਈ ਨਵੇਂ ਅਤੇ ਪੁਰਾਣੇ ਆਗੂਆਂ ਅਤੇ ਸਾਬਕ ਮੁੱਖ ਮੰਤਰੀ ਜਗਨ ਨਾਥ ਮਿਸ਼ਰਾ ਪੱਖੀਆਂ ਤੋਂ ਇਲਾਵਾ ਰਾਂਚੀ ਯੂਨੀਵਰਸਿਟੀ ਦੇ ਕਾਰਜਕਾਰੀ ਕੁਲਪਤੀ ਡਾ:ਰਾਮ ਦਿਆਲ ਮੁੰਡਾ ਨੇ ਦਲੀਲਾਂ ਸਹਿਤ ਵੱਖਰੇ ਰਾਜ ਦੀ ਮੰਗ ਦੀ ਪੁਸ਼ਟੀ ਕੀਤੀ।

ਇਕ ਲੱਖ ਤੋਂ ਵੀ ਜ਼ਿਆਦਾ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਵਾਲੇ ਅਤੇ 'ਆਲ ਝਾਰਖੰਡ ਸਟੂਡੈਂਟਸ ਯੂਨੀਅਨ' ਦੇ ਪ੍ਰਮੁੱਖ ਨੇਤਾ ਸੂਰਜ ਸਿੰਘ ਬੇਸਰਾ ਨੇ ਕਿਹਾ ਕਿ ਇਸ ਅੰਦੋਲਨ ਦੇ ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਅਸੀਂ ਅਨਿਸ਼ਚਤਤਾ ਅਤੇ ਅਵਿਸ਼ਵਾਸ ਦੇ ਦੌਰ ਵਿਚੋਂ ਗੁਜ਼ਰ ਰਹੇ ਹਾਂ। ਇਸ ਅੰਦੋਲਨ ਨੂੰ ਤੇਜ਼ ਕਰਨ ਲਈ ਅੱਠ ਜਨਵਰੀ ਤੋਂ ਜ਼ੋਰਦਾਰ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਜਨ-ਸੰਪਰਕ ਦੇ ਸਹਾਰੇ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਅਸਤੀਫਾ ਦੇਣ ਲਈ ਪਰੇਰਿਆ ਜਾਵੇਗਾ। ਅੰਦੋਲਨ ਨੂੰ ਦਬਾਉਣ ਵਾਲੀਆਂ ਸ਼ਕਤੀਆਂ ਦਾ ਮੂੰਹ ਤੋੜ ਜਵਾਬ ਦੇਣ ਦੀ ਕਸਮ ਵੀ ਖਾਧੀ ਗਈ।

ਸੂਰਜ ਮੰਡਲ (ਝਾਰਖੰਡ ਮੁਕਤੀ ਮੋਰਚਾ ਦਲ ਦੇ ਉਪ ਨੇਤਾ) ਨੇ ਕਿਹਾ ਕਿ ਝਾਰਖੰਡ ਵਿਚ ਵਸਦੇ ਮਜ਼ਦੂਰਾਂ ਕਿਸਾਨਾਂ ਨੂੰ ਆਪਣੀਆਂ ਪਤਨੀਆਂ ਦੇ ਗਹਿਣੇ ਵੇਚਕੇ ਬੰਦੂਕਾਂ ਅਤੇ ਹੋਰ ਹਥਿਆਰ ਖਰੀਦਣੇ ਚਾਹੀਦੇ ਹਨ ਤਾਂ ਕਿ ਸੰਘਰਸ਼ ਨੂੰ ਤੇਜ਼ ਕੀਤਾ ਜਾ ਸਕੇ। ਉਸ ਨੇ ਕਿਹਾ ਕਿ ਸਾਡੀ ਸਰਕਾਰ ਤਾਂ ਹੀ ਕਿਸੇ ਦੀ ਗੱਲ ਸੁਣਦੀ ਹੈ ਜੇ ਲਾਲਡੇਂਗਾ ਵਾਲੀ ਬੋਲੀ ਅਨੁਸਾਰ ਬੋਲਿਆ ਜਾਵੇ।

ਰਾਂਚੀ ਯੂਨੀਵਰਸਿਟੀ ਦੇ ਕਾਰਜਕਾਰੀ ਪ੍ਰਧਾਨ ਡਾ:ਰਾਮ ਦਿਆਲ ਮੁੰਡਾ ਨੇ ਇਸ ਨੂੰ ਇਕ ਸਭਿਆਚਾਰਕ ਸਮੱਸਿਆ ਦੱਸਿਆ ਅਤੇ ਬੁੱਧੀਜੀਵੀਆਂ ਨੂੰ ਅਪੀਲ ਕੀਤੀ ਕਿ ਇਸ ਲਹਿਰ ਦਾ ਡਟਵਾਂ ਸਮਰਥਨ ਕੀਤਾ ਜਾਵੇ ਤਾਂ ਕਿ ਇਸ ਨੂੰ ਇਕ ਸਫਲ ਅੰਦੋਲਨ ਬਣਾਇਆ ਜਾਵੇ। ਡਾ:ਮੁੰਡਾ ਨੇ ਇਸ ਲਹਿਰ ਨੂੰ ਮੁਕਤੀ ਲਈ ਇਕ ਪਹਿਲਾ ਯਤਨ ਦੱਸਿਆ



ਇਸ ਗਰੀਬੀ ਤੇ ਬੇਰੁਜ਼ਗਾਰੀ ਵਿਚੋਂ ਨਿਕਲਿਆ ਹੈ ਝਾਰਖੰਡ ਅੰਦੋਲਨ।

ਝਾਰਖੰਡ ਪਾਰਟੀ ਦੇ ਪ੍ਰਧਾਨ ਐਨ ਈ ਹੋਰੋ ਨੇ ਇਕ ਸਾਂਝੇ ਮੰਚ ਤੇ ਜ਼ੋਰ ਦਿੱਤਾ ਤਾਂ ਕਿ ਝਾਰਖੰਡ ਅੰਦੋਲਨ ਨਾਲ ਜੁੜੇ ਲੋਕਾਂ ਨੂੰ ਇਕਮੁੱਠ ਕੀਤਾ ਜਾ ਸਕੇ। ਉਸ ਅਨੁਸਾਰ ਬਿਹਾਰ,ਪੱਛਮੀ ਬੰਗਾਲ,ਉੜੀਸਾ ਅਤੇ ਮੱਧ ਪ੍ਰਦੇਸ਼ ਦੇ ਆਦਿਵਾਸੀ ਬਹੁ-ਗਿਣਤੀ ਵਾਲੇ 21 ਜ਼ਿਲਿਆਂ ਨੂੰ ਮਿਲਾਕੇ ਇਕ ਵੱਖਰਾ ਝਾਰਖੰਡ ਰਾਜ ਬਣਾਉਣ ਲਈ ਜ਼ੋਰਦਾਰ ਸੰਘਰਸ਼ ਕਰਨਾ ਪਵੇਗਾ।

ਸਾਲ 1986 ਦੇ ਸ਼ੁਰੂ ਵਿਚ ਵੀ ਲੱਖਾਂ ਦੀ ਗਿਣਤੀ ਵਿਚ ਲੋਕਾਂ ਨੇ ਇਕ ਮੁੱਠ ਹੋ ਕੇ ਵੱਖਰੇ ਝਾਰਖੰਡ ਰਾਜ ਦੀ ਆਵਾਜ਼ ਨੂੰ ਉੱਚਾ ਚੁੱਕਿਆ ਸੀ ਇਸ ਤਰ੍ਹਾਂ ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਵੱਖਰੇ ਝਾਰਖੰਡ ਰਾਜ ਦੀ ਮੰਗ ਕਿਸੇ ਵੇਲੇ ਵੀ ਜ਼ੋਰਦਾਰ ਚੁਣੌਤੀ ਦੇ ਰੂਪ ਵਿਚ ਸਾਹਮਣੇ ਆ ਸਕਦੀ ਹੈ। ਇਸ ਲਹਿਰ ਦੇ ਉਭਰਨ ਦੇ ਕੁਝ ਕਾਰਨ ਇਸ ਤਰ੍ਹਾਂ ਹਨ।

ਇਨ੍ਹਾਂ ਲੋਕਾਂ ਦੀ ਮਾਂ-ਬੋਲੀ ਹਿੰਦੀ ਨਹੀਂ ਪਰ ਇਨ੍ਹਾਂ ਨੂੰ ਜ਼ਬਰਦਸਤੀ ਹਿੰਦੀ ਮਾਧਿਅਮ ਰਾਹੀਂ ਪੜ੍ਹਾਇਆ ਜਾਂਦਾ ਹੈ। ਜਿਸ ਕਾਰਨ ਆਬਾਦੀ ਦਾ ਬਹੁਤ ਵੱਡਾ ਹਿੱਸਾ ਅਨਪੜ੍ਹ ਹੈ। ਅਕਤੂਬਰ ਸੰਮੇਲਨ ਨੇ ਵੀ ਇਸ ਸਬੰਧੀ ਮਤਾ ਪਾਇਆ ਹੈ ਕਿ ਝਾਰਖੰਡ ਦੀਆਂ ਭਾਸ਼ਾਵਾਂ ਨੂੰ ਪੜ੍ਹਾਈ ਦਾ ਮਾਧਿਅਮ ਬਣਾਇਆ ਜਾਵੇ ਅਤੇ ਇਨ੍ਹਾਂ ਭਾਸ਼ਾਵਾਂ ਵਿਚ ਹੀ ਕੁਝ ਸੇਸਾਂ ਲਈ ਆਕਾਸ਼ਵਾਣੀ ਅਤੇ ਦੂਰਦਰਸ਼ਨ ਤੋਂ ਪ੍ਰਸਾਰਣ ਕੀਤਾ ਜਾਵੇ।

●ਆਰਥਿਕ ਤੌਰ ਤੇ ਇਹ ਇਲਾਕਾ ਪਛੜਿਆ ਹੋਇਆ ਹੈ। ਜਿਸ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ ਜਾ ਰਿਹਾ,ਜਿਸ ਕਾਰਨ ਬਹੁ-ਗਿਣਤੀ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹਨ।

●ਇਸ ਇਲਾਕੇ ਦਾ ਆਪਣਾ ਵੱਖਰਾ ਸਭਿਆਚਾਰ ਹੈ ਜਿਸ ਨੂੰ ਖਤਮ ਕਰਨ ਦੀ ਕੋਸ਼ਿਸ਼ ਲਗਾਤਾਰ ਹੋ ਰਹੀ ਹੈ।

ਕੀ ਕਰਨਾ ਲੋੜੀਏ

ਅੱਗ ਨੂੰ ਪਾਣੀ ਨਾਲ ਬੁਝਾਇਆ ਜਾ ਸਕਦਾ ਹੈ,ਪਰ ਅੱਜ ਕੱਲ੍ਹ ਸਾਡੇ ਹਾਕਮ ਅਜਿਹੀ ਗੁਰਜ ਚੁੱਕੀ ਫਿਰਦੇ ਹਨ ਜੋ ਕਿ ਅੱਗ ਨੂੰ ਅੱਗ ਨਾਲ ਬੁਝਾਉਣ ਦੀ ਕੋਸ਼ਿਸ਼ ਕਰਦੀ ਹੈ ਜਿਸ ਕਾਰਨ ਕਿੰਨੀਆਂ ਉਲਝਣਾਂ ਪੈਦਾ ਹੋ ਚੁੱਕੀਆਂ ਹਨ। ਵੱਖੋ ਵੱਖਰੀਆਂ ਕੌਮੀਅਤਾਂ ਦਾ ਜਦੋਂ ਕੋਈ ਘੋਲ ਉਠਦਾ ਹੈ ਤਾਂ ਇਨ੍ਹਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਨਸ਼ਟ ਹੁੰਦੀ ਨਜ਼ਰ ਆਉਂਦੀ ਹੈ। ਲੋੜ ਇਹ ਨਹੀਂ ਕਿ ਏਕਤਾ ਅਤੇ ਅਖੰਡਤਾ ਨੂੰ ਕੌਮੀ ਮਸਲਿਆਂ ਨਾਲ ਜੋੜਕੇ ਖਾਹ-ਮਖਾਹ ਦਾ ਰੌਲਾ ਪਾਇਆ ਜਾਵੇ,ਸਗੋਂ ਜ਼ਰੂਰਤ ਇਸ ਗੱਲ ਦੀ ਹੈ ਕਿ ਸਬੰਧਤ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਉਨ੍ਹਾਂ ਦੇ ਮਸਲਿਆਂ ਦਾ ਕੋਈ ਸਿਆਸੀ ਹੱਲ ਲੱਭਿਆ ਜਾਵੇ। ਅੱਜ ਝਾਰਖੰਡੀਆਂ ਨੂੰ ਸਖਤੀ ਨਾਲ ਦਬਾਉਣ ਦੀ ਬਜਾਏ ਉਨ੍ਹਾਂ ਦੇ ਸਭਿਆਚਾਰ ਅਤੇ ਬੋਲੀ ਪ੍ਰਤੀ ਠੀਕ ਰਵੱਈਆ ਅਖਤਿਆਰ ਕੀਤਾ ਜਾਣਾ ਚਾਹੀਦਾ ਹੈ। ਆਰਥਿਕ ਪੱਖੋਂ ਇਲਾਕੇ ਨੂੰ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਇਸ ਇਲਾਕੇ ਵਿਚ ਤਾਂ ਕੱਚਾ ਮਾਲ,ਕੁਦਰਤੀ ਸਾਧਨ-ਜਿਵੇਂ ਲੋਹਾ,ਕੋਲਾ ਵਗੈਰਾ ਕਾਫੀ ਜ਼ਿਆਦਾ ਹਨ ਜਿਸ ਕਾਰਨ ਇਲਾਕੇ ਦਾ ਵਿਕਾਸ ਕੋਈ ਔਖਾ ਕੰਮ ਨਹੀਂ ਹੈ ਪਰ ਲੋੜ ਸਿਰਫ ਇਮਾਨਦਾਰੀ ਦੀ ਹੈ। ਤਪਦਿਕ ਵਰਗੇ ਰੋਗਾਂ ਨੂੰ ਖਤਮ ਕਰਨ ਲਈ ਮੁਫਤ ਇਲਾਜ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਹੀ ਲੋਕਾਂ ਦਾ ਦਿਲ ਜਿੱਤਿਆ ਜਾ ਸਕਦਾ ਹੈ ਅਤੇ ਉਨ੍ਹਾਂ ਦਾ ਕੌਮੀ ਮੁੱਖ ਧਾਰਾ ਵਿਚ ਯਕੀਨ ਦਿਵਾਇਆ ਜਾ ਸਕਦਾ ਹੈ।

ਸੀ. ਆਰ. ਪੀ. ਨੂੰ ਸਥਾਈ ਰਿਹਾਇਸ਼ ਦੇਣ ਦੀ ਹਿਦਾਇਤ

ਚੰਡੀਗੜ੍ਹ — ਕੇਂਦਰ ਸਰਕਾਰ ਦੇ ਸੂਤਰਾਂ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿਚੋਂ ਸੀ. ਆਰ. ਪੀ. ਵਾਪਸ ਬੁਲਾਏ ਜਾਣ ਦਾ ਸਵਾਲ ਹੀ ਨਹੀਂ ਹੁੰਦਾ, ਸਗੋਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਤਾਂ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਸੀ. ਆਰ. ਪੀ. ਦੇ ਜਵਾਨਾਂ ਤੇ ਅਧਿਕਾਰੀਆਂ ਨੂੰ ਸਕੂਲਾਂ ਤੇ ਹੋਰ ਵਿਦਿਅਕ ਅਦਾਰਿਆਂ ਵਿਚੋਂ ਕੱਢ ਕੇ ਰਹਿਣ ਲਈ ਪੱਕੇ ਕੁਆਰਟਰ ਜਾਂ ਕੋਈ ਹੋਰ ਸਥਾਈ ਆਵਾਸ ਪ੍ਰਦਾਨ ਕਰੇ। ਨਵੀਂ ਦਿੱਲੀ ਦੇ ਅੰਗਰੇਜ਼ੀ ਰੋਜ਼ਾਨਾ "ਦ ਹਿੰਦੂ" ਦੀ ਇਕ ਰਿਪੋਰਟ ਅਨੁਸਾਰ ਕੇਂਦਰ ਨੇ ਪੰਜਾਬ ਸਰਕਾਰ ਨੂੰ ਇਹ ਵੀ ਕਿਹਾ ਹੈ ਕਿ ਜੇਕਰ ਉਹ ਪੱਕੇ ਮਕਾਨ ਜਾਂ ਬੈਰਕਾਂ ਤੁਰੰਤ ਮੁਹੱਈਆ ਨਹੀਂ ਕਰ ਸਕਦੀ ਤਾਂ ਸੀ. ਆਰ. ਪੀ. ਲਈ ਤੰਬੂਆਂ ਜਾਂ ਪ੍ਰੀ-ਫੈਬਰੀਕੇਟਡ ਢਾਂਚਿਆਂ ਵਾਲਾ ਆਵਾਸ ਮੁਹੱਈਆ ਕੀਤਾ ਜਾਵੇ।

ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੂੰ ਬ੍ਰਹਮਪੁਰਾ ਕਾਂਡ ਤੋਂ ਪਹਿਲਾਂ, ਦੌਰਾਨ ਤੇ ਬਾਅਦ ਦੇ ਹਾਲਾਤ ਦੀ ਮੁਕੰਮਲ ਜਾਣਕਾਰੀ ਹੈ। ਉਹ ਪਿੰਡ ਬ੍ਰਹਮਪੁਰਾ ਵਿਚ ਪਿਛਲੇ ਦਿਨੀਂ ਹੋਏ ਸਮਾਗਮ ਦੌਰਾਨ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਰਾਗੀ ਤੇ ਹੋਰਨਾਂ ਬੁਲਾਰਿਆਂ ਦੇ ਭਾਸ਼ਨਾਂ ਦੀ ਸੁਰ ਤੋਂ ਵੀ ਜਾਣੂ ਹੈ। ਇਥੇ ਵਰਨਣਯੋਗ ਹੈ ਕਿ ਉਕਤ ਸਮਾਗਮ ਵਿਚ ਹੀ ਜਥੇਦਾਰ ਨੇ ਸੀ. ਆਰ. ਪੀ. ਨੂੰ ਪੰਜਾਬ ਵਿਚੋਂ ਵਾਪਸ ਬੁਲਾਏ ਜਾਣ ਦੀ ਮੰਗ ਕੀਤੀ ਸੀ।



ਸਮਿਤਾ ਪਾਟਿਲ ਦੀ ਬੜੀ ਲੋੜ ਸੀ

ਦੁਖ ਇਸ ਗੱਲ ਦਾ ਨਹੀਂ ਕਿ ਸਮਿਤਾ ਪਾਟਿਲ ਚਲੀ ਗਈ ਪਰ ਦੁਖ ਇਸ ਗੱਲ ਦਾ ਹੈ ਕਿ ਉਸ ਦੀ ਜਾਣ ਦੀ ਹਾਲੇ ਉਮਰ ਨਹੀਂ ਸੀ ਤੇ ਖਾਸ ਗੱਲ ਇਹ ਕਿ ਸਾਡੇ ਫਿਲਮ ਜਗਤ ਨੂੰ ਸਮਿਤਾ ਵਰਗੀਆਂ ਸੰਜੀਦਾ ਤੇ ਸੂਖਮ ਅਭਿਨੇਤਰੀਆਂ ਦੀ ਅਜੇ ਬਹੁਤ ਲੋੜ ਸੀ ।

ਸਮਿਤਾ ਪਾਟਿਲ ਨੇ ਮਰਦ-ਪ੍ਰਧਾਨ ਫਿਲਮਾਂ ਦੇ ਸਮਿਆਂ 'ਚ ਨਾਰੀ-ਪ੍ਰਧਾਨ ਫਿਲਮਾਂ ਦੇ ਕੇ ਅਹਿਮ ਕੰਮ ਕੀਤਾ ਤੇ ਕਮਰਸ਼ੀਅਲ ਸਿਨਮੇ ਦੇ ਰਾਜ ਅੰਦਰ ਕਲਾ-ਸਿਨਮੇ ਦੀਆਂ ਰਿਆਸਤਾਂ ਕਾਇਮ ਕਰ ਕੇ ਦਿਖਾਈਆਂ ।

ਭਾਵੇਂ ਸਮਿਤਾ ਨੇ ਆਪਣੀ ਅਭਿਨੈ-ਕਲਾ ਦਾ ਸਿਖਰ ਦੇਖ ਲਿਆ ਸੀ ਪਰ ਗੰਭੀਰ ਦਰਸ਼ਕਾਂ ਨੂੰ ਅਜੇ ਬੜੀ ਉਮੀਦ ਸੀ ਕਿ ਸਮਿਤਾ ਦੀ ਅਭਿਨੈ-ਕਲਾ ਦੇ ਕਈ ਹੋਰ ਸਿਖਰ ਬਣਨਗੇ ।

ਇਥੇ ਪੇਸ਼ ਹਨ, ਸਮਿਤਾ ਪਾਟਿਲ ਦੀਆਂ ਸਮੇਂ ਸਮੇਂ ਸਿਰ ਆਖੀਆਂ ਨਿੱਕੀਆਂ ਨਿੱਕੀਆਂ ਗੱਲਾਂ, ਜੋ ਹੁਣ ਯਾਦਾਂ ਬਣ ਜਾਣਗੀਆਂ:

● ਸਾਡੇ ਮਰਦ-ਪ੍ਰਧਾਨ ਸਮਾਜ ਦੀ ਇਸ ਧਾਰਨਾ ਉਪਰ ਮੈਨੂੰ ਸਖਤ ਕਿੰਤੂ ਹੈ ਕਿ ਔਰਤਾਂ ਮੂਲ ਰੂਪ 'ਚ ਇੰਟੈਲੀਜੈਂਟ ਨਹੀਂ ਹੁੰਦੀਆਂ । ਮੈਂ ਤਾਂ ਕਹਾਂਗੀ ਕਿ ਔਰਤਾਂ ਮਰਦਾਂ ਨਾਲੋਂ ਵੀ ਵੱਧ ਸੈਂਸੀਬਲ ਹੁੰਦੀਆਂ ਹਨ । ਉਹ ਸੈਂਸੀਬਲ ਇਸੇ ਕਰ ਕੇ ਹੁੰਦੀਆਂ ਹਨ ਕਿਉਂ ਜੋ ਉਹ ਇੰਟੈਲੀਜੈਂਟ ਹੁੰਦੀਆਂ ਹਨ । ਹਾਂ, ਸੰਵੇਦਨਸ਼ੀਲ ਮਰਦ ਜਾਂ ਔਰਤ ਕਦੇ ਵੀ ਸਫਲ ਨੇਤਾ ਨਹੀਂ ਬਣ ਸਕਦੇ ।

● ਮੈਂ ਫਿਲਮਾਂ ਨੂੰ ਮਹਿਜ਼ ਸ਼ੌਕ ਤੇ ਸ਼ੋਹਰਤ ਲਈ ਨਹੀਂ ਕਰ ਰਹੀ । ਮੇਰੇ ਕੁਝ ਖਾਸ ਉਦੇਸ਼ ਹਨ ।

ਖੁਦ ਦੀ ਤ੍ਰਿਪਤੀ ਇਕ ਉਦੇਸ਼ ਹੈ ਤੇ ਹੋਰ ਵੀ ਅਹਿਮ ਉਦੇਸ਼ ਲੈ ਕੇ ਮੈਂ ਫਿਲਮਾਂ ਕਰ ਰਹੀ ਹਾਂ । ਫਿਲਮਾਂ ਵਿਚ ਔਰਤ ਦਾ ਸ਼ੋਸ਼ਣ ਕੀਤਾ ਜਾਂਦਾ ਹੈ । ਦੁਖ ਦੀ ਗੱਲ ਹੈ ਕਿ ਅਸੀਂ ਔਰਤ ਦੀ ਅਜ਼ਾਦੀ ਦੀਆਂ ਗੱਲਾਂ ਬਹੁਤ ਕਰਦੇ ਹਾਂ, ਪਰ ਅਮਲ ਨਹੀਂ ਕਰਦੇ । ਔਰਤ ਹਮੇਸ਼ਾ ਤਰਸ ਦੀ ਪਾਤਰ ਹੀ ਕਿਉਂ ਦਿਖਾਈ ਜਾਵੇ ।
ਪਰ ਔਰਤ-ਪ੍ਰਧਾਨ ਫਿਲਮਾਂ ਨੇ ਪਰੰਪਰਾ ਨੂੰ ਤੋੜਿਆ ਹੈ ।

ਔਰਤ ਦੇ ਅੰਦਰ ਅੱਤਿਆਚਾਰਾਂ ਦੇ ਵਿਰੁੱਧ ਹੌਲੀ ਹੌਲੀ ਅੱਗ ਭੜਕਦੀ ਹੈ । 'ਸੁਬਾ', 'ਹਾਦਸਾ' ਫਿਲਮਾਂ ਅਜਿਹੀਆਂ ਮਿਸਾਲਾਂ ਹਨ ।

● ਕਲਾ ਫਿਲਮਾਂ ਸਾਡੀ ਆਮ ਜ਼ਿੰਦਗੀ ਦੇ ਬਹੁਤ ਕਰੀਬ ਹੁੰਦੀਆਂ ਹਨ । ਜੀਵਨ ਦੀ ਸਚਾਈ ਨੂੰ ਜੇ ਹੂ-ਬ-ਹੂ ਨਹੀਂ ਤਾਂ ਘੱਟੋ ਘੱਟ ਸਚਾਈ ਦੇ ਨੇੜੇ-ਤੇੜੇ ਰੱਖਣ ਦੀ ਕੋਸ਼ਿਸ਼ ਹੁੰਦੀ ਹੈ । ਦਰਸ਼ਕਾਂ ਨੇ ਵੀ ਫਿਲਮਾਂ ਦੇ ਜ਼ਰੀਏ ਕੋਰੀ ਭਾਵੁਕਤਾ ਨਹੀਂ ਬਲਕਿ ਯਥਾਰਥ ਨੂੰ ਦੇਖਣ ਤੇ ਮਹਿਸੂਸਣ ਦੀ ਉਤਸੁਕਤਾ ਵਿਖਾਈ, ਤਦੇ ਕਮਰਸ਼ੀਅਲ ਸਿਨਮੇ ਦੀਆਂ ਡੂੰਘੀਆਂ ਜੜ੍ਹਾਂ ਲਗਦੀਆਂ ਜਾ ਰਹੀਆਂ ਹਨ ।

● ਮੈਂ ਕਮਰਸ਼ੀਅਲ ਸਿਨਮੇ ਦੀ ਵਿਰੋਧੀ ਨਹੀਂ ਹਾਂ ਲੇਕਿਨ ਹਿੰਸਾ, ਅਸ਼ਲੀਲਤਾ ਤੇ ਅਪਰਾਧੀ ਮਾਨਸਿਕਤਾ ਦੇਣ ਵਾਲੇ ਕਮਰਸ਼ੀਅਲ ਸਿਨਮੇ ਦਾ ਮੈਂ ਸਖਤ ਵਿਰੋਧ ਕਰਦੀ ਹਾਂ । ਮੇਰੇ 'ਚੱਕਰ' ਵਿਚਲੇ ਨਹਾਉਣ ਦੇ ਦ੍ਰਿਸ਼ਾਂ ਨੂੰ ਕਈ ਸਿਨੇ-ਆਲੋਚਕਾਂ ਨੇ ਅਸ਼ਲੀਲ ਆਖਿਆ ਪਰ ਅਜਿਹਾ ਨਹੀਂ ਸੀ । ਝੁੱਗੀਆਂ, ਬਸਤੀਆਂ 'ਚ ਰਹਿੰਦੀਆਂ ਔਰਤਾਂ ਦਾ ਜੀਵਨ ਇਸੇ ਪ੍ਰਕਾਰ ਦਾ ਹੈ । ਮੈਂ ਫਿਲਮਾਂ ਦੇ ਕਰੈਕਟਰ ਨਾਲ ਪੂਰਾ ਇਨਸਾਫ ਕਰਨ ਲਈ ਉਚਿਤ ਤੇ ਸਹਿਜਮਈ ਢੰਗ ਨਾਲ ਅੰਗ-ਪ੍ਰਦਰਸ਼ਨ ਕੀਤਾ ।


'ਪੇਟ, ਪਿਆਰ ਔਰ ਪਾਪ 'ਚ ਸਮਿਤਾ ।



● ਲੋਕਾਂ ਨੂੰ ਮੇਰੀਆਂ ਫਿਲਮਾਂ 'ਚੋਂ 'ਭੂਮਿਕਾ' ਬਹੁਤ ਪਸੰਦ ਆਈ ਪਰ ਮੇਰੀ ਨਿਜੀ ਪਸੰਦ ਵਿਚ 'ਸੁਬ੍ਹਾ' ਨੰਬਰ ਵਨ ਹੈ ।

● ਬਹੁਤ ਥੋੜੀਆਂ ਐਕਟਰੈਸਾਂ ਹਨ ਜੋ ਪਰਦੇ ਉਪਰ 'ਯੰਗ' ਤੇ 'ਮੈਚਿਓਰ' ਇਮੇਜ ਲੈ ਕੇ ਚਲ ਸਕਦੀਆਂ ਹਨ । 'ਮੈਂ' ਹੋਈ ਜਾਂ 'ਸ਼ਬਾਨਾ', ਅਸੀਂ 'ਯੰਗ' ਤੇ 'ਬੋਲਡ' ਦੋਵੇਂ ਜੈਨਰੇਸ਼ਨਾਂ ਨੂੰ ਅੱਛੀ ਤਰ੍ਹਾਂ ਪਰਦੇ ਉਪਰ ਪੇਸ਼ ਕਰਨ ਦੇ ਸਮਰੱਥ ਹਾਂ । ਮੈਨੂੰ ਆਪਣੇ ਉਪਰ ਭਰੋਸਾ ਹੈ, ਭਾਵੇਂ ਗਲੈਮਰਸ ਇਮੇਜ ਨਹੀਂ ਹੈ ਪਰ ਮੈਂ ਕੁਝ ਉਦੇਸ਼ਪੂਰਨ ਫਿਲਮਾਂ ਵਿਚ ਨਾਰੀ ਵਰਗ ਦੀਆਂ ਕੁਝ ਜਟਿਲ ਸਮੱਸਿਆਵਾਂ ਨੂੰ ਲੈ ਕੇ ਕਮਰਸ਼ੀਅਲ ਸਿਨਮੇ 'ਚ ਵੀ ਚਲ ਸਕਦੀ ਹਾਂ ਤੇ ਚਲ ਰਹੀ ਹਾਂ ।

● ਰਾਜ ਬੱਬਰ ਨਾਲ ਮੈਂ ਫਿਲਮਾਂ ਵਿਚ ਏਸ ਲਈ ਰੋਲ ਨਹੀਂ ਕਰ ਰਹੀ ਕਿ ਉਹ ਮੇਰਾ ਜਿਗਰੀ ਦੋਸਤ ਹੈ ਜਾਂ ਸਾਡੀਆਂ ਕਈ ਫਿਲਮਾਂ ਚਲ ਗਈਆਂ ਹਨ ਬਲਕਿ ਇਕ ਖਾਸ ਪ੍ਰਕਾਰ ਦੀਆਂ ਫਿਲਮਾਂ ਲਈ ਉਹ ਦੂਜਿਆਂ ਨਾਲੋਂ ਬਿਹਤਰ ਆਰਟਿਸਟ ਹੈ ।

● ਮੈਂ ਕਲਾ-ਫਿਲਮ ਕਰ ਕੇ ਜਦੋਂ ਕਮਰਸ਼ੀਅਲ ਫਿਲਮ ਵੱਲ ਜਾਂਦੀ ਹਾਂ ਤਾਂ ਪ੍ਰੋਡਿਊਸਰ ਮੇਰੀ ਕੀਮਤ ਛੋਟੀਆਂ ਫਿਲਮਾਂ ਦੀ ਐਕਟਰੈਸ ਸਮਝ ਕੇ ਅਦਾ ਕਰਦੇ ਹਨ ਤੇ ਜਦੋਂ ਕਮਰਸ਼ੀਅਲ ਫਿਲਮ ਕਰਨ ਉਪਰੰਤ ਕਲਾ-ਫਿਲਮ ਵੱਲ ਜਾਂਦੀ ਹਾਂ ਤਾਂ ਏਧਰਲੇ ਪ੍ਰੋਡਿਊਸਰ ਸੋਚਦੇ ਨੇ ਸਮਿਤਾ ਬਾਈ ਵੱਡੀਆਂ ਫਿਲਮਾਂ 'ਚ ਖੂਬ ਪੈਸਾ ਕਮਾ ਰਹੀ ਹੈ । ਮੈਂ ਪੈਸਾ ਘੱਟ ਵੀ ਦੇ ਦਿਆਂ ਤਾਂ ਕੋਈ ਹਰਜ ਨਹੀਂ... ।

● ਸਫਲਤਾ ਹਾਸਲ ਕਰਨਾ ਤਾਂ ਆਸਾਨ ਹੈ ਪਰ ਜਿਸ ਪੱਧਰ ਉਪਰ ਮੈਨੂੰ ਦਰਸ਼ਕਾਂ ਨੇ ਪਹੁੰਚਾ ਦਿੱਤਾ ਹੈ, ਉਸ ਪੱਧਰ ਨੂੰ ਕਾਇਮ ਰੱਖਣਾ ਜਾਂ ਉਸ ਤੋਂ ਅੱਗੇ ਤੁਰਨਾ ਕਠਿਨ ਹੈ, ਬਹੁਤ ਕਠਿਨ ।

● ਬੰਧਨ ਸਿਰਫ ਸੱਤ ਫੇਰਿਆਂ ਨਾਲ ਨਹੀਂ ਹੋ ਜਾਂਦਾ, ਸ਼ਾਦੀ ਦੀ ਰਸਮ ਤਾਂ ਬੇਹੱਦ ਮਾਮੂਲੀ ਹੈ, ਫਾਰਮੈਲਿਟੀ ਹੈ । ਦੋ ਇਨਸਾਨ ਅਜੇ ਇਕ ਦੂਜੇ ਨਾਲ ਮਾਨਸਿਕ ਤੇ ਰੂਹਾਨੀ ਤੌਰ 'ਤੇ ਜੁੜ ਜਾਂਦੇ ਹਨ ਤਾਂ ਦੁਨੀਆਂ ਵਿਚ ਇਸ ਤੋਂ ਵੱਡੀ ਖੁਸ਼ੀ ਜਾਂ ਪ੍ਰਾਪਤੀ ਹੋਰ ਕੀ ਹੋ ਸਕਦੀ ਹੈ ।

● 'ਚੱਕਰ' ਦੀ ਸ਼ੂਟਿੰਗ ਚਲ ਰਹੀ ਸੀ । ਮੈਂ ਬਸਤੀ 'ਚੋਂ ਲੰਘ ਰਹੀ ਸਾਂ । ਕਿਸੇ ਪਿੰਡ ਤੋਂ ਆ ਰਹੀ ਸਾਂ । ਕੋਲ ਬੱਚਾ ਸੀ । ਕੈਮਰਾ ਇਕ ਗੱਠ 'ਚ ਛੁਪਾ ਕੇ ਫਿੱਟ ਕੀਤਾ ਹੋਇਆ ਸੀ । ਇਕ ਥਾਂ ਮੈਂ ਰੁਕ ਕੇ, ਪਾਣੀ ਮੰਗਣਾ ਸੀ ।

ਬਸਤੀ ਦੀ ਇਕ ਔਰਤ ਨੇ ਮੈਨੂੰ ਚਾਈਂ ਚਾਈਂ ਪਾਣੀ ਦਿੱਤਾ ਤੇ ਬੈਠਣ ਲਈ ਕਿਹਾ । ਪੁੱਛਣ ਲੱਗੀ ਕਿ ਕਿਥੋਂ ਆਈ ਤੇ ਕਿਥੇ ਜਾਣਾ । ਝੁੱਗੀ 'ਚ ਰਹਿਣ ਲਈ ਥਾਂ ਦੇਣ ਦੀ ਵੀ ਪੇਸ਼ਕਸ਼ ਕੀਤੀ । ਪਰ ਅਚਾਨਕ ਲੋਕਾਂ ਨੂੰ ਉਥੇ ਪਤਾ ਚਲ ਗਿਆ ਕਿ ਸ਼ੂਟਿੰਗ ਹੋ ਰਹੀ ਹੈ ।

ਲੋਕ ਮੇਰੇ ਦੁਆਲੇ 'ਕੱਠੇ ਹੋਣ ਲੱਗੇ ਕਿ ਮੈਂ ਦੌੜ ਕੇ ਵੈਨ 'ਚ ਚੜ੍ਹ ਗਈ । ਪਰ ਝੁੱਗੀ ਵਾਲੀ ਔਰਤ ਮੇਰੇ ਵੱਲ ਕੌੜੀਆਂ ਅੱਖਾਂ ਨਾਲ ਘੂਰ ਰਹੀ ਸੀ ਜਿਵੇਂ ਕਹਿ ਰਹੀ ਹੋਵੇ, ਤੁਸੀਂ ਫਿਲਮਾਂ ਵਾਲੇ, ਝੂਠੇ ਹੋ, ਫਰੇਬੀ ਹੋ, ਧੋਖੇਬਾਜ਼ ਹੋ...।'



ਸਮਿਤਾ ਪਾਟਿਲ ਤੇ ਸ਼ਤਰੂ

ਸਮਿਤਾ ਦਾ ਫਿਲਮੀ ਕੈਰੀਅਰ

ਸਮਿਤਾ ਦਾ ਜਨਮ ਪੂਨੇ ਵਿਚ 17 ਅਕਤੂਬਰ 1955 ਨੂੰ ਹੋਇਆ। ਉਸ ਨੇ ਆਰੰਭਿਕ ਵਿਦਿਆ ਪੂਨੇ ਦੇ ਰੇਣੁਕਾ ਸਵਰੂਪ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਫਿਰ ਫਰਗੂਸਨ ਕਾਲਜ ਤੋਂ ਬੀ.ਏ. ਪਹਿਲਾ ਸਾਲ ਕੀਤਾ। ਉਸ ਪਿਛੋਂ ਸਮਿਤਾ ਨੇ ਐਲਫਿਸਟਨ ਕਾਲਜ ਵਿਚ ਦਾਖਲਾ ਲਿਆ। ਇਸ ਬਾਅਦ ਬੰਬਈ ਦੂਰਦਰਸ਼ਨ ਤੇ ਮਰਾਠੀ ਖਬਰਾਂ ਪੜ੍ਹਨ ਲੱਗੀ।

ਉਸ ਦੇ ਪਿਤਾ ਸ਼ਿਵਾ ਜੀ ਰਾਓ ਪਾਟਿਲ ਮਹਾਂਰਾਸ਼ਟਰ ਦੇ ਸਾਬਕਾ ਰਾਜ ਮੰਤਰੀ ਸਨ। ਇਸ ਸਮੇਂ ਉਹ ਮਹਾਂਰਾਸ਼ਟਰ ਸਹਿਕਾਰੀ ਖੰਡ ਮਿਲ ਮਹਾ ਸੰਘ ਦੇ ਪ੍ਰਧਾਨ ਹਨ। ਮਾਤਾ ਦਾ ਨਾਂਅ ਸ੍ਰੀਮਤੀ ਵਿਦਿਆ ਪਾਟਿਲ ਹੈ ਸਮਿਤਾ ਦੀਆਂ ਦੋ ਭੈਣਾਂ ਹਨ—ਡਾ:ਸ੍ਰੀਮਤੀ ਅਨੀਤਾ ਦੇਸ਼ਮੁਖ ਅਤੇ ਸ੍ਰੀਮਤੀ ਗੀਤਾ ਜੇਠਮਲਾਨੀ।

ਸਮਿਤਾ ਦੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਅਰੁਣ ਖੋਪਕਰ ਦੀ ਪੂਨੇ ਫਿਲਮ ਸੰਸਥਾਨ ਦੀ ਡਿਪਲੋਮਾ ਫਿਲਮ 'ਤੀਸਰਾ ਮਾਧਿਅਮ' ਨਾਲ ਹੋਈ ਪਰ ਉਸ ਅੰਦਰ ਛਿਪੀ ਅਭਿਨੈ ਪ੍ਰਤਿਭਾ ਨੂੰ ਪਛਾਣਿਆ ਸ਼ਯਾਮ ਬੈਨੇਗਲ ਨੇ 'ਚਰਨਦਾਸ ਚੋਰ' ਵਿਚ। ਇਹ ਫਿਲਮ ਬੱਚਿਆਂ ਲਈ ਸੀ। ਉਸ ਪਿਛੋਂ ਸਮਿਤਾ ਹਿੰਦਾ ਸਿਨਮੇ ਵਿਚ ਉਨੌਤੀ ਬਣਕੇ ਆਈ—ਸ਼ਯਾਮ ਬੈਨੇਗਲ ਦੀ ਹੀ ਕੀਤੀ ਫਿਲਮ 'ਨਿਸ਼ਾਂਤ' ਵਿਚ। 'ਨਿਸ਼ਾਂਤ' ਪਿਛੋਂ ਸਮਿਤਾ ਨੇ ਸ਼ਯਾਮ ਬੈਨੇਗਲ ਨਾਲ 'ਮੰਥਨ' ਅਤੇ 'ਭੂਮਿਕਾ' ਕੀਤੀ। ਇਸ ਬਾਅਦ ਜੱਬਰ ਪਟੇਲ ਦੀ 'ਸੁਬ੍ਹਾ' ਅਤੇ ਮਹੇਸ਼ ਭੱਟ ਦੀ 'ਅਰਥ' ਵਿਚ ਸਮਿਤਾ ਨੇ ਆਪਣਾ ਸਹੀ ਕੱਦ ਦਿਖਾਇਆ। ਇਸ ਤੋਂ ਬਾਅਦ ਸਮਿਤਾ ਪਾਟਿਲ ਭਾਰਤ ਦੇ ਸਾਰਥਕ ਸਿਨਮਾ ਦਾ ਇਕ ਵੱਡਾ ਨਾਂਅ ਬਣ ਗਈ। ਉਸ ਦੀਆਂ ਕੁਲ ਫਿਲਮਾਂ ਦੇ ਨਾਂਅ ਇਸ ਤਰ੍ਹਾਂ ਹਨ :—

ਤੀਸਰਾ ਮਾਧਿਅਮ, ਚਰਨਦਾਸ ਚੋਰ, ਨਿਸ਼ਾਂਤ, ਮੰਥਨ, ਭੂਮਿਕਾ, ਜੈਤ ਰੇ ਜੈਤ, ਸੁਬ੍ਹਾ, ਉਂਬਰਠਾ, ਚੱਕਰ, ਅਕ੍ਰੋਸ਼, ਬਾਜ਼ਾਰ, ਗਮਨ, ਮਿਰਚ ਮਸਾਲਾ, ਭਵਾਨੀ ਭਵਾਈ, ਨਕਸਲਾਈਟ, ਅਰਥ, ਅਰਧ ਸਤਿਆ, ਤਰੰਗ, ਚਿਦੰਬਰਮ ਅਤੇ ਦੇਬ ਸ਼ਿਸ਼ੂ।

ਸਮਿਤਾ ਦੀਆਂ ਕਮਰਸ਼ੀਅਲ ਫਿਲਮਾਂ

ਮੇਰਾ ਦੋਸਤ ਮੇਰਾ ਦੁਸ਼ਮਨ, ਬਦਲੇ ਕੀ ਆਗ, ਚਟਪਟੀ, ਸ਼ਪਥ, ਦਿਲ—ਏ—ਨਾਦਾਨ, ਸ਼ਕਤੀ, ਨਮਕ ਹਲਾਲ, ਭੀਗੀ ਪਲਕੇਂ, ਘੁੰਘਰੂ, ਦਰਦ ਕਾ ਰਿਸ਼ਤਾ, ਕਯਾਮਤ, ਦਿਲਵਾਲਾ, ਫਰਿਸ਼ਤਾ, ਜਵਾਬ, ਆਨੰਦ ਔਰ ਆਨੰਦ, ਆਜ ਕੀ ਆਵਾਜ਼, ਰਾਵਣ, ਕਸਮ ਪੈਦਾ ਕਰਨੇ ਵਾਲੇ ਕੀ, ਪੇਟ ਪਿਆਰ ਔਰ ਪਾਪ, ਆਪ ਕੇ ਸਾਥ, ਅੰਮ੍ਰਿਤ, ਅਨੋਖਾ ਰਿਸ਼ਤਾ ਅਤੇ ਅੰਗਾਰੇ

ਅਧੂਰੀਆਂ ਰਹਿ ਗਈਆਂ ਫਿਲਮਾਂ

ਡਾਂਸ—ਡਾਂਸ, ਆਵਾਮ, ਵਾਰਿਸ, ਹਮ ਫਰਿਸ਼ਤੇ ਨਹੀਂ ਪੂਰੀਆਂ ਹੋ ਚੁੱਕੀਆਂ ਫਿਲਮਾਂ ਜੋ ਛੇਤੀ ਰਿਲੀਜ਼ ਹੋ ਰਹੀਆਂ ਹਨ:—ਮੇਰੇ ਸਾਥ ਚਲ, ਤੇਰੇ ਸ਼ਹਿਰ ਮੇਂ, ਨਜ਼ਰਾਨਾ, ਅੰਤ, ਠਿਕਾਨਾ, ਸੂਤਰਧਾਰ, ਗਲੀਉਂ ਕਾ ਬਾਦਸ਼ਾਹ ਅਤੇ ਸਿਤਮ।

ਸਮਿਤਾ ਨੇ ਟੀ ਵੀ ਫਿਲਮ 'ਸਦਗਤੀ' ਅਤੇ ਟੀ ਵੀ ਸੀਰੀਅਲ 'ਅਭਿਨੇਤਰੀ' ਵਿਚ ਵੀ ਕੰਮ ਕੀਤਾ।

● ਕਲਾ-ਫਿਲਮਾਂ ਦੇ ਨਾਲ ਨਾਲ ਮੈਂ ਕਮਰਸ਼ੀਅਲ ਫਿਲਮਾਂ ਇਸ ਮਕਸਦ ਲਈ ਕਰ ਰਹੀ ਹਾਂ ਕਿ ਜ਼ਿਆਦਾ ਲੋਕਾਂ ਤਕ ਮੇਰੇ ਉਦੇਸ਼ ਦੀ ਪਹੁੰਚ ਹੋ ਸਕੇ। ਮੈਂ ਆਮ ਦਰਸ਼ਕ ਦੇ ਏਨਾ ਕਰੀਬ ਪਹੁੰਚਣਾ ਚਾਹੁੰਦੀ ਹਾਂ ਕਿ ਕੋਈ ਦੂਰੀ ਨਾ ਰਹੇ।

ਇਨਸਾਨੀਅਤ ਕੇ ਦੁਸ਼ਮਣ

ਰਾਜ ਕੁਮਾਰ ਕੋਹਲੀ ਦੀ ਡਾਇਰੈਕਸ਼ਨ ਹੇਠਲੀਆਂ ਫਿਲਮਾਂ ਐਕਸ਼ਨ ਭਰਪੂਰ ਜਜ਼ਬਾਤੀ ਸੁਭਾਅ ਦੀਆਂ ਹੁੰਦੀਆਂ ਹਨ। ਨਵੀਂ ਰਿਲੀਜ਼ ਹੋਈ ਫਿਲਮ 'ਇਨਸਾਨੀਅਤ ਕੇ ਦੁਸ਼ਮਣ' ਵੀ ਇਸੇ ਕਿਸਮ ਦੀ ਹੈ। 'ਜੀਨੇ ਨਹੀਂ ਦੂੰਗਾ' ਵਾਂਗ ਕੋਹਲੀ ਦੀ ਇਸ ਫਿਲਮ ਵਿਚ ਵੀ ਬਹੁਤੇ ਪਾਤਰ ਉਚੀ ਅਵਾਜ਼ 'ਚ ਡਾਇਲਾਗ ਬੋਲਦੇ ਹਨ ਤੇ ਕਈ ਵਾਰ ਉਹ ਬੋਲਣ ਦੀ ਬਜਾਏ ਚੀਖਦੇ ਪ੍ਰਤੀਤ ਹੁੰਦੇ ਹਨ। ਭਾਵੇਂ 'ਇਨਸਾਨੀਅਤ ਕੇ ਦੁਸ਼ਮਣ' ਟਿਕਟ—ਖਿੜਕੀ ਉਪਰ ਬਹੁਤ ਹਿੱਟ ਨਹੀਂ ਹੋ ਸਕੇਗੀ ਪਰ ਆਮ ਦਰਸ਼ਕ ਦੇ ਸੁਭਾਅ ਦੇ ਅਨੁਕੂਲ ਹੋਣ ਕਰ ਕੇ ਫੇਲ੍ਹ ਵੀ ਨਹੀਂ ਹੋਵੇਗੀ।

ਜਦੋਂ ਇਹ ਫਿਲਮ ਬਣ ਰਹੀ ਸੀ ਤਾਂ ਚਰਚਾ ਸੀ ਕਿ ਰੇਪ ਸੀਨਾਂ ਨੂੰ ਵਾਹਵਾ ਮਟਕਾਇਆ ਤੇ ਲਮਕਾਇਆ ਗਿਆ ਹੈ ਪਰ ਹੁਣ ਫਿਲਮ ਦੇਖਣ ਉਪਰੰਤ ਅਜਿਹਾ ਕੁਝ ਨਹੀਂ ਲੱਭਿਆ। ਸੈਂਸਰ ਵਾਲਿਆਂ ਦੀ 'ਬੇਰਹਿਮੀ' ਵਿਰੁੱਧ ਕੋਹਲੀ ਇਕ ਤੋਂ ਵੱਧ ਵਾਰ ਬਿਆਨ ਦੇ ਚੁੱਕਾ ਹੈ।

ਸ਼ਕਤੀ ਕਪੂਰ, ਅਮਜ਼ਦ ਖਾਨ ਤੇ ਸ਼ਤਰੂਘਨ ਸਿਨਹਾ ਨੂੰ ਮਨੁੱਖਤਾ ਦੇ ਵੈਰੀ ਬਣਾ ਕੇ ਪੇਸ਼ ਕੀਤਾ ਹੈ। ਸ਼ਕਤੀ ਦੋ ਨੰਬਰ ਦੇ ਕੰਮ ਕਰਦਾ ਹੈ, ਉਹ ਅਨੀਤਾ ਰਾਜ ਨੂੰ ਨਾਟਕੀ ਢੰਗ ਨਾਲ ਰੇਪ ਕਰਦਾ ਹੈ ਤੇ ਉਸ ਦਾ ਪਿਓ ਅਮਜਦ, ਪੁੱਤ ਨੂੰ ਜੇਲ੍ਹ ਤੋਂ ਬਚਾਉਣ ਲਈ ਸਿਰਕੱਢ ਵਕੀਲ ਸ਼ਤਰੂਘਨ ਨੂੰ ਦੁੱਗਣੀ ਫੀਸ ਦੇ ਕੇ ਗੰਢ ਲੈਂਦਾ ਹੈ। ਪਰ ਪੁਲੀਸ ਅਫਸਰ ਧਰਮਿੰਦਰ ਤੇ ਅਨੀਤਾ ਦੇ ਭਰਾ ਰਾਜ ਬੱਬਰ ਵੱਖ ਵੱਖ ਢੰਗਾਂ ਨਾਲ ਸ਼ਕਤੀ ਕਪੂਰ ਤੋਂ ਬਦਲਾ ਲੈਂਦੇ ਹਨ। ਉਹ ਦੋਹੇਂ ਬਦਲੇ ਦੀ ਅੱਗ ਵਿਚ ਸੜਦੇ ਹੋਏ ਕਾਨੂੰਨ ਤੇ ਸਿਸਟਮ ਨੂੰ ਲਿਤਾੜ ਦਿੰਦੇ ਹਨ। ਅਗਾਂਹ ਜਾ ਕੇ ਸ਼ਤਰੂਘਨ ਦਾ ਰੋਲ ਕਰੈਕਟਰ—ਰੋਲ ਵਿਚ ਤਬਦੀਲ ਹੋ ਜਾਂਦਾ ਹੈ। ਸ਼ਤਰੂਘਨ ਤੇ ਰਾਜ ਬੱਬਰ ਦੀ ਅਦਾਲਤ ਵਿਚ ਵਕਾਲਤੀ—ਲੜਾਈ ਦਿਲਚਸਪ ਹੈ ਪਰ ਲੰਮੇ ਲੰਮੇ ਸੀਨ ਅਕੇਵਾਂ ਵੀ ਪੈਦਾ ਕਰਦੇ ਹਨ। ਧਰਮਿੰਦਰ ਸਮੁੱਚੇ ਰੋਲ ਵਿਚ ਫਿਲਮ ਦੀ ਜਿੰਦਜਾਨ ਬਣਦਾ ਹੈ। ਅਮਜਦ ਖਾਨ ਦਾ ਰੋਲ ਛੋਟਾ ਹੈ ਤੇ ਉਂਝ ਵੀ ਵਾਧੂ—ਵਾਧੂ ਜਿਹਾ ਲਗਦਾ ਹੈ। ਸ਼ਕਤੀ ਕਪੂਰ ਫੇਰ ਇਕ ਵਾਰ ਚੰਗੇ ਨੰਬਰ ਲੈ ਗਿਆ। ਕਾਦਰਖਾਨ ਠੀਕ—ਠੀਕ ਰਿਹਾ। ਅਨੀਤਾ ਰਾਜ ਤੇ ਡਿੰਪਲ ਕਪਾਡੀਆ ਨੂੰ ਆਪਣੀ ਅਦਾਕਾਰੀ ਦਿਖਾਉਣ ਦੇ ਬਹੁਤੇ ਮੌਕੇ ਨਹੀਂ ਮਿਲੇ। ਨਵਾਂ ਮੁੰਡਾ ਸੁਮੀਤ ਸਹਿਗਲ ਆਸ ਬੰਨ੍ਹਾਉਂਦਾ ਹੈ ਕਿ ਭਵਿੱਖ 'ਚ ਚੰਗਾ ਐਕਟਰ ਬਣ ਜਾਵੇਗਾ। ਇਸ ਵਾਰ ਏਨਾ ਹੀ ਬਹੁਤ ਹੈ ਕਿ ਧਰਮਿੰਦਰ ਤੇ ਰਾਜ ਬੱਬਰ ਵਰਗਿਆਂ ਦੇ ਸਾਹਮਣੇ ਉਹ ਹਲਕਾ ਨਹੀਂ ਪਿਆ।

ਡਾਂਸ ਡਾਇਰੈਕਟਰ ਨੇ ਅਨੀਤਾ ਰਾਜ—ਸੁਮੀਤ ਸਹਿਗਲ ਅਤੇ ਡਿੰਪਲ—ਰਾਜ ਬੱਬਰ ਦੇ ਨਾਚਾਂ ਸਮੇਂ ਸਾਰਿਆਂ ਤੋਂ ਸੈਕਸੀ ਅਦਾਵਾਂ ਕਰਵਾਈਆਂ ਹਨ ਜੋ ਕਈ ਵਾਰੀ ਅਸ਼ਲੀਲਤਾ ਦੀ ਕੰਧ ਵੀ ਟੱਪ ਜਾਂਦੀਆਂ ਹਨ। ਫਿਲਮ ਦੇ ਗੀਤ—ਸੰਗੀਤ 'ਚ ਕੋਈ ਖਾਸ ਖਿਚ ਨਹੀਂ।

ਇਕੋ ਫਿਲਮ ਵਿਚ ਦਰਜਨ ਭਰ ਕਲਾਕਾਰਾਂ ਨੂੰ ਸੰਤੁਲਤ ਢੰਗ ਨਾਲ ਪਰੋਣਾ ਸਲੀਮ—ਜਾਵੇਦ ਵਰਗਿਆਂ ਲਈ ਤਾਂ ਖੱਬੇ ਹੱਥ ਦਾ ਕੰਮ ਹੁੰਦਾ ਸੀ ਪਰ 'ਇਨਸਾਨੀਅਤ ਕੇ ਦੁਸ਼ਮਣ' ਦੀ ਪਟਕਥਾ ਲਿਖਣ ਵਾਲੇ ਚਾਰਨਦਾਸ ਸ਼ੋਖ ਅਤੇ ਲਲਿਤ ਮਹਾਜਨ ਦੇ ਇਹ ਵੱਸ ਦਾ ਰੋਗ ਨਹੀਂ ਜਾਪਦਾ। ਤਦੇ ਤਾਂ ਧਰਮਿੰਦਰ, ਸ਼ਕਤੀ ਕਪੂਰ, ਅਰੁਣਾ ਇਰਾਨੀ, ਸੁਮੀਤ ਸਹਿਗਲ ਤੇ ਅਨੀਤਾ ਰਾਜ ਨੂੰ ਕੁਝ ਕੁਝ ਵਕਫੇ ਪਾ ਕੇ ਮਾਰ ਦਿੱਤਾ ਗਿਆ ਜਦ ਕਿ ਅਮਜਦ ਖਾਨ, ਕਾਦਰ ਖਾਨ ਤੇ ਓਮ ਪ੍ਰਕਾਸ਼, ਇਫਤੇਖਾਰ ਦੀਆਂ ਭੂਮਿਕਾਵਾਂ ਨੂੰ ਵਿਚ—ਵਿਚਾਲੇ ਛੱਡ ਦਿੱਤਾ ਗਿਆ ਤੇ ਡਿੰਪਲ ਵਰਗੀ ਦਮੱਲੇਦਾਰ ਐਕਟਰੈਸ ਦੀ ਸੁਚੱਜੀ ਵਰਤੋਂ ਨਹੀਂ ਕੀਤੀ ਗਈ

ਕੌਮਾਂਤਰੀ ਉਡਾਣਾਂ ਉਡੀਕਦਾ ਹਵਾਈ ਅੱਡਾ

ਅੰਮ੍ਰਿਤਸਰ— ਅੰਮ੍ਰਿਤਸਰ ਦਾ ਰਾਜਾ ਸਾਂਸੀ ਹਵਾਈ ਅੱਡਾ, ਜੋ ਪੰਜ ਸਾਲ ਪਹਿਲਾਂ ਏਅਰ ਇੰਡੀਆ ਦੇ ਬੋਇੰਗ 797 ਦੀ ਬਰਤਾਨੀਆ ਲਈ ਉਡਾਣ ਦੇ ਸ਼ੁਰੂ ਹੋਣ ਨਾਲ ਕੌਮਾਂਤਰੀ ਹਵਾਈ ਉਡਾਣਾਂ ਦੇ ਨਕਸ਼ੇ 'ਤੇ ਉਭਰਿਆ ਸੀ, ਹੁਣ ਆਪਣੀ ਮਹੱਤਤਾ ਗੁਆ ਚੁੱਕਾ ਹੈ। ਬੰਬਈ ਤੋਂ ਚਲ ਕੇ ਮਾਸਕੋ ਰਾਹੀਂ ਬਰਮਿੰਘਮ ਪਹੁੰਚਣ ਵਾਲੀ ਉਡਾਣ "ਨੀਲਾ ਤਾਰਾ" ਕਾਰਵਾਈ ਪਿਛੋਂ ਹੁਣ ਤਕ ਦੁਬਾਰਾ ਸ਼ੁਰੂ ਨਹੀਂ ਹੋਈ। ਇਹ ਉਡਾਣ ਹਫਤੇ ਵਿਚ ਦੋ ਵਾਰੀ ਹੁੰਦੀ ਸੀ। 144 ਮੁਸਾਫਰਾਂ ਵਾਲੇ ਇਸ ਜਹਾਜ਼ ਵਿਚ ਅੰਮ੍ਰਿਤਸਰ ਨੂੰ 30 ਸੀਟਾਂ ਅਲਾਟ ਹੋਈਆਂ ਸਨ।

ਸ਼੍ਰੋਮਣੀ ਅਕਾਲੀ ਦਲ ਦੀ ਮੰਗ 'ਤੇ ਜਨਵਰੀ 1962 ਵਿਚ ਸ਼ੁਰੂ ਹੋਈ ਇਹ ਉਡਾਣ ਬੜੀ ਹੀ ਹਰਮਨ ਪਿਆਰੀ ਹੋਈ ਸੀ ਅਤੇ ਹਰ ਉਡਾਣ ਵਿਚ ਅੰਮ੍ਰਿਤਸਰ ਤੋਂ ਜਾਣ ਜਾਂ ਇਥੇ ਆਉਣ ਵਾਲੇ ਮੁਸਾਫਰਾਂ ਦੀ ਔਸਤ 25 ਹੁੰਦੀ ਸੀ। ਸਰਦੀਆਂ ਦੇ ਦਿਨਾਂ ਵਿਚ, ਜਦੋਂ ਇੰਗਲੈਂਡ ਵਿਚ ਛੁੱਟੀਆਂ ਹੁੰਦੀਆਂ ਹਨ, ਇਹ ਗਿਣਤੀ ਹੋਰ ਵੀ ਵੱਧ ਜਾਂਦੀ ਸੀ, ਸਗੋਂ ਕਈ ਵਾਰੀ ਇਥੇ ਆਉਣ ਵਾਲੇ ਮੁਸਾਫਰਾਂ ਵਾਸਤੇ ਸੀਟਾਂ ਦਾ ਪ੍ਰਬੰਧ ਕਰਨਾ ਔਖਾ ਹੋ ਜਾਂਦਾ ਸੀ। ਭਾਵੇਂ ਪਾਲਮ ਤੋਂ ਹੀਥਰੋ (ਲੰਦਨ) ਦੇ ਹਵਾਈ ਅੱਡੇ ਅਤੇ ਅੰਮ੍ਰਿਤਸਰ ਤੋਂ ਬਰਮਿੰਘਮ ਦੇ ਕਿਰਾਏ ਵਿਚ ਥੋੜ੍ਹਾ ਜਿਹਾ, ਭਾਵ 200 ਰੁਪਏ ਦਾ ਹੀ ਫਰਕ ਸੀ, ਤਾਂ ਵੀ ਪੰਜਾਬ ਅਤੇ ਗਵਾਂਢੀ ਰਾਜ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਮੁਸਾਫਰ ਅੰਮ੍ਰਿਤਸਰ ਹੀ ਉਤਰਨਾ ਪਸੰਦ ਕਰਦੇ ਸਨ।

ਇਸ ਜਹਾਜ਼ ਵਿਚ "ਕਾਰਗੋ" ਸਰਵਿਸ ਹੋਣ ਕਾਰਨ ਪੰਜਾਬ, ਹਿਮਾਚਲ ਅਤੇ ਜੰਮੂ-ਕਸ਼ਮੀਰ ਦੇ ਵਪਾਰੀਆਂ ਅਤੇ ਸਨਅਤਕਾਰਾਂ ਨੂੰ ਕਾਫੀ ਸਹੂਲਤ ਹੋ ਗਈ ਸੀ ਜਿਸ ਨਾਲ ਦਰਾਮਦ ਵਿਚ ਕੁਝ ਵਾਧਾ ਵੀ ਹੋਇਆ ਸੀ।

"ਧਰਮਯੁੱਧ" ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਅੰਮ੍ਰਿਤਸਰ ਹਵਾਈ ਅੱਡੇ ਨੂੰ ਕੌਮਾਂਤਰੀ ਹਵਾਈ ਅੱਡੇ ਦਾ ਦਰਜਾ ਦੇਣਾ ਭਾਵੇਂ ਅਕਾਲੀ ਦਲ ਦੀ ਇਕ ਮੁੱਖ ਮੰਗ ਸੀ, ਹੈਰਾਨੀ ਵਾਲੀ ਗੱਲ ਹੈ ਕਿ "ਨੀਲਾ ਤਾਰਾ" ਕਾਰਵਾਈ ਪਿਛੋਂ ਅਕਾਲੀ ਦਲ, ਪੰਜਾਬ ਸਰਕਾਰ ਜਾਂ ਕਿਸੇ ਹੋਰ ਸੰਸਥਾ ਨੇ ਇਕ ਵਾਰੀ ਵੀ ਇਹ ਕੌਮਾਂਤਰੀ ਉਡਾਣ ਮੁੜ ਸ਼ੁਰੂ ਕਰਨ ਲਈ ਜ਼ੋਰ ਨਹੀਂ ਪਾਇਆ।

CLASSIFIED

Matrimonial

ਪੱਕੇ ਕੰਮ ਤੇ ਲੱਗੇ ਹੋਏ 36 ਸਾਲਾ ਨੌਜਵਾਨ ਲਈ ਲੜਕੀ ਦੀ ਲੋੜ ਹੈ। ਉਸ ਕੋਲ ਆਪਣਾ ਘਰ ਹੈ ਅਤੇ ਤਲਾਕਸ਼ੁਦਾ ਹੈ। ਬਾਕੀ ਸਾਰਾ ਪ੍ਰਵਾਰ ਪੂਰੀ ਤਰ੍ਹਾਂ ਕੈਨੇਡਾ ਵਿਚ ਹੀ ਸੈਟਲ ਹੈ। ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰ ਕਰਨ ਦਾ ਹਾਮੀ ਹੈ।

ਹੋਰ ਜਾਣਕਾਰੀ ਲਈ ਇਸ ਪਤੇ ਉਤੇ ਖਤ ਲਿਖ ਸਕਦੇ ਹੋ:

BSM (206)
C/o The Canada Darpan
P.O. BOX 265
Surrey, B.C. V3T 4W8

ਮੈਟਰੀਮੋਨੀਅਲ

ਜੱਟ ਸਿੱਖ ਲੜਕਾ ਉਮਰ 20 ਸਾਲ, ਕੱਦ 6 ਫੁੱਟ ਜੋ ਕਿ ਇੰਗਲੈਂਡ ਦਾ ਜੰਮਪਲ ਹੈ ਅਤੇ ਇੰਗਲੈਂਡ ਵਿਚ ਹੀ 'O' ਲੈਵਲ ਦੀ ਪੜ੍ਹਾਈ ਕੀਤੀ ਹੈ, ਲਈ ਕਨੇਡੀਅਨ ਸਿਟੀਜ਼ਨ ਜਾਂ ਇਮੀਗਰੇਂਟ ਲੜਕੀ ਦੀ ਲੋੜ ਹੈ।

ਲੜਕੇ ਦਾ ਪਿਤਾ ਕਨੇਡਾ ਵਿਚ ਬਿਜ਼ਨਸ ਕਰਨਾ ਚਾਹੁੰਦਾ ਹੈ। ਖਤ ਪੱਤਰ ਹੇਠ ਲਿਖੇ ਪਤੇ 'ਤੇ ਕਰੋ:

K.G. (221)
C/o CANADA DARPAN
Box 265
Surrey, B.C. V3T 4W8

Matrimonial

Match for a 35 years old 5'-10" handsome and Canadian Immigrant boy. He has his own business. Family owns good rural and urban property in India. Write particulars at the following address.

J.S.B. (216)
C/o The Canada Darpan
P.O.BOX 265
Surrey, B.C. V3T 4W8

ਮੈਟਰੀਮੋਨੀਅਲ

ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਲੜਕਾ, ਉਮਰ 26 ਸਾਲ ਕੱਦ 6'-1" ਜੋ ਕਿ ਯੂਨੀਵਰਸਿਟੀ (ਬੀ. ਸੀ.) ਦਾ ਗਰੈਜੂਏਟ ਹੈ, ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ।

ਲੜਕੇ ਦਾ ਸਾਰਾ ਪ੍ਰਵਾਰ ਕੈਨੇਡਾ ਵਿਚ ਚੰਗੀ ਤਰ੍ਹਾਂ ਸੈਟਲ ਹੈ।

K.G. (222)
C/o CANADA DARPAN
Box 265
Surrey, B.C. V3T 4W8

ਕਿਰਾਏ ਲਈ ਖਾਲੀ

ਦੋ ਬੈੱਡਰੂਮ ਦੀ ਸੁਈਟ ਰਿਚਮੰਡ ਵਿਚ ਖਾਲੀ ਹੈ। ਜਿ ਵਿਚ Kitchen, full washroom ਬਣਿਆ ਹੈ। ਜੋ ਕਿ ਕੈਂਬੀ ਅਤੇ ਨੰਬਰ 5 ਰੋਡ, ਸਕੂਲ ਅਤੇ ਬੱਸ ਸਟਾਪ ਦੇ ਨਜ਼ਦੀਕ ਹੋਰ ਜਾਣਕਾਰੀ ਲਈ ਫੋਨ ਕਰੋ:—

Ph. 270-1529

Matrimonial

Suitable match for a Sikh Khatri Boy 28 year, 6', handsome good looking, Canadian citizen. No bar.

P.O. Box 873
New Westminister, B.C.
V3L 4Z8

GILL AUTO SALES

ਗਿੱਲ ਆਟੋ ਸੇਲਜ਼

DLR #8220

'ਤੇ ਪਹੁੰਚੋ

ਕਾਰਾਂ, ਵੈਨਾਂ ਜਾਂ ਪਿਕ ਅੱਪ ਖ੍ਰੀਦੋ

QUALITY USED CARS

ਹਰ ਮੇਕ ਦੀ ਨਵੀਂ ਕਾਰ ਖ੍ਰੀਦਣ ਤੋਂ ਪਹਿਲਾਂ ਸੈਂਕੜੇ ਹੀ ਡਾਲਰ ਬਚਾਉਣ ਲਈ ਸਾਨੂੰ ਸਲਾਹ ਲਈ ਮਿਲੋ ਜਾਂ ਫੋਨ ਕਰੋ


For Your Next New or Used Car Contact Us. Best Value For Used Car.

Contact :

P.S. Gill OR Surinder Singh



80 CADILLAC SeVille, Diesel, loaded, $9150



76 CADILLAC Eldorado, black, red leather interior, loaded, beauty $5495




81 MUSTANG Cobra A/T ps pb am fm casstte T-bar roof, mint condition only $7550



79 HONDA Prelude, A/T am fm cassette, sunroof $3295



79 HONDA Civic H/B 5 spd. mint condition $2695



80 FIREBIRD Formula ps pb p door a/c tilt cruise, am fm casstte, T-roof low mileage $5995



81 MUSTANG Ghia AT ps pb am fm casstte sunroof $4250

Special This Week

84 DODGE ARIES 2 DR AUTO P/S P/B AIR CONDITON $6250[00]

75 MERCEDES - AUTO 4 DR $ 9550


1980 FORMULA - A/T - P/S - P/B - P/W P/L TILT CRUISE - P/TRUNK - AIR & T BAR ROOF

SPECIAL $5995[00]

5[00]



1986 CHEV CAPRICE CLASSIC, 4 dr. auto., ps, pb, pw, pdl, p. seats, air cond., tilt, cruise, only 19,000 kms. Super Buy $13,950



1984 OLDS CUTLASS BROUGHAM, 2 dr., am-fm cass., split seat, mint cond. $9950




1983 BUICK REGAL LTD. 2 dr., auto., ps, pb, pdl., tilt, cruise, air, am-fm cass., moonroof, mint cond. $9950



1984 MAZDA RX7 GSL, auto., loaded. $13,950



1983 PONTIAC GRAND LEMANS, 4 dr., ps, pb, air, am-fm cass., min $7750



1981 PONTIAC LEMANS, 4 dr., auto., ps, pb, air cond., am-fm cass. ONLY $4250

MANY OTHER QUALITY CARS & VANS TO CHOOSE FROM

6138 KINGSWAY

(Between Gilly & Imperial)

Ph. 432-7333